# AMAN TRAVEL
# ਅਮਨ ਟਰੈਵਲ

SPECIAL FARES TO DELHI & AMRITSAR

TICO # 50022741



LAST MINUTE DEALS AVAILABLE

GAURAV GUPTA
905.796.3535


ਦੇਸ਼ ਵਿਦੇਸ਼ ਜਾਣ ਸਮੇਂ ਸਸਤੀਆਂ ਹਵਾਈ ਟਿਕਟਾਂ ਅਤੇ ਭਰੋਸੇਮੰਦ ਸਰਵਿਸ ਲੈਣ ਲਈ ਕਾਲ ਕਰੋ

218 KINGKNOLL DR., BRAMPTON, ON L6Y 4X4

# ਟੱਰਕ ਤੇ ਟ੍ਰੇਲਰ ਰਿਪੇਅਰ ਸ਼ਾਪ ਨੂੰ ਮਕੈਨਿਕਾਂ ਦੀ ਲੋੜ ਹੈ

Minimum 1 year experience & Trained mechanic

- 6 ਦਿਨ ਕੰਮ ਸੋਮਵਾਰ ਤੋਂ ਸ਼ਨੀਵਾਰ
- Biweekly payment
- Homely Environment
- ਵਧੀਆ ਤਨਖਾਹ



Also need Body Shop Mechanic

ਵਧੇਰੀ ਜਾਣਕਾਰੀ ਲਈ ਸੰਪਰਕ ਕਰੋ:
647.533.1100/416.278.7181 (9am to 6pm)

ਸਾਡੇ ਕੋਲ Brampton ਵਿਚ ਬਿਲਡਰ ਦੇ ਨਵੇਂ ਬਣੇ ਕੁੱਝ ਘਰ Sale ਲਈ ਹਨ। 90 ਦਿਨ ਦੀ Closing.



25 Picasso Dr

## HOUSE FOR SALE IN CASTLEMORE

ਬਰੈਂਪਟਨ ਦੇ ਕੈਸਲਮੋਅਰ ਏਰੀਆ ਵਿਚ 3000sqft ਦਾ ਅਪਗ੍ਰੇਡ ਕੀਤਾ ਗਿਆ ਘਰ। ਇਸ ਵਿੱਚ 5+2 ਬੈੱਡਰੂਮ ਅਤੇ 6 ਬਾਥਰੂਮ ਹਨ। Seperate Entry ਨਾਲ ਬੇਸਮੈਂਟ ਪੂਰੀ ਤਰ੍ਹਾਂ ਤਿਆਰ ਹੈ। ਸਾਰੇ ਘਰ ਵਿਚ ਹਾਰਡਵੁੱਡ ਪਈ ਹੈ। Front ਤੇ ਨਵੀਂ ਸਟੋਨ ਅਤੇ Stucco ਕੀਤੀ ਗਈ ਹੈ। ਨਵੀਆਂ ਗੈਰਾਜ ਡੋਰਾਂ। ਵੱਡੀ ਕਿਚਨ। ਬੈਕ ਤੇ ਵੱਡਾ ਡੈੱਕ ਅਤੇ Patio. ਸਾਰੇ ਘਰ ਦੇ ਦੁਆਲੇ ਸਟੈਂਪ ਕੰਕਰੀਟ ਹੈ। 4 ਕਾਰ ਦਾ Driveway ਬਿਨਾਂ ਸਾਈਡ ਵਾਕ ਤੋਂ। ਬੇਸਮੈਂਟ ਵਿੱਚ ਅਲੱਗ 2 ਹਿੱਸੇ ਬਣੇ ਹੋਏ ਹਨ। ਸਾਰੇ ਗ੍ਰੇਡ ਦੇ ਸਕੂਲਾਂ ਦੇ ਨੇੜੇ। Hwy 50 & Cottrelle Intersection. 45x92 ਫੁੱਟ ਦਾ ਪਲਾਟ। ਸਿਰਫ 6 ਸਾਲ ਨਵੇਂ ਘਰ ਨੂੰ ਦੇਖਣ ਲਈ ਅੱਜ ਹੀ ਕਾਲ ਕਰੋ।।

HURRY ! Limited Time

$1.99 Million



15 Harry Parker Pl, Everett

**Custom Bungalow** In Everett-Estates on a 1.61 Acre Lot., 3+2 Bedrooms & 4 Washrooms. 3 Garages. Alliston City ਦੇ ਬਿਲਕੁਲ ਨਾਲ. Pool & Cabanas. Fully Upgraded Worth of $150K In Upgrades. Brampton ਤੋਂ ਸਿਰਫ 40 ਮਿੰਟ ਦੀ ਦੂਰੀ ਤੇ ਸਥਿਤ ਇਸ ਵਧੀਆ ਬੰਗਲੋ ਨੂੰ ਦੇਖਣ ਲਈ ਅੱਜ ਹੀ ਕਾਲ ਕਰੋ।

Jagraj Sekhon, Sales Representative — Dir: 416-562-1176

Century 21 People's Choice Realty Inc, Brokerage

Dhanwant Gosal, Broker — Dir: 416-277-4153

TOTAL HOME Windows & Doors
ਮੰਨ ਪਸੰਦ ਦੀਆਂ ਖਿੜਕੀਆਂ ਤੇ ਦਰਵਾਜੇ ਲਗਵਾਉ ਤੇ ਢੇਰ ਸਾਰੀ ਬਚਤ ਪਾਓ!

## WINTER & SPRING SPECIAL SALE

- WINDOWS
- FIBERGLASS DOORS
- STEEL DOORS
- SLIDING PATIO DOORS

Guaranteed lowest Price up to 50% OFF

- Honest & fair prices
- Professional installation
- High quality products
- First class service

For 5 Stars Reviews Online & Testimonial visit: https://thwindowsdoors.com/testimonials/



Phone: 416-661-6666 | Toll Free: 1-855-550-0610
7250 Keele street, Unit 167, Vaughan, ON. L4K 1Z8
Email: info@thwindowsdoors.com | Web: thwindowsdoors.com

NEW

NATION-WIDE. NO ZONES.
TALK, TEXT & DATA PLANS
$35/MO.

Data everywhere.
No surprise charges anywhere.

chatr™ AUTHORIZED DEALER

379 Main St. North, Brampton, ON
905-451-0379

2456 Lake shore Blvd W., Etobicoke, ON

Taxes extra. Offer subject to change without notice. Get up to 1GB of data on the Talk, Text and Data Plan. Once you reach your 3G speed data allotment, your data speed will be reduced until your next anniversary date. ™ Trademarks used under license ©2019

## ਅ ਅੱਜ ਨਾਮਾ

ਜ਼ਿੰਮਾ ਮੰਨ ਲਿਆ ਚੋਣਾਂ ਦੀ ਹਾਰ ਵਾਲਾ,
ਗਿਆ ਹੈ ਜਾਖੜ ਪ੍ਰਧਾਨਗੀ ਛੱਡ ਮੀਆਂ।
ਮਿਹਣੇ ਦੇਈ ਸਨ ਉਹੋ ਜਿਹੇ ਲੋਕ ਜਾਂਦੇ,
ਜਿਹੜੇ ਸਿਖਰ ਦੇ ਜਾਪਣ ਉਜੱਡ ਮੀਆਂ।
ਫਿਲਮ ਸਟਾਰਾਂ ਦੇ ਨਾਲ ਜਦ ਭੇੜ ਹੁੰਦਾ,
ਫਸਦੀ ਚਿੱਕੜ ਦੇ ਵਿੱਚ ਹੈ ਗੱਡ ਮੀਆਂ।
ਵੱਡੇ ਲੀਡਰ ਕਈ ਚੋਣਾਂ ਹਨ ਹਾਰ ਜਾਂਦੇ,
ਟੱਪੀ ਜਾਖੜ ਤੋਂ ਗਈ ਨਹੀਂ ਖੱਡ ਮੀਆਂ।
ਫਿਰ ਵੀ ਲਿਆ ਈ ਜਾਖੜ ਨੇ ਚੁੱਕ ਜ਼ਿੰਮਾ,
ਗਿਆ ਈ ਛੱਡ ਪ੍ਰਧਾਨੀ ਉਹ ਆਪ ਮੀਆਂ।
ਕਿਉਂ ਨਾ ਹੋਰ ਵੀ ਇਹੋ ਅਹਿਸਾਸ ਕਰਦੇ,
ਕੀਤੇ ਬਹੁਤ ਕਈ ਲੋਕਾਂ ਹਨ ਪਾਪ ਮੀਆਂ।

ਤੀਸ ਮਾਰ ਖਾਂ

# ਕਰਤਾਰਪੁਰ ਲਾਂਘੇ ਬਾਰੇ ਭਾਰਤ-ਪਾਕਿ ਅਧਿਕਾਰੀਆਂ ਦੀ ਮੀਟਿੰਗ ਬੇਨਤੀਜਾ ਰਹੀ



ਡੇਰਾ ਬਾਬਾ ਨਾਨਕ, 27 ਮਈ, (ਪੋਸਟ ਬਿਊਰੋ)- ਭਾਰਤ ਅਤੇ ਪਾਕਿਸਤਾਨ ਦੇ ਅਧਿਕਾਰੀਆਂ ਵਿਚਾਲੇ ਅੱਜ ਸੋਮਵਾਰ ਨੂੰ ਗੁਰਦੁਆਰਾ ਕਰਤਾਰਪੁਰ ਸਾਹਿਬ ਤੱਕ ਲਾਂਘੇ ਬਾਰੇ ਗੱਲਬਾਤ ਲਈ ਜ਼ੀਰੋ ਲਾਈਨ ਉੱਤੇਹੋਈ ਬੈਠਕ ਕੋਈ ਸਿੱਟਾ ਕੱਢਣ ਵਾਲੀ ਨਹੀਂ ਰਹੀ। ਇਸ ਬੈਠਕ ਵਿਚ ਦੋਹਾਂ ਦੇਸ਼ਾਂ ਵਿਚਾਲੇ ਬਣਨ ਵਾਲੇ ਕਰਤਾਰਪੁਰ ਲਾਂਘੇ ਦੇ ਕੰਮ ਬਾਰੇ ਗੱਲਬਾਤ ਹੋਈ, ਪਰ ਕਈ ਗੱਲਾਂ ਦੇ ਲਈ ਮੱਤਭੇਦ ਕਾਇਮ ਰਹੇ ਹਨ।

ਇਸ ਸੰਬੰਧ ਵਿੱਚ ਦੱਸਿਆ ਗਿਆ ਹੈ ਕਿ ਬੈਠਕ ਵਿੱਚ ਭਾਰਤੀ ਅਧਿਕਾਰੀਆਂ ਨੇ ਸਰਹੱਦ ਨੇੜੇ ਕੰਟਰੋਲ ਰੇਖਾ ਤੋਂ ਲੈ ਕੇ ਜ਼ੀਰੋ ਲਾਈਨ ਤਕ ਪੁਲ ਬਣਾਉਣ ਦੀ ਮੰਗ ਰੱਖੀ ਤਾਂ ਇਸ ਨੂੰ ਪਾਕਿਸਤਾਨੀ ਟੀਮ ਨੇ ਠੁਕਰਾ ਦਿਤਾ ਤੇ ਉਹ ਵਾਪਸ ਚਲੇ ਗਏ। ਅੱਜ ਦੀ ਬੈਠਕ ਵਿੱਚ ਦੋਵਾਂ ਦੇਸ਼ਾਂ ਦੇ 9-9 ਅਧਿਕਾਰੀ ਸ਼ਾਮਲ ਸਨ। ਭਾਰਤ ਵਲੋਂ ਹਾਈਵੇਅ ਅਥਾਰਿਟੀ ਆਫ ਇੰਡੀਆ, ਲੈਂਡ ਪੋਰਟ ਅਥਾਰਿਟੀ ਆਫ ਇੰਡੀਆ, ਬਾਰਡਰ ਸਕਿਓਰਟੀ ਫੋਰਸ ਦੇ ਅਧਿਕਾਰੀ ਸ਼ਾਮਲ ਸਨ।

ਇਸ ਦੌਰਾਨ ਪਤਾ ਲੱਗਾ ਹੈ ਕਿ ਪਾਕਿਸਤਾਨੀ ਜਾਂਚ ਏਜੰਸੀ ਨੂੰ ਕਰਤਾਰਪੁਰ ਸਾਹਿਬ ਲਾਂਘੇ ਤੋਂ ਇਮੀਗ੍ਰੇਸ਼ਨ ਦੀਆਂ ਸੇਵਾਵਾਂ ਚਾਲੂ ਕਰਨ ਲਈ ਉਨ੍ਹਾਂ ਦੀ ਸਰਕਾਰ ਭਾਰਤੀ ਕਰੰਸੀ ਦੇ 54 ਕਰੋੜ ਰੁਪਏ ਦੇ ਬਰਾਬਰ ਫ਼ੰਡ ਨਵੰਬਰ 2019 ਤੋਂ ਪਹਿਲਾਂ ਜਾਰੀ ਕਰ ਰਹੀ ਹੈ। ਇਸ ਨਾਲ ਸੰਬੰਧਤ ਪਾਕਿਸਤਾਨੀ ਵਿਭਾਗ ਦੇ ਅਫਸਰਨੇ ਇਹ ਸੂਚਨਾ ਇਸਲਾਮਾਬਾਦ ਵਿੱਚ ਵਿਦੇਸ਼ ਮੰਤਰਾਲੇ, ਸਥਾਪਨਾ ਵਿਭਾਗ ਅਤੇ ਵਿੱਤ ਮੰਤਰਾਲੇ ਦੇ ਸਕੱਤਰਾਂ ਨੂੰ ਜਾਰੀ ਕੀਤੀ ਹੈ। ਦੱਸਿਆ ਗਿਆ ਹੈ ਕਿ ਜਾਂਚ ਏਜੰਸੀ ਐੱਫ ਆਈਏ ਨੇ ਕਰਤਾਰਪੁਰ ਸਾਹਿਬ ਲਾਂਘੇ ਉੱਤੇ ਭਾਰਤ ਵੱਲੋਂ ਪਾਕਿਸਤਾਨ ਦੇ ਜ਼ਿਲ੍ਹਾ ਨਾਰੋਵਾਲ ਵਿਚਲੇ ਗੁਰਦੁਆਰਾ ਸ੍ਰੀ ਦਰਬਾਰ ਸਾਹਿਬ ਕਰਤਾਰਪੁਰ ਦੇ ਦਰਸ਼ਨਾਂ ਨੂੰ ਜਾਂਦੇ ਲੋਕਾਂ ਦੀ ਇਮੀਗੇਸ਼ਨ ਦੇ ਕੰਮਾਂ ਲਈ ਬਣਨ ਵਾਲੇ ਟਰਮੀਨਲ, ਕੈਮਰੇ, ਪਾਸਪੋਰਟ ਸਕੈਨਰ, ਪੱਖੇ, ਜਨਰੇਟਰ, ਉਵਲ, ਸਾਫ ਪਾਣੀ ਅਤੇ ਐੱਫ ਆਈਏ ਦੇ ਅਫਸਰਾਂ ਅਤੇ ਸੁਰੱਖਿਆ ਸਟਾਫ ਦੀਆਂ ਤਨਖ਼ਾਹਾਂ ਆਦਿ ਲਈ 61 ਕਰੋੜ ਰੁਪਏ ਦੀ ਮੰਗ ਕੀਤੀ ਸੀ, ਪਰ ਸਰਕਾਰ ਨੇ 217 ਮੁਲਾਜ਼ਮਾਂ ਦੀ ਨਿਯੁਕਤੀ ਮਨਜ਼ੂਰ ਕੀਤੀ ਹੈ। ਇਸ ਦੌਰਾਨ ਇਸ ਪ੍ਰਾਜੈਕਟ ਲਈ ਉਸਾਰੇ ਜਾਣ ਵਾਲੇ ਲਾਂਘੇ ਲਈ ਨਾਲ ਲਗਦੇ ਪਿੰਡਾਂ ਦੀ ਕਾਫ਼ੀ ਜ਼ਮੀਨ ਅਕੁਆਇਰ ਕੀਤੀ ਗਈ ਹੈ, ਜਿਸ ਵਿਚੋਂ 408 ਏਕੜ ਗੁਰਦੁਆਰਾ ਦਰਬਾਰ ਸਹਿਬ ਕੰਪਲੈਕਸ ਅਤੇ 214 ਏਕੜ ਜ਼ਮੀਨ ਸੜਕਾਂ ਬਣਾਉਣ, ਪਾਰਕਿੰਗ ਆਦਿ ਲਈ ਵਰਤੀ ਜਾਵੇਗੀ।

# ਹਰਿਆਣਾ ਵਿੱਚ ਤਾਊ ਦੇ ਪਰਿਵਾਰ ਨੂੰ ਚਾਚੇ-ਭਤੀਜੇ ਦਾ ਕਲੇਸ਼ ਲੈ ਬੈਠਾ

ਚੰਡੀਗੜ੍ਹ, 27 ਮਈ (ਪੋਸਟ ਬਿਊਰੋ)- ਭਾਰਤ ਦੇ ਸਾਬਕਾ ਡਿਪਟੀ ਪ੍ਰਧਾਨ ਮੰਤਰੀ ਮਰਹੂਮ ਤਾਊ ਦੇਵੀਲਾਲ ਦੇ ਪਰਵਾਰ ਦੀ ਰਾਜਨੀਤਕ ਵਿਰਾਸਤ ਨੂੰ ਚਾਚਾ ਅਭੈ ਸਿੰਘ ਚੌਟਾਲਾ ਤੇ ਭਤੀਜੇ ਦੁਸ਼ਿੰਅਤ ਚੌਟਾਲਾ ਦਾ ਕਲੇਸ਼ ਲੈ ਡੁੱਬਿਆ। ਲੋਕ ਸਭਾ ਚੋਣਾਂ ਵਿੱਚ ਇਨੈਲੋ ਵਿਧਾਇਕ ਦਲ ਦੇ ਨੇਤਾ ਅਭੈ ਸਿੰਘ ਚੌਟਾਲਾ ਦੇ ਬੇਟੇ ਅਰਜੁਨ ਅਤੇ ਪਿਛਲੀ ਵਾਰ ਦੇ ਪਾਰਲੀਮੈਂਟ ਮੈਂਬਰ ਚਰਨਜੀਤ ਸਿੰਘ ਰੋੜੀ ਸਮੇਤ ਕੋਈ ਉਮੀਦਵਾਰ ਵੀ ਆਪਣੀ ਜ਼ਮਾਨਤ ਨਹੀਂ ਬਚਾ ਸਕਿਆ। ਦੂਸਰੇ ਪਾਸੇ ਇਸ ਤੋਂ ਵੱਖਰੀ ਬਣਾਈ ਗਈ ਜਨਨਾਇਕ ਜਨਤਾ ਪਾਰਟੀ (ਜੇ ਜੀ ਪੀ) ਵੱਲੋਂ ਕੇਵਲ ਦੁਸ਼ਿੰਅਤ ਚੌਟਾਲਾ ਹੀ ਪਾਰਟੀ ਦੀ ਲਾਜ ਕੁਝ ਹੱਦ ਤੱਕ ਬਚਾ ਸਕੇ। ਆਮ ਆਦਮੀ ਪਾਰਟੀ ਨਾਲ ਸਮਝੌਤਾ ਕਰਨ ਪਿੱਛੋਂ ਵੀ ਨੌਂ ਸੀਟਾਂ ਉੱਤੇ ਇਸ ਗਠਜੋੜ ਦੇ ਉਮੀਦਵਾਰ ਜ਼ਮਾਨਤ ਜ਼ਬਤ ਕਰਵਾ ਬੈਠੇ ਹਨ।

ਪਿਛਲੇ ਸਾਲ ਦਸੰਬਰ ਵਿੱਚ ਅਭੈ ਸਿੰਘ ਚੌਟਾਲਾ ਤੇ ਦੁਸ਼ਿੰਅਤ ਚੌਟਾਲਾ ਦੇ ਰਾਜਸੀ ਰਸਤੇ ਵੱਖ ਹੋਣ ਦੇ ਬਾਅਦ ਇਨੈਲੋ ਨੇ ਨਾ ਕੇਵਲ ਨਗਰ ਨਿਗਮ ਅਤੇ ਜੀਂਦ ਵਿਧਾਨ ਸਭਾ ਦੀਆਂ ਉਪ ਚੋਣਾਂ ਹਾਰੀਆਂ, ਸਗੋਂ ਵਿਧਾਨ ਸਭਾ ਵਿੱਚ ਉਨ੍ਹਾਂ ਦਾ ਮੁੱਖ ਵਿਰੋਧੀ ਦਲ ਦਾ ਦਰਜਾ ਵੀ ਖੁੱਸ ਗਿਆ। ਫਿਰ ਲੋਕ ਸਭਾ ਚੋਣਾਂ ਵਿੱਚ ਇਨੈਲੋ ਨੇ ਕੁਰੂਕਸ਼ੇਤਰ ਵਿੱਚ ਅਰਜੁਨ ਚੌਟਾਲਾ ਦੇ ਲਈ ਪੂਰੀ ਤਾਕਤ ਲਾ ਦਿੱਤੀ, ਪਰ ਉਹ ਪੰਜਵੇਂ ਥਾਂ ਆਇਆ। ਇਸੇ ਤਰ੍ਹਾਂ ਸਿਰਸਾ ਤੋਂ ਪਿਛਲੀਆਂ ਲੋਕ ਸਭਾ ਚੋਣਾਂ ਵਿੱਚ ਇੱਕ ਲੱਖ 15 ਹਜ਼ਾਰ ਵੋਟਾਂ ਨਾਲ ਜਿੱਤਣ ਵਾਲੇ ਚਰਨਜੀਤ ਸਿੰਘ ਰੋੜੀ ਤੀਸਰੇ ਥਾਂ ਰਹੇ। ਕਿਸੇ ਚੋਣ ਹਲਕੇ ਵਿੱਚ ਪਈਆਂ ਕੁੱਲ ਵੋਟਾਂ ਦੀ ਗਿਣਤੀ ਦੇ ਛੇਵੇਂ ਹਿੱਸੇ ਤੋਂ ਘੱਟ ਵੋਟ ਮਿਲਣ ਉੱਤੇ ਜ਼ਮਾਨਤ ਜ਼ਬਤ ਹੁੰਦੀ ਹੈ। ਇਨੈਲੋ ਨੇ ਰਣਨੀਤੀ ਦੇ ਤਹਿਤ ਕੁਰੂਕਸ਼ੇਤਰ ਅਤੇ ਸਿਰਸਾ ਦੇ ਇਲਾਵਾ ਦੂਸਰੀਆਂ ਸੀਟਾਂ ਨੂੰ ਖਾਸ ਪਹਿਲ ਨਹੀਂ ਦਿੱਤੀ। ਅਭੈ ਚੌਟਾਲਾ ਨੇ ਆਪਣੇ ਭਤੀਜੇ ਦੁਸ਼ਿੰਅਤ ਚੌਟਾਲਾ ਦੀ ਪਾਰਟੀ ਜਨਨਾਇਕ ਜਨਤਾ ਪਾਰਟੀ ਨੂੰ ਹਰਾਉਣ 'ਤੇ ਵੱਧ ਫੋਕਸ ਕੀਤਾ। ਇਸ ਦੇ ਬਾਵਜੂਦ ਦੁਸ਼ਿੰਅਤ ਨੇ ਹਿਸਾਰ ਵਿੱਚ ਨਾ ਕੇਵਲ ਮੁੱਖ ਮੁਕਾਬਲੇ ਵਿੱਚ ਰਹਿ ਕੇ ਭਾਜਪਾ ਉਮੀਦਵਾਰ ਬ੍ਰਿਜੇਂਦਰ ਸਿੰਘ ਨੂੰ ਟੱਕਰ ਦਿੱਤੀ, ਸਗੋਂ ਬਹੁਤੀਆਂ ਸੀਟਾਂ 'ਤੇ ਉਨ੍ਹਾਂ ਦੇ ਉਮੀਦਵਾਰ ਤੀਸਰੇ ਥਾਂ ਰਹੇ। ਇਨੈਲੋ ਉਮੀਦਵਾਰਾਂ ਨੂੰ ਚੌਥੇ-ਪੰਜਵੇਂ ਨੰਬਰ 'ਤੇ ਸੁੱਟ ਦਿੱਤਾ ਗਿਆ। ਲੋਕ ਸਭਾ ਚੋਣਾਂ ਵਿੱਚ ਸਾਰੀਆਂ ਸੀਟਾਂ 'ਤੇ ਇਨੈਲੋ ਉਮੀਦਵਾਰਾਂ ਦੇ ਹਾਰਨ ਨਾਲ ਇਨੈਲੋ ਦੇ ਦਸ ਵਿਧਾਇਕਾਂ ਦੇ ਵੀ ਪਾਰਟੀ ਛੱਡਣ ਦੇ ਆਸਾਰ ਬਣ ਗਏ ਹਨ।

# ਯੂਰਪੀ ਯੂਨੀਅਨ ਚੋਣਾਂ ਦੌਰਾਨ ਬ੍ਰਿਟੇਨ ਦੀਆਂ ਸੀਟਾਂ ਉੱਤੇ ਬ੍ਰੈਗਜ਼ਿਟ ਪਾਰਟੀ ਦੀ ਜਿੱਤ

ਲੰਡਨ, 27 ਮਈ, (ਪੋਸਟ ਬਿਊਰੋ)- ਯੂਰਪੀ ਯੂਨੀਅਨ ਦੇ ਵਿਰੋਧੀ ਨਾਈਜੇਲ ਫਰੇਜ ਦੀ ਬ੍ਰੈਗਜ਼ਿਟ ਪਾਰਟੀ ਨੂੰ ਯੂਰਪੀ ਪਾਰਲੀਮੈਂਟ ਦੀਆਂ ਚੋਣਾਂ ਵਿਚ ਸੋਮਵਾਰ ਨੂੰ ਸਫਲਤਾ ਮਿਲੀ ਅਤੇ ਸੱਤਾਧਾਰੀ ਕੰਜ਼ਰਵੇਟਿਵ ਨੂੰ ਝਟਕਾ ਲੱਗਾ ਹੈ। ਚੋਣਾਂ ਨੇ ਯੂਰਪੀ ਯੂਨੀਅਨ ਤੋਂ ਵੱਖ ਹੋਣ ਲਈ ਬ੍ਰਿਟੇਨ ਦੇ ਰਿਫਰੈਂਡਮ ਦੇ 3 ਸਾਲ ਪਿੱਛੋਂ ਤੱਕ ਬਣੇ ਹੋਏ ਮਤਭੇਦ ਨੂੰ ਪੇਸ਼ ਕੀਤਾ ਹੈ। ਯੂਰਪੀ ਯੂਨੀਅਨ ਦੇ ਸਮਰਥਕ ਲਿਬਰਲ ਡੈਮੋਕ੍ਰੈਟਸ ਅਤੇ ਗ੍ਰੀਨ ਪਾਰਟੀ ਨੂੰ ਵੀ ਸਫਲਤਾ ਮਿਲੀ ਹੈ। ਇਸ ਐਤਵਾਰ ਇਹ ਚੋਣਾਂ ਓਦੋਂ ਹੋਈਆਂ, ਜਦੋਂ ਬੀਤੇ ਹਫਤੇ ਪ੍ਰਧਾਨ ਮੰਤਰੀ ਥੈਰੇਸਾ ਮੇਅ ਨੇ ਬ੍ਰੈਗਜ਼ਿਟ ਦੇ ਪਾਸ ਨਾ ਹੋਣ ਕਾਰਨ ਅਸਤੀਫੇ ਦਾ ਐਲਾਨ ਕਰ ਦਿੱਤਾ ਸੀ ਅਤੇ ਪਾਰਟੀ ਵਿੱਚ ਇਸ ਅਹੁਦੇ ਲਈ ਖਿੱਚੋਤਾਣ ਚੱਲ ਰਹੀ ਹੈ। ਨਾਈਜੇਲ ਫਰੇਜ ਨੇ ਬੀਤੇ ਫਰਵਰੀ ਵਿਚ ਆਪਣੀ ਪਾਰਟੀ ਦੀ ਰਜਿਸਟਰੇਸ਼ਨ ਕਰਵਾਈ ਸੀ, ਪਰ ਬਹੁਤੇ ਐਲਾਨੇ ਨਤੀਜਿਆਂ ਵਿਚ ਉਸ ਨੇ ਬ੍ਰਿਟੇਨ ਵਿਚਲੀਆਂ 73 ਸੀਟਾਂ ਵਿਚੋਂ 28 ਜਿੱਤੀਆਂ ਅਤੇ 32 ਫੀਸਦੀ ਵੋਟ ਲਏ ਹਨ। ਥੈਰੇਸਾ ਮੇਅ ਦੀ ਕੰਜ਼ਰਵੇਟਿਵ ਪਾਰਟੀ ਨੂੰ ਸਿਰਫ 9 ਫੀਸਦੀ ਵੋਟ ਮਿਲੇ ਤੇ ਉਸ ਨੇ 1832 ਦੇ ਬਾਅਦ ਕਿਸੇ ਚੋਣ ਵਿਚ ਸਭ ਤੋਂ ਖਰਾਬ ਪ੍ਰਦਰਸ਼ਨ ਕੀਤਾ ਹੈ। ਬ੍ਰੈਗਜ਼ਿਟਬਾਰੇ ਮੁੱਖ ਵਿਰੋਧੀ ਪਾਰਟੀ ਉੱਤੇ ਭਰਮਾਉਣ ਦਾ ਦੋਸ਼ ਲਾਇਆ ਗਿਆ ਹੈ। ਯੂਰਪੀ ਯੂਨੀਅਨ ਤੋਂ ਵੱਖ ਹੋਣ ਲਈ 2016 ਵਿਚ ਮੋਹਰੀ ਭੂਮਿਕਾ ਨਿਭਾਉਣ ਵਾਲੇ ਨਾਈਜੇਲ ਫਰੇਜ ਨੇ ਕਿਹਾ ਕਿ ਬ੍ਰਸਲਸ ਦੇ ਨਾਲ ਕਿਸੇ ਵੀ ਨਵੇਂ ਸਮਝੌਤੇ ਲਈ ਉਨ੍ਹਾਂ ਦੀ ਪਾਰਟੀ ਦਾ ਪੱਖ ਅੱਗੇ ਤੋਂ ਸੁਣਿਆ ਜਾਣਾ ਚਾਹੀਦਾ ਹੈ।

# ਰਫਿਊਜੀਆਂ ਤੇ ਮਦਦ ਦੀ ਆਸ ਲਾਈ ਬੈਠੇ ਪਰਿਵਾਰਾਂ ਲਈ ਚਾਈਲਡ ਬੈਨੇਫਿਟ ਖ਼ਤਮ ਕਰਨ ਦੀ ਤਿਆਰੀ ਕਰ ਰਹੀ ਹੈ ਫੋਰਡ ਸਰਕਾਰ



ਟੋਰਾਂਟੋ, 27 ਮਈ (ਪੋਸਟ ਬਿਊਰੋ) : ਰਫਿਊਜੀ ਦਾਅਵੇਦਾਰਾਂ ਤੇ ਮਦਦ ਦੀ ਉਮੀਦ ਲਾਈ ਬੈਠੇ ਹੋਰਨਾਂ ਲਈ ਓਨਟਾਰੀਓ ਸਰਕਾਰ ਚਾਈਲਡ ਬੈਨੇਫਿਟ ਖ਼ਤਮ ਕਰਨ ਜਾ ਰਹੀ ਹੈ। ਇਹ ਵੀ ਪਤਾ ਲੱਗਿਆ ਹੈ ਕਿ ਜਿਹੜੇ ਪਰਿਵਾਰ ਵੈੱਲਫੇਅਰ ਉੱਤੇ ਹਨ ਤੇ ਟੈਕਸ ਰਿਟਰਨ ਨਹੀਂ ਭਰਦੇ ਜਾਂ ਜਿਹੜੇ ਬੱਚੇ ਦੇ ਜਨਮ ਕਾਰਨ ਜਾਂ ਪਿੱਛੇ ਜਿਹੇ ਖੁੱਸੀ ਨੌਕਰੀ ਕਾਰਨ ਇਨ੍ਹਾਂ ਬੈਨੇਫਿਟਜ਼ ਦੀ ਉਡੀਕ ਕਰ ਰਹੇ ਹਨ, ਉਸ ਹਾਲਤ ਵਿੱਚ ਇਸ ਨੂੰ ਗੁਆ ਬੈਠਣਗੇ ਜੇ ਇਹ ਬੈਨੇਫਿਟ ਖ਼ਤਮ ਕਰ ਦਿੱਤੇ ਜਾਂਦੇ ਹਨ।

ਸੋਸ਼ਲ ਅਸਿਸਟੈਂਸ ਬੱਚਿਆਂ ਦੀਆਂ ਮੁੱਢਲੀਆਂ ਲੋੜਾਂ ਲਈ ਕੋਈ ਫੰਡ ਮੁਹੱਈਆ ਨਹੀਂ ਕਰਵਾਉਂਦੀ, ਇਸ ਲਈ ਇਨ੍ਹਾਂ ਬੈਨੇਫਿਟਜ਼ ਨੂੰ ਗੰਵਾਉਣ ਦਾ ਮਤਲਬ ਹੋਵੇਗਾ ਅਜਿਹੇ ਪਰਿਵਾਰ ਦੇ ਬੱਚਿਆਂ ਲਈ ਨਾ ਭੋਜਨ, ਨਾ ਹੀ ਕੱਪੜੇ ਤੇ ਨਾ ਹੀ ਹੋਰ ਮੁੱਢਲੀਆਂ ਲੋੜਾਂ ਹੀ ਪੂਰੀਆਂ ਹੋ ਸਕਣਗੀਆਂ। ਇਹ ਬੈਨੇਫਿਟ ਗੰਵਾਉਣ ਵਾਲੇ ਟੋਰਾਂਟੋ ਦੇ ਪਰਿਵਾਰਾਂ ਵੱਲੋਂ ਸ਼ੈਲਟਰ ਸਿਸਟਮ ਦੀ ਮੰਗ ਵੀ ਵੱਧ ਸਕਦੀ ਹੈ ਕਿਉਂਕਿ ਇਹ ਕਟੌਤੀਆਂ ਲਾਗੂ ਹੋਣ ਨਾਲ ਉਹ ਆਪਣੇ ਘਰਾਂ ਦੀ ਸਾਂਭ ਸੰਭਾਲ ਤੇ ਉਨ੍ਹਾਂ ਦੀ ਮੇਨਟੇਨੈਂਸ ਵੀ ਨਹੀਂ ਕਰ ਪਾਉਣਗੇ।

ਟੋਰਾਂਟੋ ਇੰਪਲਾਇਮੈਂਟ ਐਂਡ ਸੋਸ਼ਲ ਸਰਵਿਸਿਜ਼ ਵੱਲੋਂ ਪਿਛਲੇ ਸਾਲ 22 ਮਿਲੀਅਨ ਡਾਲਰ ਤੋਂ ਵੀ ਵੱਧ ਦੇ ਬੈਨੇਫਿਟਜ਼ ਜਾਰੀ ਕੀਤੇ ਗਏ, ਜਿਨ੍ਹਾਂ ਨਾਲ ਇੱਕ ਮਹੀਨੇ ਵਿੱਚ 4,351 ਘੱਟ ਆਮਦਨ ਵਾਲੇ ਪਰਿਵਾਰਾਂ ਦੀ ਮਦਦ ਹੋਈ। ਭਰੋਸੇਯੋਗ ਸੂਤਰਾਂ ਤੋਂ ਪ੍ਰਾਪਤ ਜਾਣਕਾਰੀ ਅਨੁਸਾਰ ਇਸ ਨਾਲ ਲੋਕਲ ਬੱਚੇ ਹੋਰ ਜ਼ਿਆਦਾ ਖਤਰੇ ਵਿੱਚ ਪੈ ਸਕਦੇ ਹਨ ਕਿਉਂਕਿ ਓਨਟਾਰੀਓ ਡਿਸਐਬਿਲਿਟੀ ਸਪੋਰਟ ਪ੍ਰੋਗਰਾਮ ਉੱਤੇ ਨਿਰਭਰ ਪਰਿਵਾਰਾਂ ਨੂੰ ਦਿੱਤੇ ਜਾਣ ਵਾਲੇ ਅਜਿਹੇ ਬੈਨੇਫਿਟਜ਼ ਦੀ ਨਿਗਰਾਨੀ ਵੀ ਪ੍ਰੋਵਿੰਸ ਹੀ ਕਰਦਾ ਹੈ ਤੇ ਇਹ ਸਿਟੀ ਦੇ ਡਾਟਾ ਵਿੱਚ ਨਹੀਂ ਗਿਣੇ ਜਾਂਦੇ।

ਪ੍ਰੋਵਿੰਸ ਦੇ ਚਿਲਡਰਨ, ਕਮਿਊਨਿਟੀ ਐਂਡ ਸੋਸ਼ਲ ਸਰਵਿਸਿਜ਼ ਮੰਤਰਾਲੇ ਦੇ ਤਰਜਮਾਨ ਡੈਰੇਕ ਰੋਅਲੈਂਡ ਨੇ ਆਖਿਆ ਕਿ ਇਸ ਸਮੇਂ ਜਿਹੜੇ ਘੱਟ ਆਮਦਨ ਵਾਲੇ ਪਰਿਵਾਰ ਜਿਹੜੇ ਸੋਸ਼ਲ ਅਸਿਸਟੈਂਸ ਉੱਤੇ ਨਹੀਂ ਹਨ ਉਹ ਟਰਾਂਜ਼ੀਸ਼ਨਲ ਚਾਈਲਡ ਬੈਨੇਫਿਟ ਲਈ ਕੁਆਲੀਫਾਈ ਨਹੀਂ ਕਰ ਸਕਣਗੇ। ਉਨ੍ਹਾਂ ਆਖਿਆ ਕਿ ਸਰਕਾਰ ਦਾ ਮੰਨਣਾ ਹੈ ਕਿ ਓਨਟਾਰੀਓ ਵਾਸੀਆਂ ਨੂੰ ਉਸ ਸੂਰਤ ਵਿੱਚ ਬੱਚਿਆਂ ਸਬੰਧੀ ਬੈਨੇਫਿਟ ਦਾ ਪੂਰਾ ਲਾਹਾ ਮਿਲਣਾ ਚਾਹੀਦਾ ਹੈ ਫਿਰ ਭਾਵੇਂ ਉਹ ਸੋਸ਼ਲ ਅਸਿਸਟੈਂਸ ਉੱਤੇ ਹੋਣ ਜਾਂ ਨਾ।

ਉਨ੍ਹਾਂ ਅੱਗੇ ਆਖਿਆ ਕਿ ਓਨਟਾਰੀਓ ਦੇ ਬਜਟ ਦੇ ਅੰਦਾਜ਼ੇ ਮੁਤਾਬਕ ਇਸ ਸਾਲ ਓਨਟਾਰੀਓ ਚਾਈਲਡ ਬੈਨੇਫਿਟ ਵਿੰਚ ਪ੍ਰੋਵਿੰਸ਼ੀਅਲ ਸਰਕਾਰ ਲੱਗਭਗ 1.2 ਬਿਲੀਅਨ ਡਾਲਰ ਦਾ ਨਿਵੇਸ਼ ਕਰ ਰਹੀ ਹੈ। ਇਹ ਇਸ ਖੇਤਰ ਵਿੱਚ 32 ਮਿਲੀਅਨ ਡਾਲਰ ਦਾ ਵਾਧਾ ਹੈ। ਪਰ ਕਈ ਵਾਰਡਾਂ ਦੇ ਨੁਮਾਇੰਦਿਆ ਦਾ ਕਹਿਣਾ ਹੈ ਕਿ ਇਹ ਕਟੌਤੀਆਂ ਬਹੁਤ ਹੀ ਕਮਜ਼ੋਰ ਬੱਚਿਆਂ ਤੇ ਪਰਿਵਾਰਾਂ ਨੂੰ ਆਪਣਾ ਨਿਸ਼ਾਨਾ ਬਣਾ ਰਹੀਆਂ ਹਨ।

# ਭਾਰਤ ਨੇ ਇਰਾਨ ਤੋਂ ਕੱਚਾ ਤੇਲ ਖ਼ਰੀਦਣਾ ਬੰਦ ਕੀਤਾ


ਵਾਸ਼ਿੰਗਟਨ, 27 ਮਈ (ਪੋਸਟ ਬਿਊਰੋ)- ਅਮਰੀਕਾ ਵਲੋਂ ਪਾਬੰਦੀ ਤੋਂ ਮਿਲੀ ਛੋਟ ਦਾ ਸਮਾਂ ਇਸ ਮਹੀਨੇ ਖ਼ਤਮ ਹੋਣ ਤੋਂ ਬਾਅਦ ਭਾਰਤ ਨੇ ਇਰਾਨ ਤੋਂ ਕੱਚਾ ਤੇਲ ਲੈਣਾ ਬੰਦ ਕਰ ਦਿਤਾ ਹੈ। ਇਹ ਗੱਲ ਅਮਰੀਕਾ ਵਿੱਚ ਭਾਰਤੀ ਦੂਤ ਨੇ ਕਹੀ ਹੈ ਕਿ ਇਰਾਨ ਤੋਂ ਕੱਚਾ ਤੇਲ ਲੈਣਾ ਬੰਦ ਕਰਨ ਵਾਲਿਆਂ ਵਿੱਚ ਭਾਰਤ ਵੀ ਸ਼ਾਮਲ ਹੋ ਗਿਆ ਹੈ। ਵਰਨਣ ਯੋਗ ਹੈ ਕਿ ਅਮਰੀਕਾ ਨੇ ਇਰਾਨ ਨਾਲ ਐਟਮੀ ਸਮਝੌਤੇ ਤੋਂ ਖੁਦ ਨੂੰ ਵੱਖ ਕਰਨ ਪਿੱਛੋਂ ਉਸ ਦੇ ਵਿਰੁੱਧ ਕਈ ਆਰਥਕ ਪਾਬੰਦੀ ਦਾ ਐਲਾਨ ਕੀਤਾ ਸੀ, ਪਰ ਉਸ ਨੇ ਅੱਠ ਦੇਸ਼ਾਂ ਨੂੰ ਇਰਾਨ ਤੋਂ ਕੱਚਾ ਤੇਲ ਲੈਣ ਲਈ ਪਾਬੰਦੀ ਤੋਂ ਕੁਝ ਛੋਟ ਦਿਤੀ ਸੀ। ਇਹ ਸਮਾਂ ਮਈ ਦੇ ਸ਼ੁਰੂ ਵਿੱਚ ਮੁੱਕ ਗਿਆ ਹੈ। ਅਮਰੀਕਾ ਵਿੱਚ ਭਾਰਤੀ ਰਾਜਦੂਤ ਹਰਸ਼ਵਰਧਨ ਸ਼ਰੰਗਲਾ ਨੇ ਕਿਹਾ ਕਿ ਅਮਰੀਕਾ ਵਲੋਂ ਪਾਬੰਦੀ ਤੋਂ ਮਿਲੀ ਛੋਟ ਦਾ ਸਮਾਂ ਵਧਾਉਣ ਤੋਂ ਨਾਂਹ ਦੇ ਬਾਅਦ ਭਾਰਤ ਨੇ ਇਰਾਨ ਤੋਂ ਕੱਚਾ ਤੇਲ ਲੈਣਾ ਬੰਦ ਕਰ ਦਿਤਾ ਹੈ। ਉਨ੍ਹਾਂ ਕਿਹਾ ਕਿ ਅਪ੍ਰੈਲ ਵਿੱਚ ਭਾਰਤ ਨੇ ਇਰਾਨ ਤੋਂ ਲਏ ਜਾਂਦੇ ਕੱਚੇ ਤੇਲ ਦੀ ਮਾਤਰਾ ਕਰੀਬ 2.5 ਅਰਬ ਟਨ ਤੋਂ ਘਟਾ ਕੇ ਇਕ ਅਰਬ ਟਨ ਕਰ ਦਿਤੀ ਸੀ। ਉਨ੍ਹਾਂ ਨੇ ਪ੍ਰੈੱਸ ਕਾਨਫਰੰਸ ਵਿਚ ਕਿਹਾ, 'ਅਸੀਂ ਸਮਝਦੇ ਹਾਂ ਕਿ ਉਹ ਅਮਰੀਕਾ ਦੀ ਇਕ ਪਹਿਲ ਹੈ, ਸਾਨੂੰ ਇਸ ਦੀ ਕੀਮਤ ਚੁਕਾਉਣੀ ਪਈ ਹੈ, ਸਾਨੂੰ ਬਦਲ ਦੀ ਤਲਾਸ਼ ਹੈ।' ਉਨ੍ਹਾਂ ਕਿਹਾ ਕਿ ਭਾਰਤ ਨੇ ਇਰਾਨ ਦੇ ਨਾਲ ਵੈਨਜ਼ੁਏਲਾ ਤੋਂ ਵੀ ਕੱਚਾ ਤੇਲ ਲੈਣਾ ਬੰਦ ਕਰ ਦਿੱਤਾ ਹੈ।

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ?
ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ', ਅਸੀਂ ਕਰਾਂਗੇ 'ਹਾਂ'
Increase Your Cash Flow by up to 50%
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated
19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047

PROPERTIES FOR SALE



5018 Eighth Line (Erin/Georgetown)
Country lot. Detached Bungalow. Close to town. Finished basement. Separate entrance Outbuildings. 3 + 1 bedroom 2 bathrooms



47 Eldomar, Brampton
Detached home. Good area Walking distance to everything Finished Basement.Separate entrance 3 bedrooms 2 bathrooms. Good Parking.

Angela MEYER
Sales Representative
Ipro Realty Ltd. Brokerage
905-691-0672
www.angelameyer.ca
RealEstateToAsk4@gmail.com

ukttc
UK TRUCK TRAINING CENTRE
PCC #179958
Registered as a Private Careers College
Forklift $79 Recertification
Automatic & Manual Trucks
○1:1 Training
Forklift Training
Reach Truck
Counterbalance
Air Brake Classes
Sat-Sun 8am to 4pm
Kuldip Singh Grewal
647.894.8590
17 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ
Gurjot Singh Grewal: 437-224-8500
Off:905.673.7979
7542 Bath Rd, Mississauga, ON L4T 1L2

LIVER CIRRHOSIS, ਫੈਟੀ ਲਿਵਰ, ਹੈਪਾਟਾਇਟਸ A, B &C ਪੀਲੀਆ
ਸ਼ਰਾਬ ਛਡੱਣ ਦਾ ਸੋਖਾ ਤੇ ਸ਼ਰਤੀਆ ਇਲਾਜ਼
ਡਿਪਰੈਸ਼ਨ ਦਾ ਸ਼ਰਤੀਆ ਇਲਾਜ਼ Symptoms: ਰਾਤ ਨੂੰ ਨੀਂਦ ਨਾ ਆਉਣਾ, ਘਬਰਾਹਟ ਹੋਣੀ, Anxiety, Confidence ਨਹੀਂ ਰਹਿਣਾ, ਮੰਨ ਉਦਾਸ ਰਹਿਣਾ, ਚੇਤਾ ਭੁੱਲਣਾ ਆਦਿ ਤਕਲੀਫਾਂ ਦਾ ਇਲਾਜ ਹੈ।
Heart Problems, Arteries blockage, ਹਾਈ ਬੀ-ਪੀ, ਕੋਲੈਸਟਰੋਲ, ਹਾਰਟ ਪਰੋਬਲਮ,ਆਰਟਰੀ ਦੀ ਬਲੋਕੇਜ, ਬਾਇਪਾਸ ਸਰਜਰੀ ਤੋ ਬਚਾਉ ਦਾ ਪੱਕਾ ਇਲਾਜ। ਜੇਕਰ ਤੁਸੀਂ stunt ਜਾਂ ਬਾਈ ਪਾਸ ਸਰਜਰੀ ਤੋਂ ਬੱਚਣਾ ਚਾਹੁੰਦੇ ਹੋ ਤਾਂ ਅੱਜ ਹੀ ਸਾਨੂੰ ਸੰਪਰਕ ਕਰੋ। ਕਿਡਨੀ ਦੀ ਪਥਰੀ ਤੇ ਪਿਤੇ ਦੀ ਪਥਰੀ 7 ਤੋਂ 15 ਦਿਨਾਂ ਵਿੱਚ ਖਤਮ।
ਬੱਚਿਆਂ ਦਾ ਬਿਸਤਰੇ ਤੇ ਪਿਸ਼ਾਬ ਕਰਣਾ, ਬਜ਼ੁਰਗਾਂ ਦਾ ਪਿਸ਼ਾਬ ਬਾਰ-ਬਾਰ ਆਉਣਾ ਜਾਂ ਰੁਕਣਾ, ਬੱਚਿਆਂ ਦਾ ਪੜ੍ਹਾਈ ਵਿਚ ਕਮਜ਼ੋਰ ਹੋਣਾ, 13 ਤੋਂ 19 ਸਾਲ ਦੇ ਬਚਿਆਂ ਦਾ ਸੁਭਆ ਵਿੱਚ ਤਬਦੀਲੀ ਤੇ ਪੜ੍ਹਾਈ ਵਿੱਚ ਮੰਨ ਨਾ ਲਗਣਾ ਤੇ ਮਾਂ-ਬਾਪ ਨਾਲ ਚੰਗੀ ਤਰ੍ਹਾਂ ਗੱਲ ਨਾ ਕਰਣਾ ਤੇ ਖਾਣਾ ਪੀਣਾ ਬੰਦ ਕਰ ਦੇਣ ਦੇ ਪੱਕੇ ਇਲਾਜ ਲਈ ਸੰਪਰਕ ਕਰੋ।
ਲੇਡੀਜ਼ ਨੂੰ ਮਾਈਗਰੇਨ, ਸਿਰ ਦਰਦ ਤੇ ਜਿੱਦੀ ਛਾਈਆਂ ਵਰਗੀ ਬਿਮਾਰੀ ਤੋਂ ਹਮੇਸ਼ਾ ਲਈ ਛੁਟਕਾਰਾ ਪਾਓ ਤੇ ਆਪਣੇ ਚਿਹਰੇ ਦੀ ਖੂਬਸੂਰਤੀ ਨੂੰ ਵਧਾਓ। ਮਹਾਵਾਰੀ ਅਤੇ uterus ਤੇ breast ਦੀਆ ਰਸੌਲੀਆਂ ਦਾ ਵੀ ਸ਼ਰਤੀਆ ਇਲਾਜ ਹੈ, ਸਿਰ ਵਿੱਚ ਸਿਕਰੀ/dandruf ਦਾ ਪੱਕਾ ਇਲਾਜ।
100% Natural Cure | No Side Effect | ਵਧੇਰੀ ਜਾਣਕਾਰੀ ਲਈ ਕਾਲ ਕਰੋ: 647-643-7593

SherGill Law Firm
Barrister, Solicitor & Notary Public
Services:
• Real Estate
• Residential, Commercial, Franchise
• Criminal Law
• Family Law
• Affidavit, Power Of Attorney & Notarization
• Immigration Matters
Paramjit Singh Gill (MBA,LL.B.)
Phone : 905-790-3636
Emergency Contact: 416.910.5676
www.shergilllawfirm.ca
2565 Steeles Ave E Unit #20, Brampton, ON L6T 4L6

# ਬੇਅਦਬੀ, ਗੋਲੀਕਾਂਡ ਬਾਰੇ ਵਿਸ਼ੇਸ਼ ਜਾਂਚ ਟੀਮ ਵਿੱਚ ਕੁੰਵਰ ਵਿਜੈ ਪ੍ਰਤਾਪ ਦੀ ਵਾਪਸੀ

ਚੰਡੀਗੜ੍ਹ, 27 ਮਈ, (ਪੋਸਟ ਬਿਊਰੋ)- ਪਾਰਲੀਮੈਂਟਚੋਣਾਂ ਅਤੇ ਇਸ ਬਾਰੇ ਚੋਣ ਜ਼ਾਬਤਾ ਖ਼ਤਮ ਹੁੰਦੇ ਸਾਰ ਹੀ ਪੰਜਾਬ ਸਰਕਾਰ ਨੇ ਸੀਨੀਅਰ ਆਈਪੀਐੱਸ ਅਧਿਕਾਰੀ ਕੁੰਵਰ ਵਿਜੈ ਪ੍ਰਤਾਪ ਸਿੰਘ ਦੇ ਤਬਾਦਲੇ ਦੇ ਹੁਕਮ ਦੇ ਦਿੱਤੇ ਹਨ। ਰਾਜ ਸਰਕਾਰ ਦੇ ਬੁਲਾਰੇ ਮੁਤਾਬਕ ਕਿ ਕੁੰਵਰ ਵਿਜੈ ਪ੍ਰਤਾਪ ਸਿੰਘ ਨੂੰ ਆਈ ਜੀ, ਆਰਗੇਨਾਈਜ਼ਡਕਰਾਈਮ ਕੰਟਰੋਲ ਯੂਨਿਟ (ਓਸੀਸੀਯੂ) ਨਿਯੁਕਤ ਕੀਤਾ ਗਿਆ ਹੈ। ਇਸ ਦੇ ਨਾਲ ਉਹ ਆਈ ਜੀ, ਕਾਊਂਟਰ ਇੰਟੈਲੀਜੈਂਸ, ਅੰਮ੍ਰਿਤਸਰ ਦਾ ਵਾਧੂ ਚਾਰਜ ਵੀ ਸੰਭਾਲਣਗੇ ਤੇ ਵਿਸ਼ੇਸ਼ ਜਾਂਚ ਟੀਮ ਦਾ ਕੰਮ ਵੀ ਅੱਗੇ ਵਧਾਉਣਗੇ।




ਵਰਨਣ ਯੋਗ ਹੈ ਕਿ ਪਾਰਲੀਮੈਂਟ ਚੋਣਾਂ ਦੇ ਸ਼ੁਰੂ ਵਿੱਚ ਅਕਾਲੀ ਦਲ ਦੀ ਸ਼ਿਕਾਇਤ ਉੱਤੇ ਚੋਣ ਕਮਿਸ਼ਨ ਨੇ ਕੁੰਵਰ ਵਿਜੈ ਪ੍ਰਤਾਪ ਸਿੰਘ ਦਾ ਤਬਾਦਲਾ ਕਰ ਦਿੱਤਾ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਅਤੇ ਬਹਿਬਲ ਕਲਾਂ ਗੋਲੀ ਕਾਂਡ ਦੀ ਜਾਂਚ ਲਈ ਬਣੀ ਵਿਸ਼ੇਸ਼ ਜਾਂਚ ਟੀਮ (ਐੱਸ ਆਈ ਟੀ) ਤੋਂ ਵੀ ਲਾਂਭੇ ਕਰ ਦਿੱਤਾ ਸੀ। ਚੋਣਾਂ ਖ਼ਤਮ ਹੁੰਦੇ ਸਾਰ ਅੱਜ ਪੰਜਾਬ ਸਰਕਾਰ ਨੇ ਫਿਰ ਉਨ੍ਹਾਂ ਦੇ ਤਬਾਦਲੇ ਦੇ ਹੁਕਮ ਜਾਰੀ ਕਰ ਦਿੱਤੇ ਹਨ, ਕੁੰਵਰ ਵਿਜੈ ਪ੍ਰਤਾਪ ਸਿੰਘ ਬੇਅਦਬੀ ਅਤੇ ਗੋਲੀਕਾਂਡ ਦੀ ਜਾਂਚ ਨੂੰ ਫਿਰ ਅੱਗੇ ਵਧਾਉਣਗੇ।

ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ, ਜੋਪੰਜਾਬ ਦੇ ਗ੍ਰਹਿ ਵਿਭਾਗ ਦੇ ਮੁਖੀ ਹਨ, ਨੇ ਚੋਣ ਪ੍ਰਚਾਰ ਵਿੱਚਹੀ ਐਲਾਨ ਕਰ ਦਿੱਤਾ ਸੀ ਕਿ ਆਈ ਜੀ ਕੁੰਵਰ ਪ੍ਰਤਾਪ ਸਿੰਘ ਇਹਜਾਂਚ ਮੁਕੰਮਲ ਕਰਨ ਲਈ ਵਾਪਸ ਆਉਣਗੇ ਤੇ ਐਸ ਆਈ ਟੀ ਦੀ ਜਾਂਚ ਅੰਤਿਮ ਸਿੱਟੇ ਤੱਕ ਪੁਚਾਈ ਜਾਵੇਗੀ। ਚੋਣ ਜ਼ਾਬਤਾ ਹਟਣ ਦੇਅਗਲੇ ਦਿਨ ਹੀ ਉਹ ਵਾਪਸ ਇਸ ਕੰਮ ਲਈ ਨਿਯੁਕਤ ਕਰ ਦਿੱਤੇ ਗਏ ਹਨ। ਪੰਜਾਬ ਦੇ ਗਵਰਨਰ ਵੱਲੋਂ ਗ੍ਰਹਿ ਸਕੱਤਰ ਐਨ ਐਸ ਕਲਸੀ ਨੇ ਹੁਕਮ ਜਾਰੀ ਕੀਤੇਹਨ ਕਿ ਕੁੰਵਰ ਵਿਜੇ ਪ੍ਰਤਾਪ ਸਿੰਘ ਨੂੰ ਆਈ ਜੀ ਪੀ ਆਰਗੇਨਾਈਜ਼ਡ ਕਰਾਈਮ ਕੰਟਰੋਲ ਯੂਨਿਟ ਲਾਇਆ ਗਿਆ ਹੈ ਅਤੇ ਐਡੀਸ਼ਨਲ ਚਾਰਜ ਆਈ ਜੀ ਪੀ ਕਾਊਂਟਰ ਇੰਟੈਲੀਜੈਂਸ, ਅੰਮ੍ਰਿਤਸਰ ਦਿੱਤਾ ਗਿਆ ਹੈ।

ਚੋਣ ਜ਼ਾਬਤੇ ਦੀ ਉਲੰਘਣਾ ਦੇ ਦੋਸ਼ ਉੱਤੇ ਆਈ ਜੀ ਕੁੰਵਰ ਵਿਜੇ ਪ੍ਰਤਾਪ ਸਿੰਘ ਨੂੰ ਚੋਣ ਕਮਿਸ਼ਨ ਦੇ ਹੁਕਮ ਉੱਤੇਏਥੋਂ ਬਦਲ ਕੇ ਕਾਊਂਟਰ ਇੰਟੈਲੀਜੈਂਸ ਵਿੱਚ ਲਾਇਆ ਗਿਆ ਸੀ। ਉਨ੍ਹਾਂ ਵਿਰੁੱਧ ਜ਼ਾਬਤੇ ਦੀ ਉਲੰਘਣਾ ਦੇ ਦੋਸ਼ਾਂ ਨੂੰ ਮੁੱਖ ਮੰਤਰੀ ਨੇ ਓਦੋਂ ਵੀ ਗਲਤ ਕਿਹਾ ਸੀ। ਚੋਣ ਮੁਹਿੰਮ ਦੌਰਾਨ ਅਕਾਲੀ ਦਲ ਦੇ ਆਗੂ ਬਿਰਕਮ ਸਿੰਘ ਮਜੀਠੀਆ ਨੇ ਉਨ੍ਹਾਂ ਨੂੰ ਧਮਕੀਆਂ ਦੇਣ ਵਾਲੇ ਭਾਸ਼ਣ ਵੀ ਕੀਤੇ ਸਨ, ਜਿਸ ਦੇ ਬਦਲੇ ਧਮਕਾਉਣ ਅਤੇ ਮਾਣਹਾਨੀ ਦਾ ਕੇਸ ਪੰਜਾਬ ਸਰਕਾਰ ਨੇ ਦਾਇਰ ਕੀਤਾ ਹੈ। ਕੁੰਵਰ ਵਿਜੈ ਪ੍ਰਤਾਪ ਸਿੰਘ ਨੂੰ ਜਦੋਂ ਚੋਣ ਕਮਿਸ਼ਨ ਦੇ ਹੁਕਮਾਂ ਉੱਤੇ ਬਦਲਿਆ ਗਿਆ ਸੀ, ਓਦੋਂ ਉਹ ਬਹਿਬਲ ਕਲਾਂ ਅਤੇ ਕੋਟਕਪੂਰਾ ਦੀਆਂ ਗੋਲੀਬਾਰੀ ਦੀਆਂ ਘਟਨਾਵਾਂ ਅਤੇ ਬਰਗਾੜੀ ਤੇ ਹੋਰ ਬੇਅਦਬੀ ਦੀਆਂ ਘਟਨਾਵਾਂ ਬਾਰੇ ਵਿਸ਼ੇਸ਼ ਜਾਂਚ ਟੀਮ ਦਾ ਸਰਗਰਮ ਅੰਗ ਸਨ। ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦਾ ਕਹਿਣਾ ਸੀ ਕਿ ਉਨ੍ਹਾਂ ਦੀ ਬਦਲੀ ਦੇ ਹੁਕਮ ਕੇਂਦਰ ਦੀ ਹਾਕਮ ਭਾਰਤੀ ਜਨਤਾ ਪਾਰਟੀ ਅਤੇ ਅਕਾਲੀ ਦਲ ਵੱਲੋਂ ਜਾਰੀ ਕਰਾਏ ਗਏ ਸਨ, ਕਿਉਂਕਿ ਬਾਦਲ ਪਿਤਾ-ਪੁੱਤਰ ਸਣੇ ਇਨ੍ਹਾਂ ਦੇ ਕਈ ਸਿਖਰਲੇ ਆਗੂ ਇਸ ਪੜਤਾਲ ਦੇ ਘੇਰੇ ਵਿੱਚ ਹਨ।

# ਜਾਖੜ ਵੱਲੋਂ ਸੂਬਾ ਪ੍ਰਧਾਨਗੀ ਤੋਂ ਅਸਤੀਫ਼ਾ ਕਾਂਗਰਸ ਹਾਈਕਮਾਨ ਵੱਲੋਂ ਨਾਮਨਜ਼ੂਰ

ਚੰਡੀਗੜ੍ਹ, 27 ਮਈ, (ਪੋਸਟ ਬਿਊਰੋ)- ਗੁਰਦਾਸਪੁਰ ਪਾਰਲੀਮੈਂਟਰੀ ਹਲਕੇ ਤੋਂਚੋਣ ਹਾਰ ਜਾਣਦੇ ਬਾਅਦ ਕਾਂਗਰਸ ਪਾਰਟੀ ਦੇ ਸੂਬਾ ਪ੍ਰਧਾਨ ਸੁਨੀਲ ਜਾਖੜ ਨੇ ਅੱਜ ਆਪਣਾ ਅਸਤੀਫ਼ਾ ਪਾਰਟੀ ਪ੍ਰਧਾਨ ਰਾਹੁਲ ਗਾਂਧੀ ਨੂੰ ਭੇਜ ਦਿੱਤਾ ਹੈ, ਪਰ ਪਾਰਟੀ ਨੇ ਉਨ੍ਹਾਂ ਦਾ ਅਸਤੀਫ਼ਾ ਨਾ ਮਨਜ਼ੂਰ ਕਰ ਕੇ ਕੰਮ ਕਰਦੇ ਰਹਿਣ ਲਈ ਕਿਹਾ ਹੈ।



ਵਰਨਣ ਯੋਗ ਹੈ ਕਿ ਸੁਨੀਲ ਜਾਖੜ ਨੇ 4 ਮਈ 2017 ਨੂੰ ਪੰਜਾਬ ਕਾਂਗਰਸ ਦੀ ਵਾਗ ਸੰਭਾਲੀ ਸੀ ਅਤੇ ਉਨ੍ਹਾਂ ਦੀ ਅਗਵਾਈ ਹੇਠ ਪਾਰਟੀ ਨੇ 2018 ਵਿਚ 4 ਨਗਰ ਨਿਗਮਾਂ, 22 ਜ਼ਿਲ੍ਹਾ ਪ੍ਰੀਸ਼ਦਾਂ ਅਤੇ ਨਗਰ ਕੌਂਸਲ ਦੀ ਚੋਣ ਜਿੱਤੀ ਸੀ। ਸਾਲ 2012 ਵਿਚ ਪੰਜਾਬ ਵਿਧਾਨ ਸਭਾ ਵਿੱਚ ਕਾਂਗਰਸ ਜਦੋਂ 44 ਸੀਟਾਂ ਉੱਤੇ ਸਿਮਟ ਗਈ ਤਾਂ ਓਦੋਂ ਪਾਰਟੀ ਨੇ ਉਨ੍ਹਾਂ ਨੂੰ ਵਿਰੋਧੀ ਧਿਰ ਦੇ ਨੇਤਾ ਬਣਾਇਆ ਸੀ। ਜਾਖੜ ਦੇ ਵਿਰੋਧੀ ਧਿਰ ਦਾ ਨੇਤਾ ਹੋਣ ਦੌਰਾਨ ਅਕਾਲੀ-ਭਾਜਪਾ ਸਰਕਾਰ ਨੂੰ ਘੇਰਨ ਦਾ ਜ਼ੋਰਦਾਰ ਕੰਮ ਹੁੰਦਾ ਰਿਹਾ, ਪਰ 2017 ਵਿਚ ਜਦੋਂ ਪੰਜਾਬ ਵਿੱਚ ਕਾਂਗਰਸ ਪੱਖੀ ਲਹਿਰ ਸੀ ਤਾਂ ਉਹ ਅਬੋਹਰ ਤੋਂਵਿਧਾਨ ਸਭਾ ਚੋਣ ਹਾਰ ਗਏ ਸਨ, ਜਿਸ ਪਿੱਛੋਂ ਕਾਂਗਰਸ ਨੇ ਉਨ੍ਹਾਂ ਨੂੰ ਪੰਜਾਬ ਪਾਰਟੀ ਦੀ ਕਮਾਨ ਸੌਂਪੀ ਸੀ। ਇਸ ਦੇ ਬਾਅਦ ਸੁਨੀਲ ਜਾਖੜ ਨੇ ਗੁਰਦਾਸਪੁਰ ਤੋਂ ਲੋਕ ਸਭਾ ਦੀ ਉੱਪ ਚੋਣ ਜਿੱਤੀ, ਪਰ ਇਸ ਵਾਰ ਦੀਆਂਆਮ ਚੋਣਾਂ ਦੌਰਾਨਉਹ ਭਾਜਪਾ ਦੇ ਫਿਲਮ ਸਟਾਰ ਉਮੀਦਵਾਰ ਸੰਨੀ ਦਿਓਲ ਤੋਂ ਕਰੀਬ 82,000 ਵੋਟਾਂ ਨਾਲ ਹਾਰ ਗਏ ਹਨ।

ਇਸ ਬਾਰੇਸੁਨੀਲ ਜਾਖੜ ਦਾ ਕਹਿਣਾ ਹੈ ਕਿ ਹਾਲਾਤ ਕੁਝ ਵੀ ਹੋਣ, ਪਰ ਹਕੀਕਤ ਇਹੋ ਹੈ ਕਿ ਮੈਂ ਹਾਰਿਆ ਹਾਂ, ਮੈਂ ਨੈਤਿਕ ਜ਼ਿੰਮੇਵਾਰੀ ਲੈਂਦੇ ਹੋਏ ਆਪਣਾ ਅਸਤੀਫ਼ਾ ਪਾਰਟੀ ਨੂੰ ਭੇਜ ਦਿੱਤਾ ਹੈ। ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਸੁਨੀਲ ਜਾਖੜ ਵੱਲੋਂ ਪਾਰਟੀ ਪ੍ਰਧਾਨ ਵਜੋਂ ਅਸਤੀਫਾ ਦੇਣ ਨੂੰ ਗ਼ੈਰਜ਼ਰੂਰੀ ਦੱਸ ਕੇ ਕਿਹਾ ਕਿ ਉਨ੍ਹਾਂ ਦੀ ਅਗਵਾਈ ਵਿਚ ਕਾਂਗਰਸ ਨੇ ਪੰਜਾਬ ਵਿਚ ਸ਼ਾਨਦਾਰ ਨਤੀਜੇ ਦਿੱਤੇ ਹਨ। ਗੁਰਦਾ-ਸਪੁਰ ਤੋਂ ਉਨ੍ਹਾਂ ਦੀ ਹਾਰ ਹੈਰਾਨੀ ਜਨਕ ਸੀ, ਕਿਉਂਕਿ ਵੋਟਰਾਂ ਨੇ 18 ਮਹੀਨਿਆਂ ਦੀ ਉਨ੍ਹਾਂ ਦੀ ਮਿਹਨਤਨਾਲੋਂ ਫਿਲਮ ਸਟਾਰ ਸੰਨੀ ਦਿਓਲ ਨੂੰ ਪਹਿਲ ਦਿੱਤੀ ਹੈ।

# ਕੁਈਨ ਐਲਿਜ਼ਾਬੈੱਥ ਨੇ ਆਪਣੀ ਪਹਿਲੀ ਹਵਾਈ ਟਿਕਟ ਵੇਖੀ

ਲੰਡਨ, 27 ਮਈ (ਪੋਸਟ ਬਿਊਰੋ)- ਬ੍ਰਿਟੇਨ ਦੀ ਮਹਾਰਾਣੀ ਐਲਿਜ਼ਾਬੈੱਥ ਨੇ ਅੱਜ ਵੀਰਵਾਰ ਨੂੰ ਹੀਥਰੋ ਹੈੱਡਕੁਆਰਟਰ ਦਾ ਦੌਰਾ ਕਰਕੇ ਆਪਣੀ ਪਹਿਲੀ ਉਡਾਣ ਦੀ ਟਿਕਟ ਵੇਖੀ। ਜਮਾਇਕਾ ਲਈ ਇਹ ਉਡਾਣ ਉਨ੍ਹਾਂ 1953 ਵਿੱਚ ਆਪਣੀ ਤਾਜਪੋਸ਼ੀ ਦੇ ਪਿੱਛੋਂ ਆਪਣੇ ਪਤੀ ਫਿਲਿਪ ਨਾਲ ਭਰੀ ਸੀ।

ਵਰਨਣ ਯੋਗ ਹੈ ਕਿ ਬ੍ਰਿਟਿਸ਼ ਏਅਰਵੇਜ਼ ਇਸ ਵੇਲੇ ਆਪਣਾ ਸ਼ਤਾਬਦੀ ਸਾਲ ਮਨਾ ਰਿਹਾ ਹੈ। ਇਸ ਦੀ ਸਥਾਪਨਾ 25 ਅਗਸਤ 1919 ਨੂੰ ਹੋਈ ਸੀ। ਓਦੋਂ ਇਸ ਦਾ ਨਾਂ ਏਅਰਕ੍ਰਾਫਟ ਟ੍ਰਾਂਸਪੋਰਟ ਐਂਡ ਟ੍ਰੈਵਲ ਲਿਮਟਿਡ (ਏ ਟੀ ਐਂਡ ਟੀ ਐੱਲ) ਸੀ, ਜਿਹੜਾ ਬਾਅਦ ਵਿਚ ਬਦਲ ਕੇ ਬ੍ਰਿਟਿਸ਼ ਏਅਰਵੇਜ਼ ਰੱਖ ਦਿੱਤਾ ਗਿਆ ਸੀ। ਮਹਾਰਾਣੀ ਐਲਿਜ਼ਾਬੈੱਥ ਦੀ ਪਹਿਲੀ ਟਿਕਟ ਉੱਤੇ ਉਨ੍ਹਾਂ ਦਾ ਨਾਂ ਐੱਚ ਐੱਮ ਕੁਈਨ ਐਲਿਜ਼ਾਬੈੱਥ-2 ਲਿਖਿਆ ਹੈ। ਉਨ੍ਹਾਂ ਇਹ ਯਾਤਰਾ ਨਵੰਬਰ 1953 ਵਿੱਚ ਆਪਣੇ ਪਤੀ ਫਿਲਿਪ ਨਾਲ ਕੀਤੀ ਸੀ ਅਤੇ ਲੰਡਨ ਤੋਂ ਮਾਂਟੇਗੋ ਬੇਅ ਤਕ ਗਏ ਸਨ। ਮਹਾਰਾਣੀ ਦੀ ਆਮਦ ਮੌਕੇ ਅੱਜ ਵੱਖ-ਵੱਖ ਡਰੈੱਸਾਂ ਵਿੱਚ ਮੌਜੂਦ ਬ੍ਰਿਟਿਸ਼ ਏਅਰਵੇਜ਼ ਦੇ ਸਟਾਫ ਨੇ ਉਨ੍ਹਾਂ ਦਾ ਸਵਾਗਤ ਕੀਤਾ। ਇਹ ਡਰੈੱਸਾਂ 1930 ਤੋਂ ਲੈ ਕੇ ਅੱਜ ਤਕ ਬ੍ਰਿਟਿਸ਼ ਏਅਰਵੇਜ਼ ਵਿੱਚ ਲਾਗੂ ਸਨ। ਬ੍ਰਿਟਿਸ਼ ਏਅਰਵੇਜ਼ ਦਾ ਗਠਨ 1974 ਵਿੱਚ ਹੋਇਆ ਤੇ 1987 ਵਿਚ ਇਸ ਦਾ ਨਿੱਜੀਕਰਨ ਕਰ ਦਿੱਤਾ ਗਿਆ। ਇਸ ਸਮੇਂ ਇਹ ਇੰਟਰਨੈਸ਼ਨਲ ਏਅਰਲਾਈਨਜ਼ ਗਰੁੱਪ ਦਾ ਹਿੱਸਾ ਹੈ, ਜਿਹੜਾ 2011 ਵਿਚ ਬ੍ਰਿਟਿਸ਼ ਏਅਰਵੇਜ਼ ਅਤੇ ਇਬੇਰੀਆ ਦੇ ਰਲੇਵੇਂ ਹੋਣ ਪਿੱਛੋਂ ਸਥਾਪਿਤ ਹੋਇਆ ਹੈ ਅਤੇ ਲਗਾਤਾਰ ਚੱਲ ਰਿਹਾ ਹੈ।

# ਸ਼੍ਰੋਮਣੀ ਕਮੇਟੀ ਨੂੰ ਦਿੱਤੀ ਜ਼ਮੀਨ ਉੱਤੇ ਪਿੰਡ ਵਾਸੀ ਮੁੜ ਕੇ ਕਾਬਜ਼

ਐੱਸ ਏ ਐੱਸ ਨਗਰ, 27 ਮਈ, (ਪੋਸਟ ਬਿਊਰੋ)- ਮੋਹਾਲੀ ਜ਼ਿਲ੍ਹੇ ਦੇ ਆਖਰੀ ਪਿੰਡ ਤਸੌਲੀ ਦਾ ਮਾਹੌਲ ਅੱਜ ਓਦੋਂ ਭਖਗਿਆ, ਜਦੋਂ ਇਸ ਪਿੰਡ ਵਿੱਚ ਲੋਕਾਂ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਚਾਰ ਸਾਲ ਪਹਿਲਾਂ ਦਾਨ ਵਿਚ ਦਿੱਤੀ ਹੋਈ 128 ਵਿੱਘੇ ਜ਼ਮੀਨ ਉੱਤੇਚਿੱਟੇ ਦਿਨ ਫਿਰ ਕਬਜ਼ਾ ਕਰ ਲਿਆ।

ਮਿਲ ਸਕੇ ਵੇਰਵਿਆਂ ਮੁਤਾਬਕ ਜਦੋਂ ਇਸ ਬਾਰੇ ਪੁਲਿਸ ਤੇ ਪ੍ਰਸ਼ਾਸਨ ਨੂੰ ਪਤਾ ਲੱਗਾ ਕਿ ਜ਼ਮੀਨ ਉੱਤੇ ਕਬਜ਼ਾ ਹੋ ਗਿਆ ਹੈ ਤਾਂ ਪੁਲਿਸ ਦੇ ਐੱਸ ਪੀ ਰੈਂਕ ਦੇ ਅਧਿਕਾਰੀਤੇ ਡਿਊਟੀ ਮੈਜਿਸਟਰੇਟ ਵਜੋਂ ਨਾਇਬ ਤਹਿਸੀਲਦਾਰ ਅਤੇ ਕਈ ਪੁਲਸ ਪਾਰਟੀਆਂ ਓਥੇ ਗਈਆਂ। ਪਹਿਲਾਂ ਪੁਲਸ ਨੇ ਪਿੰਡ ਵਾਲਿਆਂ ਨੂੰ ਸ਼ਾਂਤ ਕਰਨ ਦੀ ਕੋਸ਼ਿਸ਼ ਕੀਤੀ, ਪਰ ਉਨ੍ਹਾਂ ਦਾ ਰੋਸ ਦੇਖ ਕੇ ਪੁਲਿਸ ਬੇਵੱਸ ਹੋ ਗਈ ਤੇ ਲੋਕਾਂ ਨੇ ਪੁਲਿਸ ਦੇ ਸਾਹ-ਮਣੇ 30-35 ਟ੍ਰੈਕਟਰਾਂ ਨਾਲ ਜ਼ਮੀਨ ਵਾਹੁਣ ਪਿੱਛੋਂ ਇਸ ਦਾ ਕਬਜ਼ਾ ਲੈਣ ਵਜੋਂਨਿਸ਼ਾਨ ਸਾਹਿਬ ਲਾ ਦਿੱਤਾ। ਇਸ ਦੌਰਾਨ ਓਥੇ ਗੁਰਦੁਆਰਾ ਸਾਹਿਬ ਵਿਚ ਮੌਜੂਦ ਸ਼੍ਰੋਮਣੀ ਕਮੇਟੀ ਦੇ ਚਾਰ ਮੁਲਾਜ਼ਮਾਂ ਨੇ ਭੱਜ ਕੇ ਜਾਨ ਬਚਾਈ। ਲੋਕਾਂ ਨੇ ਜ਼ਮੀਨ ਉੱਤੇਕਬਜ਼ੇ ਪਿੱਛੋਂ ਗੁਰਦਵਾਰਾ ਸਾਹਿਬ ਵਿਚ ਅਖੰਡ ਪਾਠ ਸ਼ੁਰੂ ਕਰਵਾ ਦਿੱਤੇ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਉਹ ਜ਼ਮੀਨ ਉੱਤੇ ਕਬਜ਼ਾ ਕਰ ਕੇ ਰੋਸ ਜ਼ਾਹਿਰ ਕਰ ਰਹੇ ਹਨ।

ਪਤਾ ਲੱਗਾ ਹੈ ਕਿ ਪਿੰਡ ਤਸੌਲੀ ਵਿਚਲੀ ਗੁਰਦਵਾਰਾ ਕਮੇਟੀ ਨੇ ਸਾਲ 2015 ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ 128 ਵਿੱਘੇ ਜ਼ਮੀਨ ਦਾਨ ਦਿੱਤੀ ਸੀ। ਪਿੰਡ ਦੇ ਸਰਪੰਚ ਕੇਸਰ ਸਿੰਘ ਦੇ ਮੁਤਾਬਕ ਜਦੋਂ ਇਹ ਜ਼ਮੀਨ ਸ਼੍ਰੋਮਣੀ ਕਮੇਟੀ ਨੂੰ ਦਿੱਤੀ ਤਾਂ ਸ਼੍ਰੋਮਣੀ ਕਮੇਟੀ ਨੇ ਇਹ ਵਾਅਦਾ ਕੀਤਾ ਸੀ ਕਿ ਦਾਨ ਲਈ ਗਈ ਇਸ ਜ਼ਮੀਨ ਉੱਤੇ ਕੁੜੀਆਂ ਦਾ ਕਾਲਜ, ਡਿਸਪੈਂਸਰੀ, ਗੁਰਦੁਆਰਾ ਸਾਹਿਬ, ਲੰਗਰ ਹਾਲ, ਸਟੇਡੀਅਮ ਤੇ ਕਮਿਊਨਿਟੀ ਸੈਂਟਰ ਬਣਾਇਆ ਜਾਵੇਗਾ, ਪ੍ਰੰਤੂ ਬਾਅਦ ਵਿਚ ਆਪਣੇ ਵਾਅਦੇ ਤੋਂਸ਼੍ਰੋਮਣੀ ਕਮੇਟੀ ਮੁੱਕਰ ਗਈ। ਉਨ੍ਹਾਂ ਦੱਸਿਆ ਕਿ ਇਸ ਸਬੰਧ ਵਿੱਚ ਸ਼੍ਰੋਮਣੀ ਕਮੇਟੀ ਦੇ ਪ੍ਰਤੀਨਿਧਾਂ ਨਾਲ ਕਈ ਵਾਰ ਗੱਲਬਾਤ ਕੀਤੀ ਗਈ, ਪਰ ਕੋਈ ਹੱਲ ਨਹੀਂ ਸੀ ਨਿਕਲਿਆ। ਤਸੌਲੀ ਪਿੰਡ ਦੀ ਇਸ ਵਿਵਾਦਤ ਜ਼ਮੀਨ ਬਾਰੇ ਪੰਚਾਇਤ ਮੰਤਰੀ ਤ੍ਰਿਪਤ ਰਾਜਿੰਦਰ ਸਿੰਘ ਬਾਜਵਾ ਨੇ ਦੋਵਾਂ ਪੱਖਾਂ ਨੂੰ ਬੁਲਾਇਆ ਤੇ ਇਹ ਫੈਸਲਾ ਹੋਇਆ ਕਿ ਅਦਾਲਤੀ ਫੈਸਲਾ ਆਉਣ ਤੱਕ ਜ਼ਮੀਨ ਦੀ ਸਥਿਤੀ ਜਿਉਂ ਦੀ ਤਿਉਂ ਰੱਖੀ ਜਾਵੇਗੀ ਅਤੇ ਇਸ ਉੱਤੇ ਸੀਸੀਟੀਵੀ ਕੈਮਰੇ ਲਾਏ ਜਾਣ ਦੇ ਇਲਾਵਾ ਅਦਾਲਤੀ ਫੈਸਲਾ ਹੋਣ ਤੱਕ ਪੁਲਿਸ ਦੀ ਗਾਰਦ ਵੀ ਰਹੇਗੀ। ਐੱਸ ਡੀ ਐੱਮ ਮੋਹਾਲੀ ਦਾ ਕਹਿਣਾ ਹੈ ਕਿ ਕਾਨੂੰਨ ਮੁਤਾਬਕ ਪਿੰਡ ਵਾਸੀਆਂ ਵੱਲੋਂ ਕੀਤਾ ਜਬਰੀ ਕਬਜ਼ਾ ਗਲਤ ਹੈ, ਇਹ ਕਬਜ਼ਾ ਲੈਣ ਵਾਲਿਆਂ ਦੇ ਖ਼ਿਲਾਫ਼ ਪੁਲਿਸ ਨੇ ਕੇਸ ਦਰਜ ਕਰ ਲਿਆ ਹੈ।

# ਅਮਰੀਕਾ ਨੂੰ ਭਾਰਤੀ ਚੋਣਾਂ ਵਿੱਚ ਨਿਰਪੱਖਤਾ ਤੇ ਇਮਾਨਦਾਰੀ ਦਾ ਭਰੋਸਾ

ਵਾਸ਼ਿੰਗਟਨ, 27 ਮਈ (ਪੋਸਟ ਬਿਊਰੋ)- ਭਾਰਤ ਦੇ ਲੋਕਾਂ ਅਤੇ ਦੁਨੀਆ ਦੇ ਸਭ ਤੋਂ ਵੱਡੇ ਲੋਕਤੰਤਰ ਵਿਚ ਚੋਣਾਂ ਦੀ ਨਿਰਪੱਖਤਾ ਅਤੇ ਈਮਾਨਦਾਰੀ ਦੀ ਸ਼ਲਾਘਾ ਕਰਦੇ ਹੋਏ ਅਮਰੀਕਾ ਨੇ ਕਿਹਾ ਹੈ ਕਿ ਚਾਹੇ ਜੋ ਵੀ ਜਿੱਤੇ, ਉਹ ਉਸ ਨਾਲ ਮਿਲ ਕੇ ਕੰਮ ਕਰੇਗਾ। ਲੋਕ ਸਭਾ ਚੋਣ ਲਈ 90 ਕਰੋੜ ਵੋਟਰਾਂ ਨੇ ਹਿੱਸਾ ਲਿਆ ਤੇ 543 ਸੀਟਾਂ ਵਿੱਚੋਂ 542 ਲਈ ਚੋਣ ਵਿੱਚ ਵੱਖ-ਵੱਖ ਸਿਆਸੀ ਧਿਰਾਂ ਅਤੇ ਆਜ਼ਾਦ ਸਮੇਤ 8000 ਤੋਂ ਵੱਧ ਉਮੀਦਵਾਰ ਸਨ।

ਇਸ ਸੰਬੰਧ ਵਿੱਚ ਅਮਰੀਕਾ ਦੇ ਵਿਦੇਸ਼ ਮੰਤਰਾਲੇ ਦੀ ਬੁਲਾਰਾ ਮੋਰਗਨ ਓਰਤਾਗਸ ਨੇ ਕਿਹਾ ਕਿ ਮੈਂ ਅਮਰੀਕਾ ਦੇ ਪੱਖ ਤੋਂ ਕਹਾਂਗੀ ਕਿ ਸਾਨੂੰ ਭਾਰਤੀ ਚੋਣ ਪ੍ਰਕਿਰਿਆ ਦੀ ਈਮਾਨਦਾਰੀ ਅਤੇ ਨਿਰਪੱਖਤਾ 'ਤੇ ਪੂਰਾ ਭਰੋਸਾ ਹੈ ਅਤੇ ਚਾਹੇ ਕੋਈ ਵੀ ਜਿੱਤੇ ਜਾਂ ਜੋ ਵੀ ਨਤੀਜਾ ਆਏ, ਅਸੀਂ ਉਨ੍ਹਾਂ ਨਾਲ ਮਿਲ ਕੇ ਕੰਮ ਕਰਾਂਗੇ। ਇਸ ਵਿਸ਼ਾਲ ਚੋਣ ਪ੍ਰਕਿਰਿਆ ਨੂੰ ਸ਼ਾਂਤੀਪੂਰਨ ਤਰੀਕੇ ਨਾਲ ਸੰਪੂਰਨ ਕਰਾਉਣ ਲਈ ਉਨ੍ਹਾਂ ਨੇ ਭਾਰਤ ਅਤੇ ਦੇਸ਼ ਦੀ ਜਨਤਾ ਦੀ ਸ਼ਲਾਘਾ ਕੀਤੀ। ਉਨ੍ਹਾਂ ਕਿਹਾ ਕਿ ਕਿਸੇ ਨੇ ਮੈਨੂੰ ਦੱਸਿਆ ਕਿ ਭਾਰਤੀ ਚੋਣ ਪ੍ਰਕਿਰਿਆ ਮਨੁੱਖੀ ਇਤਿਹਾਸ ਵਿੱਚ ਸਭ ਤੋਂ ਵੱਡੀ ਲੋਕਤੰਤ੍ਰਿਕ ਪ੍ਰਕਿਰਿਆ ਹੈ। 'ਵਾਸ਼ਿੰਗਟਨ ਪੋਸਟ' ਨੇ ਕੱਲ੍ਹ ਕਿਹਾ ਸੀ ਕਿ ਭਾਰਤੀ ਚੋਣ ਦੁਨੀਆ 'ਚ ਸਭ ਤੋਂ ਵੱਡੀ ਲੋਕਤੰਤ੍ਰਿਕ ਪ੍ਰਕਿਰਿਆ ਹੈ।

# ਅਮਰੀਕਾ ਨੇ ਜੂਲੀਅਨ ਅਸਾਂਜੇ ਉੱਤੇ 17 ਨਵੇਂ ਦੋਸ਼ ਲਾ ਧਰੇ

ਵਾਸ਼ਿੰਗਟਨ, 27 ਮਈ (ਪੋਸਟ ਬਿਊਰੋ)- ਵਿਕੀਲੀਕਸ ਦੇ ਮੋਢੀ ਜੂਲੀਅਨ ਅਸਾਂਜੇ ਉੱਤੇ ਅਮਰੀਕਾ ਨੇ ਜਾਸੂਸੀ ਐਕਟ ਦੇ 17 ਨਵੇਂ ਦੋਸ਼ ਲਾਏ ਹਨ। ਅਮਰੀਕਾ ਦੀ ਇਕ ਫੈਡਰਲ ਗ੍ਰੈਂਡ ਜੂਰੀ ਨੇ ਜੂਲੀਅਨ ਅਸਾਂਜੇ ਵਿਰੁੱਧ ਜਾਸੂਸੀ ਐਕਟ ਹੇਠ 17 ਵਾਧੂ ਦੋਸ਼ਾਂ ਦਾ ਐਲਾਨ ਕੀਤਾ ਹੈ। ਇਸ ਵੇਲੇ ਅਸਾਂਜੇ ਬ੍ਰਿਟਿਸ਼ ਜੇਲ ਵਿਚ ਆਪਣੀ ਹਵਾਲਗੀ ਦੇ ਕੇਸ ਦੀ ਸੁਣਵਾਈ ਦੀ ਉਡੀਕ ਕਰ ਰਹੇ ਹਨ। ਅਮਰੀਕਾ ਨੇ ਬ੍ਰਿਟੇਨ ਤੋਂ ਅਸਾਂਜੇ ਦੀ ਹਵਾਲਗੀ ਦੀ ਮੰਗ ਕੀਤੀ ਹੈ। ਇਸ ਸੰਬੰਧ ਵਿੱਚ ਅਮਰੀਕਾ ਵਿਚ ਵੀਰਵਾਰ ਨੂੰ ਜਨਤਕ ਕੀਤਾ ਗਿਆ ਕਿ ਨਵਾਂ ਕੇਸ 2010 ਵਿਚ ਵਿਕੀਲੀਕਸ ਵੱਲੋਂ ਅਮਰੀਕੀ ਦਸਤਾਵੇਜ਼ਾਂ ਨੂੰ ਛਾਪਣ ਨਾਲ ਸਬੰਧਤ ਹੈ। ਇਸ ਮੁਤਾਬਕ ਅਸਾਂਜੇ ਨੇ ਗਲਤ ਢੰਗ ਨਾਲ ਉਨ੍ਹਾਂ ਲੋਕਾਂ ਦੇ ਨਾਵਾਂ ਦਾ ਖੁਲਾਸਾ ਕੀਤਾ, ਜੋ ਅਮਰੀਕੀ ਸਰਕਾਰ ਨਾਲ ਕੰਮ ਕਰਦੇ ਸਨ। ਇੰਜ ਕਰ ਕੇ ਉਹ ਉਨ੍ਹਾਂ ਦੀ ਜ਼ਿੰਦਗੀ ਨੂੰ ਖਤਰੇ ਵਿਚ ਪਾ ਰਹੇ ਸਨ। ਅਸਾਂਜੇ ਨੂੰ ਜਾਸੂਸੀ ਐਕਟ ਦਾ ਦੋਸ਼ੀ ਮੰਨਿਆ ਗਿਆ ਹੈ। ਜੇ ਇਹ ਦੋਸ਼ ਸਾਬਤ ਹੋ ਗਏ ਤਾਂ ਉਸ ਨੂੰ 170 ਸਾਲ ਤੱਕ ਸਜ਼ਾ ਹੋ ਸਕਦੀ ਹੈ। ਅਸਾਂਜੇ ਵਿਰੁੱਧ ਲਾਏ ਹਰ ਦੋਸ਼ ਦੀ ਉਸ ਨੂੰ 10 ਸਾਲ ਜੇਲ ਦੀ ਸਜ਼ਾ ਹੋ ਸਕਦੀ ਹੈ। ਉਸ ਨੂੰ ਗੰਭੀਰ ਕੇਸ ਦਾ ਸਾਹਮਣਾ ਕਰਨਾ ਪਵੇਗਾ। ਮਾਹਰਾਂ ਦੀ ਰਾਏ ਹੈ ਕਿ ਜੇ ਅਮਰੀਕਾ ਨੂੰ ਉਸ ਦੀ ਹਵਾਲਗੀ ਹੋਈ ਤਾਂ ਉਨ੍ਹਾਂ ਨੂੰ ਬਾਕੀ ਜ਼ਿੰਦਗੀ ਜੇਲ ਵਿਚ ਕੱਟਣੀ ਪਵੇਗੀ।

# ਕੋਲਕਾਤਾ ਦੇ ਸਾਬਕਾ ਪੁਲਿਸ ਕਮਿਸ਼ਨਰ ਰਾਜੀਵ ਅੱਜ ਫੇਰ ਸੀ ਬੀ ਆਈ ਅੱਗੇ ਪੇਸ਼ ਨਹੀਂ ਹੋਏ

ਕੋਲਕਾਤਾ, 27 ਮਈ, (ਪੋਸਟ ਬਿਊਰੋ)- ਸ਼ਾਰਧਾ ਚਿਟਫੰਡ ਘੁਟਾਲਾ ਕੇਸ ਵਿੱਚ ਕੋਲਕਾਤਾ ਸ਼ਹਿਰ ਦੇ ਸਾਬਕਾ ਪੁਲਿਸ ਕਮਿਸ਼ਨਰ ਰਾਜੀਵ ਕੁਮਾਰ ਅੱਜ ਸੋਮਵਾਰ ਨੂੰ ਫਿਰ ਸੀ ਬੀ ਆਈ ਅੱਗੇ ਪੇਸ਼ ਨਹੀਂ ਹੋਏ। ਪੱਛਮੀ ਬੰਗਾਲ ਸੀ ਆਈ ਡੀਵਿਭਾਗ ਨੇ ਇਕ ਪੱਤਰ ਭੇਜ ਕੇ ਜਾਂਚ ਏਜੰਸੀ ਸੀ ਬੀ ਆਈ ਨੂੰ ਦੱਸਿਆ ਕਿ ਰਾਜੀਵ ਕੁਮਾਰ ਨਿੱਜੀ ਕੰਮ ਲਈ ਆਪਣੇ ਘਰੇਲੂ ਸੂਬੇ ਉੱਤਰ ਪ੍ਰਦੇਸ਼ ਵਿੱਚ ਹਨ ਤੇ ਛੁੱਟੀ ਉੱਤੇ ਚੱਲ ਰਹੇ ਹਨ, ਇਸ ਲਈ ਪੇਸ਼ ਨਹੀਂ ਹੋ ਸਕਦੇ।




ਵਰਨਣ ਯੋਗ ਹੈ ਕਿ ਇਸ ਵਕਤ ਰਾਜੀਵ ਕੁਮਾਰ ਏਡੀਜੀ (ਸੀ ਆਈ ਡੀ) ਹਨ ਅਤੇਸੀ ਆਈ ਡੀ ਨੇ ਆਪਣੇ ਮੁਖੀ ਦੀ ਪੇਸ਼ੀ ਲਈ 3 ਦਿਨਾਂ ਦੀ ਮੋਹਲਤ ਮੰਗੀ ਹੈ। ਸੀ ਬੀ ਆਈ ਨੇ ਇਸ ਹਫ਼ਤੇ ਸਰਕੂਲਰ ਜਾਰੀ ਕਰ ਕੇ ਸਾਰੇ ਦੇਸ਼ ਦੇ ਹਵਾਈ ਅੱਡਿਆਂ ਤੇ ਇਮੀਗ੍ਰੇਸ਼ਨ ਅਧਿਕਾਰੀਆਂ ਨੂੰ ਕਹਿ ਦਿੱਤਾ ਹੈ ਕਿ ਉਹ ਰਾਜੀਵ ਕੁਮਾਰ ਨੂੰ ਇਕ ਸਾਲ ਲਈ ਦੇਸ਼ ਛੱਡਣ ਦੀ ਇਜਾਜ਼ਤ ਨਾ ਦੇਣਅਤੇ ਜੇ ਉਹ ਜਾਣ ਦੀ ਕੋਸ਼ਿਸ ਕਰਨ ਤਾਂ ਗ੍ਰਿਫਤਾਰ ਕਰ ਲਿਆ ਜਾਵੇ। ਬੀਤੇ ਐਤਵਾਰ ਨੂੰ ਸੀ ਬੀ ਆਈ ਨੇ ਰਾਜੀਵ ਕੁਮਾਰ ਦੇ ਖ਼ਿਲਾਫ਼ ਸੈਂਕੜੇ ਕਰੋੜ ਰੁਪਏ ਦੇ ਸ਼ਾਰਧਾ ਚਿਟਫੰਡ ਘੁਟਾਲਾ ਕੇਸ ਵਿੱਚਇਸ ਤਰ੍ਹਾਂ ਦਾ ਲੁਕਆਊਟ ਨੋਟਿਸ ਜਾਰੀ ਕੀਤਾ ਸੀ।

ਇਸ ਤੋਂ ਪਹਿਲਾਂ ਚੋਣਾਂ ਦੌਰਾਨ ਚੋਣ ਕਮਿਸ਼ਨ ਵੱਲੋਂ ਅਹੁਦੇ ਤੋਂ ਲਾਂਭੇ ਕੀਤੇ ਗਏ ਰਾਜੀਵ ਕੁਮਾਰ ਨੂੰ ਚੋਣ ਜ਼ਾਬਤਾ ਹਟਣ ਪਿੱਛੋਂ ਐਤਵਾਰ ਰਾਤ ਨੂੰਸੀ ਆਈ ਡੀ ਦੇ ਵਧੀਕ ਡਾਇਰੈਕਟਰ ਜਨਰਲ ਦੇ ਅਹੁਦੇਦੀ ਮੁੜ ਨਿਯੁਕਤੀ ਮਿਲੀ ਹੈ। ਵਿਭਾਗ ਵੱਲੋਂ ਸੀ ਬੀ ਆਈ ਨੂੰ ਭੇਜੇ ਗਏ ਪੱਤਰ ਮੁਤਾਬਕ ਰਾਜੀਵ ਕੁਮਾਰ ਛੇ ਦਿਨਾ ਛੁੱਟੀ ਉੱਤੇ ਵਾਰਾਨਸੀ ਵਿੱਚ ਹਨ। ਸੀ ਬੀ ਆਈਉਨ੍ਹਾ ਨੂੰ ਗ੍ਰਿਫਤਾਰ ਕਰ ਕੇ ਪੁੱਛਗਿੱਛ ਕਰਨਾ ਚਾਹੁੰਦੀ ਹੈ ਅਤੇ ਪਿਛਲੇ ਕਈ ਦਿਨਾਂ ਤੋਂ ਸੰਪਰਕ ਕਰਨ ਦੀ ਕੋਸ਼ਿਸ਼ ਕਰ ਰਹੀ ਹੈ। ਕਰੀਬ 2500 ਕਰੋੜ ਰੁਪਏ ਤੋਂ ਵੱਧ ਦੇ ਸ਼ਾਰਧਾ ਚਿਟਫੰਡ ਘੁਟਾਲੇ ਦੀ ਜਾਂਚ ਕਰਨ ਲਈ ਰਾਜ ਸਰਕਾਰ ਵੱਲੋਂ ਬਣਾਈ ਵਿਸ਼ੇਸ਼ ਜਾਂਚ ਟੀਮ ਦੇ ਮੁਖੀ ਰਾਜੀਵ ਕੁਮਾਰ ਹੀ ਸਨ। ਸੀ ਬੀ ਆਈਦੇ ਸੂਤਰਾਂ ਮੁਤਾਬਕ ਰਾਜੀਵ ਕੁਮਾਰ ਜਾਂਚ ਨਾਲ ਜੁੜੇ ਮਹੱਤਵਪੂਰਨ ਤੱਥਾਂ ਨੂੰ ਛਿਪਾ ਰਹੇ ਹਨ। ਇਹ ਕੇਸ ਸੁਪਰੀਮ ਕੋਰਟ ਵਿੱਚ ਗਿਆ ਤਾਂ ਕੋਰਟ ਨੇ ਰਾਜੀਵ ਕੁਮਾਰ ਦੀ ਗ੍ਰਿਫਤਾਰੀ ਉੱਤੇ ਲੱਗੀ ਰੋਕ ਹਟਾ ਕੇ ਸੱਤ ਦਿਨਾਂਦੇ ਅੰਦਰ ਹੇਠਲੀ ਅਦਾਲਤ ਜਾਂ ਹਾਈ ਕੋਰਟ ਤੋਂ ਅਗਲੇਰੀ ਜ਼ਮਾਨਤ ਦਾ ਸਮਾਂ ਦਿੱਤਾ ਸੀ, ਜਿਸ ਦੀ ਮਿਆਦ ਸ਼ੁੱਕਰਵਾਰ ਰਾਤ 12 ਵਜੇ ਸਮਾਪਤ ਹੋ ਚੁੱਕੀ ਹੈ।








# ਸੰਤ ਬਾਬਾ ਕਾਹਲਾ ਸਿੰਘ ਜੀ ਦੀ ਬਰਸੀ ਦੇ ਸੰਬੰਧ ’ਚ ਸ੍ਰੀ ਅਖੰਡ ਪਾਠ ਸਹਿਬ 30 ਮਈ ਤੋਂ



ਸਮੂਹ ਸਾਧ ਨੂੰ ਨਿਮਰਤਾ ਸਹਿਤ ਬੇਨਤੀ ਕੀਤੀ ਜਾਂਦੀ ਹੈ ਕਿ ਸ਼੍ਰੀ ਮਾਛੀਵਾੜਾ ਸਾਹਿਬ ਦੀ ਸੰਗਤ ਵਲੋਂ ਸੰਤ ਬਾਬਾ ਕਾਹਲਾ ਸਿੰਘ ਜੀ ਦੀ ਬਰਸੀ ਦਸਮੇਸ਼ ਦਰਬਾਰ ਗੁਰਦੁਆਰਾ ਸਾਹਿਬ ਜੋ ਕਿ ਗੋਰ ਅਤੇ ਏਬਨੇਜ਼ਰ ਰੋਡ ਦੇ ਕੋਰਨਰ ਤੇ ਮਨਾਈ ਜਾ ਰਹੀ ਹੈ। ਇਸ ਸਬੰਧ ਵਿੱਚ ਸ਼੍ਰੀ ਅਖੰਡ ਪਾਠ ਸਹਿਬ 30 ਮਈ, ਦਿਨ ਵੀਰਵਾਰ ਨੂੰ ਸਵੇਰੇ 10 ਵਜੇ ਆਰੰਭ ਹੋ ਕਿ 1 ਜੂਨ ਦਿਨ ਸ਼ਨੀਵਾਰ ਸਵੇਰੇ 10 ਵਜੇ ਤੋਂ 12 ਵਜੇ ਤੱਕ ਭੋਗ ਪਾਏ ਜਾਣਗੇ। ਸਾਰੀਆਂ ਸੰਗਤਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਆਪ ਸਭ ਪਰਿਵਾਰ ਸਮੇਤ ਗੁਰੂਘਰ ਪਹੁੰਚ ਕੇ ਗੁਰੂਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੋ। ਵਧੇਰੇ ਜਾਣਕਾਰੀ ਲਈ ਉਜਾਗਰ ਸਿੰਘ ਗਿੱਲ ਨਾਲ 647-203-4090 ਜਾਂ ਬਲਵੰਤ ਸਿੰਘ ਮਾਂਗਟ 647-706-9040 ਜਾਂ ਗੁਰਪ੍ਰੀਤ ਸਿੰਘ ਉਪਲ 647-203-1887 ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਬ੍ਰਿਟੇਨ ਵਿੱਚ ਜਬਰੀ ਵਿਆਹਾਂ ਦੇ ਕੇਸਾਂ ਵਿੱਚ ਭਾਰੀ ਵਾਧਾ

ਲੰਡਨ, 27 ਮਈ (ਪੋਸਟ ਬਿਊਰੋ)- ਬ੍ਰਿਟੇਨ ਵਿੱਚ ਜਬਰੀ ਵਿਆਹਾਂ ਦੇ ਕੇਸਾਂ ਵਿੱਚ ਰਿਕਾਰਡ ਵਾਧਾ ਹੋਇਆ ਹੈ। ਪਿਛਲੇ ਸਾਲ ਦੀ ਸਥਿਤੀ ਬਾਰੇ ਜਾਰੀ ਰਿਪੋਰਟ ਵਿਚ ਕਿਹਾ ਗਿਆ ਹੈ ਕਿ ਪੰਜ ਵਿਚੋਂ ਇਕ ਵਿਆਹ ਜਬਰੀ ਵਿਆਹ ਸਾਬਤ ਹੋਣ ਲੱਗ ਪਿਆ ਹੈ। ਇਨ੍ਹਾਂ ਵਿਚੋਂ ਜ਼ਿਆਦਾ ਕੇਸ 16 ਸਾਲ ਤੋਂ ਘੱਟ ਉਮਰ ਦੀਆਂ ਕੁੜੀਆਂ ਦੇ ਹਨ। ਮਿਲੀ ਜਾਣਕਾਰੀ ਅਨੁਸਾਰ ਜਬਰੀ ਵਿਆਹਾਂ ਬਾਰੇ ਬਣਾਏ ਵਿਸ਼ੇਸ਼ ਸੈੱਲ ਕੋਲ 2018 ਵਿਚ 1,784 ਕੇਸ ਆਏ ਸਨ, ਜਿਹੜੇ ਓਦੋਂ ਪਿਛਲੇ ਸਾਲ ਦੇ ਮੁਕਾਬਲੇ 47 ਫ਼ੀਸਦੀ ਵੱਧ ਸਨ। ਇਨ੍ਹਾਂ ਵਿਚੋਂ 40 ਫ਼ੀਸਦੀ ਕੇਸ ਪਾਕਿਸਤਾਨ ਨਾਲ ਤੇ ਬਾਕੀ ਸੋਮਾਲੀਆ, ਇਰਾਕ, ਰੋਮਾਨੀਆ ਤੇ ਬ੍ਰਿਟੇਨ ਦੇ ਨਾਗਰਿਕਾਂ ਬਾਰੇ ਸਨ। ਬ੍ਰਿਟੇਨ ਦੇ ਅਧਿਕਾਰੀਆਂ ਨੇ ਦੱਸਿਆ ਕਿ ਉਨ੍ਹਾਂ ਸਾਲ 2018 ਵਿਚ ਸਭ ਤੋਂ ਵੱਧ ਕੇਸਾਂ ਨੂੰ ਨਜਿੱਠਿਆ।

# ਵੈਟਨਰੀ ਯੂਨੀਵਰਸਿਟੀ ਦੇ ਐੱਨ ਐੱਸ ਐੱਸ ਸਵੈ-ਸੇਵਕਾਂ ਨੇ ਚਲਾਈ ਸਫਾਈ ਮੁਹਿੰਮ





ਲੁਧਿਆਣਾ, 27 ਮਈ (ਗਿਆਨ ਸਿੰਘ): ਗੁਰੂ ਅੰਗਦ ਦੇਵ ਵੈਟਨਰੀ ਅਤੇ ਐਨੀਮਲ ਸਾਇੰਸਜ਼ ਯੂਨੀਵਰਸਿਟੀ, ਲੁਧਿਆਣਾ ਦੇ ਕੌਮੀ ਸੇਵਾ ਯੋਜਨਾ (ਐਨ ਐਸ ਐਸ) ਸਵੈ-ਸੇਵਕਾਂ ਨੇ ਵਿਸ਼ੇਸ਼ ਸਫਾਈ ਮੁਹਿੰਮ ਦੇ ਤਹਿਤ ਸਾਰੀ ਯੂਨੀਵਰਸਿਟੀ ਨੂੰ ਸਾਫ ਕੀਤਾ। ਇਸ ਸਫਾਈ ਮੁਹਿੰਮ ਦਾ ਆਰੰਭ ਸ਼੍ਰੀਮਤੀ ਮਧੂ ਬਾਲਾ, ਖੇਤਰੀ ਨਿਰਦੇਸ਼ਕ, ਐਨ ਐਸ ਐਸ, ਯੁਵਕ ਸੇਵਾਵਾਂ ਨਿਰਦੇਸ਼ਾਲਾ, ਪੰਜਾਬ ਨੇ ਕੀਤੀ। ਸਵੈ-ਸੇਵਕਾਂ ਦੇ ਸਮੂਹ ਨੂੰ ਸੰਬੋਧਿਤ ਕਰਦਿਆਂ ਹੋਇਆ ਬਾਲਾ ਨੇ ਕਿਹਾ ਕਿ ਸਾਫ ਸੁਥਰੇ ਕੈਂਪਸ ਸਮੇਂ ਦੀ ਜ਼ਰੂਰਤ ਹਨ। ਜੇਕਰ ਅਸੀਂ ਸਫਾਈ ਅਤੇ ਹਰਿਆਵਲ ਨੂੰ ਬਰਕਰਾਰ ਨਾ ਰੱਖ ਸਕੇ ਤਾਂ ਅਸੀਂ ਖੁਦ ਵੀ ਅਤੇ ਆਉਂਦੀਆਂ ਪੀੜੀਆਂ ਨੂੰ ਵੀ ਇਕ ਬਹੁਤ ਘਟੀਆ ਵਿਰਾਸਤ ਸੌਂਪ ਕੇ ਜਾਵਾਂਗੇ, ਜਿਸ ਨਾਲ ਵਾਤਾਵਰਣ ਸੰਬੰਧੀ ਬਹੁਤ ਮਾੜੇ ਨੁਕਸਾਨ ਹੋਣਗੇ।

ਯੂਨੀਵਰਸਿਟੀ ਦੇ ਨਿਰਦੇਸ਼ਕ ਵਿਦਿਆਰਥੀ ਭਲਾਈ, ਡਾ. ਸਤਿਆਵਾਨ ਰਾਮ ਪਾਲ ਨੇ ਵਿਦਿਆਰਥੀਆਂ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਉਨ੍ਹਾਂ ਦੇ ਅਣਥਕ ਯਤਨਾਂ ਨਾਲ ਹੀ ਇਹ ਮੁਹਿੰਮ ਸਿਰੇ ਚੜ੍ਹ ਸਕੀ ਹੈ। ਕੌਮੀ ਸੇਵਾ ਯੋਜਨਾ ਦੇ ਸੰਯੋਜਕ, ਸ਼੍ਰੀਮਤੀ ਨਿਧੀ ਸ਼ਰਮਾ ਨੇ ਇਸ ਸਫਾਈ ਮੁਹਿੰਮ ਦੇ ਸੰਕਲਪ ਸੰਬੰਧੀ ਚਾਨਣਾ ਪਾਇਆ। ਉਨ੍ਹਾਂ ਨੇ ਕਿਹਾ ਕਿ ਸਾਨੂੰ ਇਕ ਵਾਰ ਸਫਾਈ ਕਰਨ ਤੋਂ ਬਾਅਦ ਭੁੱਲ ਨਹੀਂ ਜਾਣਾ ਚਾਹੀਦਾ ਬਲਕਿ ਇਸ ਆਦਤ ਨੂੰ ਆਪਣਾ ਪੱਕਾ ਸੁਭਾਅ ਬਨਾਉਣਾ ਚਾਹੀਦਾ ਹੈ। ਐਨੀਮਲ ਬਾਇਓਤਕਨਾਲੋਜੀ ਕਾਲਜ ਦੇ ਡਾ. ਚੰਦਰ ਸ਼ੇਖਰ ਮੁਖੋਪਾਧਿਆਏ ਨੇ ਇਸ ਮੁਹਿੰਮ ਦਾ ਸੰਚਾਲਨ ਕੀਤਾ ਸੀ ਅਤੇ ਮਿੱਥੇ ਸਮੇਂ ਤੋਂ ਪਹਿਲਾਂ ਹੀ ਕੈਂਪਸ ਨੂੰ ਸਾਫ ਸੁਥਰਾ ਕਰਨ ਦਾ ਟੀਚਾ ਪੂਰਾ ਕਰ ਲਿਆ। ਡੇਅਰੀ ਸਾਇੰਸ ਕਾਲਜ ਦੇ ਡਾ. ਸਿਵਾ ਕੁਮਾਰ ਨੇ ਕਿਹਾ ਕਿ ਇਸ ਟੀਚੇ ਨੂੰ ਪੂਰਿਆਂ ਕਰਨ ਵਾਸਤੇ ਜਿਥੇ ਸਵੈ-ਸੇਵਕਾਂ ਦਾ ਯੋਗਦਾਨ ਰਿਹਾ ਉਥੇ ਸਾਡੇ ਸਟਾਫ ਵਲੋਂ ਵੀ ਅਹਿਮ ਭੂਮਿਕਾ ਨਿਭਾਈ ਗਈ।

# ਭਾਰਤ ਦੇ ਚੋਣ ਨਤੀਜਿਆਂ ਉੱਤੇ ਪਾਕਿ ਮੀਡੀਆ ਨੇ ਕਰੀਬੀ ਨਜ਼ਰ ਰੱਖੀ



ਇਸਲਾਮਾਬਾਦ, 27 ਮਈ (ਪੋਸਟ ਬਿਊਰੋ)- ਪਾਕਿਸਤਾਨੀ ਮੀਡੀਆ ਨੇ ਭਾਰਤ ਦੇ ਚੋਣ ਨਤੀਜਿਆਂ 'ਤੇ ਨਜ਼ਰ ਬਣਾਈ ਰੱਖੀ ਸੀ। ਭਾਰਤ ਵਿੱਚ ਵੋਟਾਂ ਦੀ ਗਿਣਤੀ ਦੇ ਸ਼ੁਰੂਆਤੀ ਰੁਝਾਨਾਂ ਅਤੇ ਪ੍ਰਤੀਕਿਰਿਆਵਾਂ ਨੂੰ ਵਿਆਪਕ ਤੌਰ ਉੱਤੇ ਪਾਕਿ ਮੀਡੀਆ ਸਾਰਾ ਦਿਨ ਦੇਸ਼ ਵਿੱਚ ਪੇਸ਼ ਕਰਦਾ ਰਿਹਾ ਸੀ।

ਵਰਨਣ ਯੋਗ ਹੈ ਕਿ ਭਾਰਤੀ ਲੋਕ ਸਭਾ ਚੋਣਾਂ ਦੇ ਨਤੀਜੇ ਪਾਕਿਸਤਾਨ ਲਈ ਕਾਫੀ ਮਹੱਤਵ ਪੂਰਨ ਹਨ, ਕਿਉਂਕਿ ਨਵੀਂ ਦਿੱਲੀ ਵਿੱਚ ਬਣਨ ਵਾਲੀ ਅਗਲੀ ਸਰਕਾਰ ਨਾਲ ਦੋਵਾਂ ਦੇਸ਼ਾਂ ਦੇ ਸੰਬੰਧਾਂ ਦਾ ਰੁਖ਼ ਤੈਅ ਹੋਣਾ ਹੈ। ਬੀਤੇ ਫਰਵਰੀ ਵਿੱਚ ਪੁਲਵਾਮਾ ਅੱਤਵਾਦੀ ਹਮਲੇ ਦੇ ਬਾਅਦ ਤੋਂ ਦੋਵਾਂ ਦੇ ਰਿਸ਼ਤੇ ਤਣਾਅ ਪੂਰਨ ਹਨ।

ਪਾਕਿਸਤਾਨ ਵਿੱਚ ਕੱਲ੍ਹ ਅਖਬਾਰ ‘ਡਾਨ' ਦੀ ਹੈਡਲਾਈਨ ਸੀ ‘ਭਾਰਤ ਵਿੱਚ ਮਤਗਣਨਾ ਸ਼ੁਰੂ।' ਫਿਰ ਅਖਬਾਰ ਦੀ ਵੈਬਸਾਈਟ ਉੱਤੇ ਚੋਣ ਸੰਬੰਧੀ ‘ਲਾਈਵ ਅਪਡੇਟ' ਦਿੱਤੀ ਗਈ, ਜਿਥੇ ਕੁਝ ਪ੍ਰਮੁੱਖ ਉਮੀਦਵਾਰਾਂ ਨਾਲ ਜੁੜੇ ਨਤੀਜੇ ਅਤੇ ਸ਼ੁਰੂਆਤੀ ਰੁਝਾਨ ਵੀ ਦਿੱਤੇ ਗਏ। ‘ਐਕਸਪ੍ਰੈਸ ਟ੍ਰਿਬਿਊਨ' ਨੇ ਆਪਣੀ ਵੈਬਸਾਈਟ ਉਤੇ ਲਿਖਿਆ, ‘ਮੋਦੀ ਭਾਰਤੀ ਚੋਣਾਂ ਵਿੱਚ ਇਕਤਰਫਾ ਜਿੱਤ ਵੱਲ, ਭਾਜਪਾ 542 ਸੀਟਾਂ ਵਿੱਚੋਂ 292 ਸੀਟ ਹਾਸਲ ਕਰਕੇ ਅੱਗੇ ਚੱਲ ਰਹੀ ਹੈ। ਪਾਰਲੀਮੈਂਟ ਵਿੱਚ ਬਹੁਮਤ ਲਈ 272 ਸੀਟਾਂ ਦੀ ਲੋੜ।' ਏਸੇ ਤਰ੍ਹਾਂ ‘ਜਿਓ ਟੀ ਵੀ' ਸ਼ੁਰੂਆਤੀ ਰੁਝਾਨ ਦਿਖਾ ਰਿਹਾ ਸੀ। ਸਰਕਾਰ ਦੇ ਕੰਟਰੋਲ ਵਾਲੇ ‘ਰੇਡੀਓ ਪਾਕਿਸਤਾਨ' ਨੇ ਦੱਖਣੀ ਏਸ਼ੀਆ ਹਿੱਸੇ ਵਿੱਚ ‘ਭਾਰਤੀ ਮਤਗਣਨਾ ਵਿੱਚ ਮੋਦੀ ਦੀ ਭਾਜਪਾ ਅੱਗੇ’ ਨਾਮ ਨਾਲ ਖਬਰ ਦਿੱਤੀ। ਲਗਭਗ ਸਾਰੇ ਪਾਕਿਸਤਾਨੀ ਸਮਾਚਾਰ ਚੈਨਲਾਂ ਅਤੇ ਅਖਬਾਰਾਂ ਨੇ ਭਾਰਤੀ ਮੀਡੀਆ ਦੇ ਕਵਰੇਜ਼ ਦਾ ਵੇਰਵਾ ਦਿੱਤਾ ਹੈ। ਬੀਤੇ ਅਪ੍ਰੈਲ ਵਿੱਚ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਇਮਰਾਨ ਖਾਨ ਨੇ ਕਿਹਾ ਸੀ ਕਿ ਉਨ੍ਹਾਂ ਦਾ ਮੰਨਣਾ ਹੈ ਕਿ ਜੇ ਮੋਦੀ ਦੀ ਪਾਰਟੀ ਭਾਜਪਾ ਲੋਕ ਸਭਾ ਚੋਣਾਂ ਵਿੱਚ ਜਿੱਤਦੀ ਹੈ ਤਾਂ ਭਾਰਤ ਨਾਲ ਸ਼ਾਂਤੀ ਵਾਰਤਾ ਕਰਨ ਦਾ ਵਧੀਆ ਮੌਕਾ ਮਿਲ ਸਕਦਾ ਹੈ ਅਤੇ ਕਸ਼ਮੀਰ ਮੁੱਦਾ ਸੁਲਝ ਸਕਦਾ ਹੈ।

# ਰਾਮਗੜ੍ਹੀਆ ਬੋਰਡ ਦਿੱਲੀ ਦੀ ਬੈਠਕ, ਨਵੀਂ ਕਮੇਟੀ ਦੀ ਚੋਣ

## ਪ੍ਰਧਾਨ ਜਤਿੰਦਰਪਾਲ ਸਿੰਘ ਗਾਗੀ, ਚੇਅਰਮੈਨ ਗੁਰਸ਼ਰਨ ਸਿੰਘ ਸੰਧੂ ਤੇ ਜਨਰਲ ਸਕੱਤਰ ਹਰਦਿੱਤ ਸਿੰਘ ਗੋਬਿੰਦਪੁਰੀ





ਦਿੱਲੀ, 27 ਮਈ (ਗਿਆਨ ਸਿੰਘ): ਰਾਮਗੜ੍ਹੀਆ ਬੋਰਡ ਦਿੱਲੀ ਦੀ ਬੈਠਕ ਸ਼ਾਮ ਕੀਰਤੀ ਨਗਰ ਵਿਖੇ ਹੋਈ, ਜਿਸ 'ਚ ਬੋਰਡ ਦੇ ਪ੍ਰਧਾਨ ਸ੍ ਜਤਿੰਦਰਪਾਲ ਸਿੰਘ ਗਾਗੀ ਵੱਲੋਂ ਬੋਰਡ ਦੀ ਪੁਰਾਣੀ ਪ੍ਰਬੰਧਕ ਕਮੇਟੀ ਨੂੰ ਭੰਗ ਕਰ ਕੇ ਨਵੀਂ ਕਮੇਟੀ ਦੀ ਚੋਣ ਲਈ ਬੇਨਤੀ ਕੀਤੀ। ਸੀਨੀਅਰ ਪੰਥਕ ਆਗੂ ਤੇ ਤਖ਼ਤ ਪਟਨਾ ਸਾਹਿਬ ਜੀ ਦੇ ਪ੍ਰਧਾਨ ਜੱਥੇਦਾਰ ਅਵਤਾਰ ਸਿੰਘ ਹਿੱਤ ਨੇ ਮੌਕੇ ਦੇ ਪ੍ਰਧਾਨ ਦੀ ਭੂਮਿਕਾ ਨਿਭਾਉਂਦਿਆਂ ਰਾਮਗੜ੍ਹੀਆ ਬੋਰਡ ਦਿੱਲੀ ਦੇ ਪ੍ਰਧਾਨ ਲਈ ਜਤਿੰਦਰਪਾਲ ਸਿੰਘ ਗਾਗੀ, ਚੇਅਰਮੈਨ ਲਈ ਗੁਰਸ਼ਰਨ ਸਿੰਘ ਸੰਧੂ ਤੇ ਜਨਰਲ ਸਕੱਤਰ ਲਈ ਹਰਦਿੱਤ ਸਿੰਘ ਗੋਬਿੰਦਪੁਰੀ ਦੇ ਨਾਂ ਪੇਸ਼ ਕੀਤੇ, ਜਿਨ੍ਹਾਂ ਨੂੰ ਵੱਡੀ ਗਿਣਤੀ 'ਚ ਸ਼ਾਮਲ ਬੋਰਡ ਦੇ ਅਹੁਦੇਦਾਰ ਸਾਹਿਬਾਨ ਤੇ ਭਾਈਚਾਰੇ ਨੇ ਜੈਕਾਰਿਆਂ ਦੀ ਗੂੰਜ ਨਾਲ ਪ੍ਰਵਾਨਗੀ ਦੇ ਕੇ ਬੋਰਡ ਦੇ ਨਵੇਂ ਅਹੁਦੇਦਾਰਾਂ ਵੱਜੋਂ ਚੁਣਿਆ।

ਜੈਕਾਰਿਆਂ ਦੀ ਗੂੰਜ ਨਾਲ ਜੱਥੇਦਾਰ ਅਵਤਾਰ ਸਿੰਘ ਹਿੱਤ ਨੂੰ ਰਾਮਗੜ੍ਹੀਆ ਬੋਰਡ ਦਿੱਲੀ ਦੇ ਮੁੱਖ ਸਰਪ੍ਰਸਤ ਥਾਪਿਆ ਗਿਆ। ਇਸ ਬੈਠਕ 'ਚ ਰਾਜ ਸਭਾ ਮੈਂਬਰ ਬਲਵਿੰਦਰ ਸਿੰਘ ਭੂੰਦੜ ਬਤੌਰ ਮੁੱਖ ਮਹਿਮਾਨ ਅਤੇ ਰਾਮਗੜ੍ਹੀਆ ਕੋਆ-ਪਰੇਟਿਵ ਬੈਂਕ ਦੀ ਵਾਇਸ ਚੇਅਰਮੈਨ ਬੀਬੀ ਰਣਜੀਤ ਕੌਰ ਤੇ ਆਲ ਇੰਡੀਆ ਰਾਮਗੜ੍ਹੀਆ ਵਿਸ਼ਵਕਰਮਾ ਫੈਡਰੇਸ਼ਨ ਦੇ ਪ੍ਰਧਾਨ ਸੁਖਦੇਵ ਸਿੰਘ ਰਾਇਤ ਸ਼ਾਮਲ ਸਨ। ਰਾਮਗੜ੍ਹੀਆ ਬੋਰਡ ਦਿੱਲੀ ਦੀ ਹੋਰ ਅਹੁਦੇਦਾਰ ਤੇ ਯੂਨਿਟਾਂ ਦਾ ਗਠਨ ਵੀ ਜਲਦੀ ਹੀ ਕੀਤਾ ਜਾਵੇ ਗਾ ਜੀ।

# ਪੂਰੀ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਜਾਵੇਗਾ ਬਾਬਾ ਸ਼ੇਖ ਫਰੀਦ ਆਗਮਨ ਪੁਰਬ : ਡਿਪਟੀ ਕਮਿਸ਼ਨਰ



ਫਰੀਦਕੋਟ, 27 ਮਈ, (ਗਿਆਨ ਸਿੰਘ): ਬਾਬਾ ਸ਼ੇਖ ਫਰੀਦ ਆਗਮਨ ਪੁਰਬ 2019 ਪੂਰੀ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਜਾਵੇਗਾ ਤੇ ਇਸ ਸਬੰਧ ਵਿੱਚ ਵੱਖ ਵੱਖ ਵਿਭਾਗਾਂ ਤੋਂ ਇਲਾਵਾ ਜਿਲ੍ਹੇ ਦੀਆਂ ਸਮੂਹ ਸਮਾਜ ਸੇਵੀ, ਧਾਰਮਿਕ ਸੰਸਥਾਵਾਂ ਦਾ ਵੀ ਸਹਿਯੋਗ ਲਿਆ ਜਾਵੇਗਾ । ਇਹ ਜਾਣਕਾਰੀ ਡਿਪਟੀ ਕਮਿਸ਼ਨਰ ਕਮ ਚੇਅਰਮੈਨ ਜਿਲ੍ਹਾ ਸੱਭਿਆਚਾਰਕ ਸੁਸਾਇਟੀ ਫਰੀਦਕੋਟ ਕੁਮਾਰ ਸੌਰਭ ਰਾਜ, ਆਈ.ਏ.ਐਸ. ਨੇ ਮੇਲੇ ਦੀਆਂ ਤਿਆਰੀਆਂ ਸਬੰਧੀ ਸੁਸਾਇਟੀ ਦੀ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਦਿੱਤੀ।

ਡਿਪਟੀ ਕਮਿਸ਼ਨਰ ਨੇ ਕਿਹਾ ਕਿ ਇਸ ਵਾਰ ਮੇਲੇ ਦੌਰਾਨ ਦਰਬਾਰ ਗੰਜ ਵਿਖੇ ਵਿਰਾਸਤੀ ਪ੍ਰਦਰਸ਼ਨੀ ਤੋਂ ਇਲਾਵਾ ਕਰਾਫਟ ਮੇਲਾ ਵੀ ਵਿਸ਼ੇਸ਼ ਖਿੱਚ ਦਾ ਕੇਂਦਰ ਹੋਵੇਗਾ ਅਤੇ ਦੇਸ਼ ਦੇ ਵੱਖ ਵੱਖ ਰਾਜਾਂ ਤੋਂ ਦਸਤਕਾਰੀ ਨਾਲ ਸਬੰਧਤ ਕਲਾਕਾਰਾਂ ਅਤੇ ਕਾਰੀਗਰਾਂ ਦੀਆਂ ਨੁੰਮਾਇਸ਼ਾ ਲਗਾਈਆਂ ਜਾਣਗੀਆਂ ਜੋ ਕਿ ਲਗਾਤਾਰ 10 ਦਿਨ ਚੱਲਣਗੀਆਂ । ਬਾਬਾ ਫਰੀਦ ਕੌਮੀ ਫੈਸਟੀਵਲ ਦੌਰਾਨ ਹੋਣ ਵਾਲੇ ਪ੍ਰੋਗਰਾਮ ਖੂਨ ਦਾਨ ਕੈਂਪ, ਨਾਟਕ ਮੇਲਾ, ਪੇਟਿੰਗ ਮੁਕਾਬਲੇ , ਸੈਮੀਨਾਰ, ਕਵੀ ਦਰਬਾਰ , ਕਵਾਲੀਆਂ, ਪੇਂਡੂ ਖੇਡਾਂ, ਝੂਲੇ ਅਤੇ ਮਨੋਰੰਜਨ ਦੀਆਂ ਆਈਟਮਾਂ, ਤਰਕਸ਼ੀਲ ਨਾਟਕ, ਮੇਲੇ ਦੇ ਵਿਰਾਸਤੀ ਸਮਾਗਮ, ਸੂਫੀਆਨਾਂ ਸ਼ਾਮਾਂ ਸਮੇਤ ਮੇਲੇ ਦੌਰਾਨ ਹੋਣ ਵਾਲੇ ਹੋਰ ਵੱਖ ਵੱਖ ਮੁਕਾਬਲਿਆਂ, ਸਮਾਗਮਾਂ ਆਦਿ ਸਬੰਧੀ ਅਧਿਕਾਰੀਆਂ ਨੂੰ ਆਦੇਸ਼ ਦਿੱਤੇ ਕਿ ਉਹ ਮੇਲੇ ਦੀਆਂ ਤਿਆਰੀਆਂ ਵਿੱਚ ਹੁਣੇ ਤੋਂ ਹੀ ਜੁੱਟ ਜਾਣ ।

ਡਿਪਟੀ ਕਮਿਸ਼ਨਰ ਨੇ ਮੇਲੇ ਲਈ ਵਿੱਤੀ ਸਹਿਯੋਗ ਦੇਣ ਵਾਲੇ ਦਾਨੀ ਸੱਜਣਾਂ ਨੂੰ ਅਪੀਲ ਕੀਤੀ ਕਿ ਉਹ ਜਿਲ੍ਹਾ ਸੱਭਿਆਚਾਰਕ ਸੁਸਾਇਟੀ ਫਰੀਦਕੋਟ ਦੇ ਨਾਂਅ ਤੇ ਦਾਨ ਦੀ ਰਾਸ਼ੀ ਸਿਰਫ ਚੈੱਕ ਜਾਂ ਡਿਮਾਂਡ ਡਰਾਫਟ ਰਾਹੀਂ ਦੇਣ । ਉਨ੍ਹਾਂ ਸਮੂਹ ਸਮਾਜ ਸੇਵੀ ਸੰਸਥਾਵਾਂ, ਧਾਰਮਿਕ ਸੰਸਥਾਵਾਂ ਨੂੰ ਅਪੀਲ ਕੀਤੀ ਕਿ ਉਹ ਮੇਲੇ ਦੀ ਸਫਲਤਾ ਲਈ ਆਪਣਾ ਵੱਧ ਤੋਂ ਵੱਧ ਸਹਿਯੋਗ ਦੇਣ ਤਾਂ ਜੋ ਇਸ ਅੰਤਰ ਰਾਸ਼ਟਰੀ ਪ੍ਰਸਿੱਧੀ ਵਾਲੇ ਮੇਲੇ ਵਿੱਚ ਵੱਧ ਤੋਂ ਵੱਧ ਲੋਕਾਂ ਦੀ ਸ਼ਿਰਕਤ ਹੋ ਸਕੇ ।


ਇਸ ਮੌਕੇ ਜਿਲ੍ਹਾ ਰੈਡ ਕਰਾਸ ਭਲਾਈ ਸੁਸਾਇਟੀ ਦੀ ਚੇਅਰਮੈਨ ਜਯੋਤੀ ਸਿੰਘ, ਵਧੀਕ ਡਿਪਟੀ ਕਮਿਸ਼ਨਰ (ਜ) ਗੁਰਜੀਤ ਸਿੰਘ, ਐਸ.ਡੀ.ਐਮ. ਫਰੀਦਕੋਟ ਸ: ਪਰਮਦੀਪ ਸਿੰਘ, ਐਸ.ਡੀ.ਐਮ. ਜੈਤੋਂ ਰਾਮ ਸਿੰਘ, ਸਹਾਇਕ ਕਮਿਸ਼ਨਰ (ਜ) ਹਰਦੀਪ ਸਿੰਘ, ਬਾਬਾ ਫਰੀਦ ਸੰਸਥਾਵਾਂ ਦੇ ਚੇਅਰਮੈਨ ਇੰਦਰਜੀਤ ਸਿੰਘ ਖਾਲਸਾ, ਸਕੱਤਰ ਰੈਡ ਕਰਾਸ ਸੁਸਾਇਟੀ ਸੁਭਾਸ਼ ਕੁਮਾਰ, ਤੋਂ ਇਲਾਵਾ ਵੱਖ ਵੱਖ ਵਿਭਾਗਾਂ ਦੇ ਅਧਿਕਾਰੀ ਅਤੇ ਸੰਸਥਾਵਾਂ ਦੇ ਅਹੁਦੇਦਾਰ ਵੀ ਹਾਜ਼ਰ ਸਨ।

## ਅਣਅਧਿਕਾਰਿਤ ਆਈਲੈਟਸ, ਟਰੈਵਲ ਏਜੰਸੀ ਤੇ ਕੰਨਸਲਟੈਸੀ ਸਬੰਧੀ ਇਸ਼ਤਿਹਾਰ ਨਾ ਛਾਪੋ

# ਇਸਤਿਹਾਰ ਛਾਪਣ ਤੋਂ ਪਹਿਲਾਂ ਸਬੰਧਤ ਫਰਮ ਵੱਲੋ ਲਾਈਸੰਸ ਦੀ ਕਾਪੀ ਲੈਣਾ ਜ਼ਰੂਰੀ : ਡਿਪਟੀ ਕਮਿਸ਼ਨਰ

ਮੋਗਾ, 27 ਮਈ (ਗਿਆਨ ਸਿੰਘ): ਡਿਪਟੀ ਕਮਿਸ਼ਨਰ ਸੰਦੀਪ ਹੰਸ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਉਨ੍ਹਾਂ ਦੇ ਧਿਆਨ ਵਿੱਚ ਆਇਆ ਹੈ ਕਿ ਜਿਲ੍ਹੇ ‘ਚ ਵੱਖ-ਵੱਖ ਫਰਮਾਂ ਵੱਲੋਂ ਆਈਲੈਟਸ, ਟਿਕਟਿੰਗ, ਟਰੈਵਲ ਏਜੰਸੀ ਅਤੇ ਕੰਨਸਲਟੈਂਸੀ ਦਾ ਕੰਮ ਬਿਨ੍ਹਾਂ ਲਾਇਸੰਸਾਂ ਤੋ ਅਣਅਧਿਕਾਰਤ ਤੌਰ ‘ਤੇ ਕੀਤਾ ਜਾ ਰਿਹਾ ਹੈ, ਜੋ ਕਿ ਪੰਜਾਬ ਟ੍ਰੈਵਲ ਪ੍ਰੋਫੈਸ਼ਨਲਜ਼ ਰੈਗੂਲੇਸ਼ਨ ਰੂਲਜ਼ 2013 ਅਤੇ ਪੰਜਾਬ ਮਨੁੱਖੀ ਤਸਕਰੀ ਰੋਕਥਾਮ ਐਕਟ 2012 (ਪੰਜਾਬ ਐਕਟ ਨੰ-2 ਆਫ਼ 2013) ਦੀ ਉਲੰਘਣਾ ਹੈ। ਉਨ੍ਹਾਂ ਸਬੰਧਤ ਫਰਮਾਂ ਨੂੰ ਹਦਾਇਤ ਕਰਦਿਆਂ ਕਿਹਾ ਕਿ ਆਈਲੈਟਸ, ਟਿਕਟਿੰਗ, ਟਰੈਵਲ ਏਜੰਸੀ ਅਤੇ ਕੰਨਸਲਟੈਂਸੀ ਸਬੰਧੀ ਕਿਸੇ ਵੀ ਫਰਮ ਵੱਲੋ ਜੋ ਵੀ ਇਸ਼ਤਿਹਾਰ ਛਾਪੇ ਜਾਂਦੇ ਹਨ, ਉਨ੍ਹਾਂ ਨੂੰ ਛਾਪਣ ਤੋ ਪਹਿਲਾਂ ਸਬੰਧਤ ਫਰਮ ਵੱਲੋ ਲਾਇਸੰਸ ਦੀ ਕਾਪੀ ਦਰਖਾਸਤ ਨਾਲ ਲਗਾਈ ਜਾਵੇ ਅਤੇ ਇਸ਼ਤਿਹਾਰ ਛਾਪਣ ਸਮੇ ਲਾਇਸੰਸ ਨੰਬਰ ਇਸ਼ਤਿਹਾਰ ਉਪਰ ਛਾਪਿਆ ਜਾਣਾ ਯਕੀਨੀ ਬਣਾਇਆ ਜਾਵੇ। ਉਨ੍ਹਾਂ ਦੱਸਿਆ ਕਿ ਲਾਇਸੰਸ ਦੀ ਕਾਪੀ ਵੈਬਸਾਈਟ www.moga.nic.in ‘ਤੇ ਚੈਕ ਕੀਤੀ ਜਾ ਸਕਦੀ ਹੈ। ਉਨ੍ਹਾਂ ਕਿਹਾ ਕਿ ਭਵਿੱਖ ਵਿੱਚ ਜੇਕਰ ਕਿਸੇ ਵੀ ਪ੍ਰੈਸ ਵੱਲੋ ਕਿਸੇ ਵੀ ਅਣਅਧਿਕਾਰਿਤ ਆਈਲੈਟਸ, ਟਿਕਟਿੰਗ, ਟਰੈਵਲ ਏਜੰਸੀ ਅਤੇ ਕੰਨਸਲਟੈਂਸੀ ਨਾਲ ਸਬੰਧਤ ਫਰਮ ਦਾ ਇਸ਼ਤਿਹਾਰ ਛਾਪਿਆ ਜਾਂਦਾ ਹੈ, ਤਾਂ ਉਸ ਪ੍ਰਿੰਟਿੰਗ ਪ੍ਰੈਸ ਅਤੇ ਇਸ਼ਤਿਹਾਰ ਦੇਣ ਵਾਲੀ ਫਰਮ ਵਿਰੁੱਧ ਪੰਜਾਬ ਟ੍ਰੈਵਲ ਪ੍ਰੋਫੈਸ਼ਨਲਜ਼ ਰੈਗੂਲੇਸ਼ਨ ਰੂਲਜ਼ 2013 ਅਤੇ ਪੰਜਾਬ ਮਨੁੱਖੀ ਤਸਕਰੀ ਰੋਕਥਾਮ ਐਕਟ 2012 ਤਹਿਤ ਸਖਤੀ ਨਾਲ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।


ਹਵਾਈ ਸਫਰ ਨੂੰ ਸੁਹਾਵਨਾ ਤੇ ਸੁਰੱਖਿਅਤ ਬਣਾਓ ਤੇ ਸਾਡੀ
TRAVEL INSURANCE ਦੀ ਮੁਹਾਰਤ ਦਾ ਫਾਇਦਾ ਉਠਾਓ



Your Travel Safety
Our Priority

JF Insurance Agency Group Inc.

Specialized in Hospital and Medical Insurance for Visitors, Canadian Travellers and International Students since 1992

Join and Represent Us

- VISITOR TO CANADA INSURANCE
- TRAVEL OUT INSURANCE
- INTERNATIONAL STUDENT INSURANCE
- OTHER INSURANCE PRODUCTS

905-707-1512
905-707-1513
Molly@jfgroup.ca
Toronto Head Office:
15 wertheim court # 501
Richmond Hill, ON L4B 3H7



KARTAR FURNITURE

ਫਰਨੀਚਰ ਦੀ ਦੁਨੀਆ ਦਾ ਇੱਕੋ ਇੱਕ ਟਿਕਾਊ ਨਾਮ




ਕਰਤਾਰ ਫਰਨੀਚਰ

- ਅਸੀਂ ਸੋਫਾ ਸੈੱਟ ਖੁੱਦ ਹੱਥੀ ਤਿਆਰ ਕਰਦੇ ਹਾਂ
- ਕਸਟਮਰ ਆਪਣੀ ਪਸੰਦ ਦੇ ਸਪਰਿੰਗ, ਫੇਬਰਿਕ ਅਤੇ ਡਿਜਾਇਨ ਦੱਸ ਸਕਦੇ ਹਨ
- ਪੁਰਾਣੇ ਸੋਫਿਆਂ ਤੇ ਡਾਇਨਿੰਗ ਚੇਅਰ ਨੂੰ ਹਾਰਡ ਫੋਮ ਭਰਕੇ ਨਵਾਂ ਬਣਾਓ

Email: kartarfurnitue@live.com

Call Rajinder Singh 416.741.9657 69 Westmore Dr. #20 Etobicoke ON, M9V 3Y6

# ਸੰਪਾਦਕੀ

## ਕੈਨੇਡਾ ਵਿੱਚ ਨਸਲੀ ਵਿਤਕਰਾ

# ਆਪਣੀ ਪੀੜੀ ਥੱਲੇ ਵੇਖਣ ਦੀ ਲੋੜ

ਬੀਤੇ ਦਿਨੀਂ Ipsos ਵੱਲੋਂ ਕਰਵਾਏ ਗਏ ਇੱਕ ਸਰਵੇਖਣ ਮੁਤਾਬਕ ਕੈਨੇਡਾ ਵਿੱਚ ਵੱਸਦੇ 58% ਰੰਗਦਾਰ ਘੱਟ ਗਿਣਤੀ ਲੋਕ ਮੰਨਦੇ ਹਨ ਕਿ ਉਹਨਾਂ ਦੇ ਮਨਾਂ ਵਿੱਚ ਨਸਲੀ ਵਿਤਕਰਾ ਕਰਨ ਦਾ ਖਿਆਲ ਆਉਂਦਾ ਤਾਂ ਹੈ ਪਰ ਉਹ ਆਪਣੇ ਮਨ ਦੀ ਗੱਲ ਨੂੰ ਖੁੱਲ ਕੇ ਜਾਹਰ ਨਹੀਂ ਕਰਦੇ। ਇਸਦੇ ਉਲਟ ਅਜਿਹੇ 48% ਗੋਰੇ ਲੋਕ ਹਨ ਜਿਹਨਾਂ ਦੇ ਮਨ ਵਿੱਚ ਨਸਲ ਦੇ ਆਧਾਰ ਉੱਤੇ ਵਿਤਕਰਾ ਕਰਨ ਦਾ ਖਿਆਲ ਭਾਰੂ ਹੁੰਦਾ ਹੈ। ਇਸਦਾ ਇੱਕ ਅਰਥ ਇਹ ਕੱਢਿਆ ਜਾ ਸਕਦਾ ਹੈ ਕਿ ਨਸਲ ਦੇ ਆਧਾਰ ਉੱਤੇ ਵਿਤਕਰਾ ਕਰਨਾ ਅਤੇ ਵਿਤਕਰਾ ਕਰਨ ਬਾਰੇ ਖਿਆਲ ਕਰਨਾ ਦੋ ਵੱਖਰੀਆਂ ਗੱਲਾਂ ਹਨ। ਆਪਣੇ ਮਨ ਵਿੱਚ ਉਪਜੀ ਵਿਤਕਰੇ ਦੀ ਭਾਵਨਾ ਨੂੰ ਅਮਲੀ ਜਾਮਾ ਉਹ ਪਹਿਨਾ ਦੇਂਦਾ ਹੈ ਜਿਸ ਕੋਲ ਅਜਿਹਾ ਕਰਨ ਦੀ ਤਾਕਤ ਹੋਵੇ ਜਦੋਂ ਕਿ ਜੋ ਕਿਸੇ ਦਾ ਕੁੱਝ ਵਿਗਾੜ ਨਹੀਂ ਸਕਦਾ, ਉਹ ਆਪਣੇ ਦਿਲ ਦੀ ਖੋਟ ਨੂੰ ਮਨ ਵਿੱਚ ਹੀ ਕੈਦ ਕਰਕੇ ਰੱਖਦਾ ਹੈ।

Ipsos ਵੱਲੋਂ ਕਰਵਾਏ ਗਏ ਸਰਵੇਖਣ ਵਿੱਚ ਪਾਇਆ ਗਿਆ ਹੈ ਕਿ ਕੈਨੇਡਾ ਵੱਸਦੇ 32% ਘੱਟ ਗਿਣਤੀ ਰੰਗਦਾਰ ਲੋਕਾਂ ਦਾ ਖਿਆਲ ਹੈ ਕਿ ਹੋਰ ਨਸਲਾਂ ਅਤੇ ਭਾਈਚਾਰਿਆਂ ਵਿਰੁੱਧ ਵਿਤਕਰਾ ਕਰਨਾ ਇੱਕ ਸੁਭਾਵਿਕ ਗੱਲ ਹੈ। ਇਸਦੇ ਉਲਟ ਸਿਰਫ਼ 21% ਗੋਰੇ ਲੋਕ ਅਜਿਹੀ ਸੋਚ ਦੇ ਧਾਰਨੀ ਹਨ। ਇਸ ਸਰਵੇਖਣ ਵਿੱਚ ਗੋਰੀ ਨਸਲ ਦੀ ਪ੍ਰੀਭਾਸ਼ਾ ਵਿੱਚ 'ਨੌਰਥ ਅਮਰੀਕਨ ਅਤੇ ਯੂਰਪੀਅਨ ਮੂਲ' ਦੇ ਲੋਕਾਂ ਨੂੰ ਸ਼ਾਮਲ ਕੀਤਾ ਗਿਆ ਹੈ ਜਦੋਂ ਕਿ ਘੱਟ ਗਿਣਤਅਾਈ ਵਿੱਚ ਉਹਨਾਂ ਸਾਰੇ ਲੋਕਾਂ ਨੂੰ ਸ਼ਾਮਲ ਕੀਤਾ ਗਿਆ ਹੈ ਜਿਹੜੇ ਨੌਰਥ ਅਮਰੀਕਨ ਅਤੇ ਯੂਰਪੀਅਨ ਮੂਲ ਦੇ ਨਹੀਂ ਹਨ। ਇਸ ਸਰਵੇਖਣ ਮੁਤਾਬਕ 45% ਘੱਟ ਗਿਣਤੀ ਲੋਕ ਦੂਜੇ ਭਾਈਚਾਰੇ ਦੇ ਲੋਕਾਂ ਦੇ ਧਰਮ ਅਤੇ ਨਸਲ ਬਾਰੇ ਟਿੱਪਣੀਆਂ ਕਰਨ ਨੂੰ ਸਹੀ ਸਮਝਦੇ ਹਨ ਅਤੇ ਅਜਿਹਾ ਕਰਨ ਵਿੱਚ ਖੁੱਲ ਮਹਿਸੂਸ ਕਰਦੇ ਹਨ ਜਦੋਂ ਕਿ ਸਿਰਫ਼ 29% ਗੋਰਿਆਂ ਵਿੱਚ ਅਜਿਹੀ ਬਿਰਤੀ ਪਾਈ ਜਾਂਦੀ ਹੈ।

ਇਹ ਅੰਕੜੇ ਦੇਣ ਦਾ ਅਰਥ ਗੋਰੇ ਲੋਕਾਂ ਵੱਲੋਂ ਕੀਤੇ ਜਾਂਦੇ ਨਸਲੀ ਵਿਤਕਰੇ ਨੂੰ ਜਾਇਜ਼ ਠਹਿਰਾਉਣਾ ਨਹੀਂ ਸਗੋਂ ਸਮਝ ਪੈਦਾ ਕਰਨਾ ਹੈ ਕਿ ਨਸਲੀ ਵਿਤਕਰਾ ਕੋਈ ਇੱਕ ਕੌਮ ਨਹੀਂ ਕਰਦੀ ਸਗੋਂ ਇਹ ਵਰਤਾਰਾ ਥੋੜੇ ਬਹੁਤ ਫਰਕ ਨਾਲ ਹਰ ਧਰਮ, ਹਰ ਨਸਲ ਅਤੇ ਹਰ ਕੌਮ ਵਿੱਚ ਪਾਇਆ ਜਾ ਸਕਦਾ ਹੈ।

ਨਸਲੀ ਵਿਤਕਰੇ ਦੇ ਕੌੜੇ ਸੱਚ ਨੂੰ ਇੱਕ ਮਿਸਾਲ ਨਾਲ ਸੌਖਿਆਂ ਸਮਝਿਆ ਜਾ ਸਕਦਾ ਹੈ। ਸਾਲ 2018 ਵਿੱਚ ਪੀਲ ਰੀਜਨ ਵੱਲੋਂ ਇੱਕ ਮੀਟਿੰਗ ਦਾ ਆਯੋਜਿਨ ਕੀਤਾ ਗਿਆ ਸੀ। ਇਸਦਾ ਮਨੋਰਥ ਬਰੈਂਪਟਨ ਅਤੇ ਮਿਸੀਸਾਗਾ ਵਿੱਚ ਮਕਾਨਾਂ ਦੀ ਘਾਟ ਬਾਰੇ ਰਣਨੀਤੀ ਤਿਆਰ ਕਰਨ ਸਬੰਧੀ ਮਸ਼ਵਰਾ ਕਰਨਾ ਸੀ। ਉਸ ਮੀਟਿੰਗ ਵਿੱਚ ਮੁੱਦਾ ਚੁੱਕਿਆ ਗਿਆ ਕਿ ਬਰੈਂਪਟਨ ਵੱਸਦੇ ਪੰਜਾਬੀ ਭਾਈਚਾਰੇ ਦੇ ਲੋਕਾਂ ਕੋਲ ਹੋਰ ਭਾਈਚਾਰਿਆਂ ਨਾਲੋਂ ਵੱਧ ਮਕਾਨ ਹਨ ਪਰ ਉਹ ਪੰਜਾਬੀਆਂ ਤੋਂ ਇਲਾਵਾ ਦੂਜੀ ਕਮਿਉਨਿਟੀਆਂ ਦੇ ਲੋਕਾਂ ਨੂੰ ਬੇਸਮੈਂਟ ਕਿਰਾਏ ਉੱਤੇ ਨਹੀਂ ਦੇਂਦੇ। ਇਹ ਗਿਲਾ ਖਾਸ ਕਰਕੇ ਕਾਲੇ ਲੋਕਾਂ ਨੂੰ ਸੀ ਜਿਹਨਾਂ ਦੀ ਸੋਚ ਸੀ ਕਿ ਪੰਜਾਬੀ ਲੋਕ ਬੇਸਮੈਂਟ ਕਿਰਾਏ ਉੱਤੇ ਦੇਣ ਵੇਲੇ ਕਾਲੇ ਲੋਕਾਂ ਨਾਲ ਨਸਲੀ ਵਿਤਕਰਾ ਕਰਦੇ ਹਨ। ਇਹੋ ਜਿਹੀਆਂ ਹੀ ਆਵਾਜ਼ਾਂ ਮਿਸੀਸਾਗਾ ਵੱਸਦੇ ਬਹੁਤ ਸਾਰੇ ਮੁਸਲਮਾਨਾਂ ਵੱਲੋਂ ਗੈਰ-ਮੁਸਲਮਾਨਾਂ ਨੂੰ ਬੇਸਮੈਂਟਾਂ ਕਿਰਾਏ ਉੱਤੇ ਨਾ ਦੇਣ ਬਾਰੇ ਸੁਣੀਆਂ ਗਈਆਂ।

ਜਦੋਂ ਕੈਨੇਡਾ ਵਿੱਚ ਨਸਲੀ ਵਿਤਕਰੇ ਦੀ ਗੱਲ ਚੱਲਦੀ ਹੈ ਤਾਂ ਸਾਡੀ ਆਮ ਧਾਰਨਾ ਹੁੰਦੀ ਹੈ ਕਿ ਨਸਲੀ ਵਿਤਕਰਾ ਗੋਰੇ ਲੋਕਾਂ ਵੱਲੋਂ ਘੱਟ ਗਿਣਤੀਆਂ ਵਿਰੁੱਧ ਕੀਤਾ ਜਾਂਦਾ ਹੈ ਅਤੇ ਘੱਟ ਗਿਣਤੀ ਲੋਕ ਸਿਰਫ਼ ਅਤੇ ਸਿਰਫ਼ ਨਸਲੀ ਵਿਤਕਰੇ ਦਾ ਸ਼ਿਕਾਰ ਹੁੰਦੇ ਹਨ। ਜੌਬਾਂ ਅਤੇ ਆਰਥਕ ਉੱਨਤੀ ਦੇ ਮਾਮਲੇ ਵਿੱਚ ਗੋਰਿਆਂ ਵੱਲੋਂ ਨਸਲੀ ਵਿਤਕਰਾ ਕਰਨ ਦੀਆਂ ਗੱਲਾਂ ਸਹੀ ਹੋ ਸਕਦੀਆਂ ਹਨ ਕਿਉਂਕਿ ਜ਼ਿਆਦਾ ਕਰਕੇ ਤਾਕਤ ਉਹਨਾਂ ਦੇ ਹੱਥ ਹੁੰਦੀ ਹੈ ਪਰ ਕੀ ਸਾਡੇ ਦਿਮਾਗਾਂ ਵਿੱਚ ਦੂਜੀਆਂ ਕਮਿਉਨਿਟੀਆਂ ਬਾਰੇ ਸਦਭਾਵਨਾ ਹੈ? ਇਹ ਆਖਣਾ ਖੁਦ ਨੂੰ 'ਕਲੀਨ ਚਿੱਟ' ਦੇਣ ਬਰਾਰਰ ਹੋਵੇਗਾ। ਜੇ ਇੱਕਲਿਆਂ ਕਰਕੇ ਹਿੰਦੂਆਂ, ਮੁਸਲਮਾਨਾਂ, ਸਿੱਖਾਂ, ਈਸਾਈਆਂ, ਗੋਰਿਆਂ, ਚੀਨੀਆਂ ਜਾਂ ਕਾਲਿਆਂ ਨਾਲ ਗੱਲ ਕੀਤੀ ਜਾਵੇ ਤਾਂ ਇੱਕ ਦੂਜੇ ਵਿਰੁੱਧ ਭਾਵਨਾਵਾਂ ਉਜਾਗਰ ਹੋਣ ਨੂੰ ਸ਼ਾਇਦ ਬਹੁਤੀ ਦੇਰ ਨਹੀਂ ਲੱਗੇਗੀ। ਇਸ ਕਿਸਮ ਦੇ ਮਾਨਸਿਕ ਰੋਗ ਤੋਂ ਛੁਟਕਾਰਾ ਪਾਉਣ ਦਾ ਇੱਕ ਹੱਲ ਇਹ ਹੈ ਕਿ ਹੋਰਾਂ ਉੱਤੇ ਦੋਸ਼ ਮੜਨ ਤੋਂ ਪਹਿਲਾਂ ਅਸੀਂ ਆਪੋ ਆਪਣੇ ਮਨਾਂ ਅੰਦਰ ਝਾਤੀ ਮਾਰਨ ਦੀ ਹਿੰਮਤ ਕਰੀਏ।

# ਫੋਰਡ ਵੱਲੋਂ ਮਿਉਂਸਪੈਲਿਟੀਜ਼ ਲਈ ਐਲਾਨੀਆਂ ਕਟੌਤੀਆਂ ਰੱਦ ਕਰਨ ਦਾ ਐਲਾਨ

...ਪੰਨਾ 1 ਦਾ ਬਾਕੀ

ਫੋਰਡ ਨੇ ਖੁਸ਼ ਹੁੰਦਿਆਂ ਆਖਿਆ ਕਿ ਇਹ ਚੰਗੀ ਗੱਲ ਹੈ। ਉਨ੍ਹਾਂ ਮਿਉਂਸਪੈਲਿਟੀਜ਼ ਨਾਲ ਰਲ ਕੇ ਕੰਮ ਕਰਨ ਦੀ ਇੱਛਾ ਵੀ ਪ੍ਰਗਟਾਈ। ਸੋਮਵਾਰ ਨੂੰ ਮੇਅਰ ਜੌਹਨ ਟੋਰੀ ਦੇ ਆਫਿਸ ਵੱਲੋਂ ਜਾਰੀ ਕੀਤੇ ਬਿਆਨ ਵਿੱਚ ਆਖਿਆ ਗਿਆ ਕਿ ਪ੍ਰੋਵਿੰਸ਼ੀਅਲ ਸਰਕਾਰ ਦੇ ਇਸ ਕਦਮ ਦੀ ਉਹ ਸ਼ਲਾਘਾ ਕਰਦੇ ਹਨ। ਬਿਆਨ ਵਿੱਚ ਇਹ ਵੀ ਆਖਿਆ ਗਿਆ ਕਿ ਬਜਟ ਨੂੰ ਨਿਯੰਤਰਣ ਵਿੱਚ ਰੱਖਣ ਦੀ ਪ੍ਰੋਵਿੰਸ ਦੀ ਇੱਛਾ ਦੀ ਵੀ ਉਹ ਕਦਰ ਕਰਦੇ ਹਨ ਪਰ ਇਹ ਸਾਂਝੇ ਤੌਰ ਉੱਤੇ ਕੀਤਾ ਜਾਣ ਵਾਲਾ ਕੰਮ ਹੈ। ਬਿਆਨ ਵਿੱਚ ਟੋਰੀ ਵੱਲੋਂ ਇਹ ਵੀ ਆਖਿਆ ਗਿਆ ਕਿ ਉਨ੍ਹਾਂ ਨੂੰ ਪੂਰਾ ਯਕੀਨ ਹੈ ਕਿ ਇਹ ਸੱਭ ਰਲ ਕੇ ਅਹਿਮ ਸੇਵਾਵਾਂ ਵਿੱਚ ਕਟੌਤੀ ਕੀਤੇ ਬਿਨਾਂ ਹੋਵੇਗਾ।

# ਗ੍ਰੀਨ ਪਾਰਟੀ ਉਮੀਦਵਾਰ ਵਜੋਂ ਫੈਡਰਲ ਚੋਣਾਂ ਵਿੱਚ ਹਿੱਸਾ ਨਹੀਂ ਲੈਣਗੀਆਂ ਰੇਅਬੋਲਡ ਤੇ ਫਿਲਪੌਟ

...ਪੰਨਾ 1 ਦਾ ਬਾਕੀ

ਆਪਣਾ ਨਾਂ ਗੁਪਤ ਰੱਖਣ ਦੀ ਸ਼ਰਤ ਉੱਤੇ ਸੂਤਰਾਂ ਨੇ ਦੱਸਿਆ ਕਿ ਦੋਵਾਂ ਸਾਬਕਾ ਕੈਬਨਿਟ ਮੰਤਰੀਆਂ ਨੇ ਗ੍ਰੀਨ ਪਾਰਟੀ ਦੀ ਆਗੂ ਐਲਿਜ਼ਾਬੈੱਥ ਮੇਅ ਨਾਲ ਉਸ ਦੀ ਪਾਰਟੀ ਲਈ ਉਮੀਦਵਾਰ ਵਜੋਂ ਖੜ੍ਹੇ ਹੋਣ ਬਾਰੇ ਗੱਲ ਕੀਤੀ ਹੈ। ਇੱਥੋਂ ਤੱਕ ਕਿ ਅਪਰੈਲ ਵਿੱਚ ਵਿਕਟੋਰੀਆ ਵਿੱਚ ਹੋਏ ਮੇਅ ਦੇ ਵਿਆਹ ਵਿੱਚ ਵੀ ਵਿਲਸਨ ਰੇਅਬੋਲਡ ਨੇ ਹਿੱਸਾ ਲਿਆ। ਜਿਸ ਤੋਂ ਇਨ੍ਹਾਂ ਕਿਆਸਅਰਾਈਆਂ ਨੇ ਹੋਰ ਜ਼ੋਰ ਫੜ੍ਹ ਲਿਆ ਕਿ ਰੇਅਬੋਲਡ ਮੇਅ ਦੀ ਗ੍ਰੀਨ ਪਾਰਟੀ ਵਿੱਚ ਜਾ ਸਕਦੀ ਹੈ।

ਇਸ ਸਮੇਂ ਵਿਲਸਨ-ਰੇਅਬੋਲਡ ਵੈਨਕੂਵਰ ਗ੍ਰੈਨਵਿੱਲੇ ਤੋਂ ਅਤੇ ਫਿਲਪੌਟ ਮਾਰਖਮ ਸਟੱਫਵਿੱਲੇ ਤੋਂ ਆਜ਼ਾਦ ਉਮੀਦਵਾਰ ਦੀ ਭੂਮਿਕਾ ਨਿਭਾਅ ਰਹੀਆਂ ਹਨ। ਜ਼ਿਕਰਯੋਗ ਹੈ ਕਿ ਐਸਐਨਸੀ-ਲਾਵਾਲਿਨ ਮਾਮਲੇ ਨੂੰ ਸਹੀ ਢੰਗ ਨਾਲ ਹੈਂਡਲ ਨਾ ਕਰਨ ਦੀ ਫੈਡਰਲ ਸਰਕਾਰ ਦੀ ਕੁਤਾਹੀ ਕਾਰਨ ਦੋਵਾਂ ਐਮਪੀਜ਼ ਨੇ ਲਿਬਰਲ ਕੈਬਨਿਟ ਨੂੰ ਅਲਵਿਦਾ ਆਖ ਦਿੱਤਾ ਸੀ। ਬਾਅਦ ਵਿੱਚ 2 ਅਪਰੈਲ ਨੂੰ ਦੋਵਾਂ ਐਮਪੀਜ਼ ਨੂੰ ਲਿਬਰਲ ਕਾਕਸ ਵਿੱਚੋਂ ਬਾਹਰ ਕਰ ਦਿੱਤਾ ਗਿਆ ਸੀ।

ਦੋ ਹਾਈ ਪ੍ਰੋਫਾਈਲ ਸਾਬਕਾ ਲਿਬਰਲਾਂ ਦੇ ਗ੍ਰੀਨ ਪਾਰਟੀ ਲਈ ਉਮੀਦਵਾਰ ਵਜੋਂ ਖੜ੍ਹੇ ਹੋਣ ਦੀ ਸੰਭਾਵਨਾ ਨਾਲ ਹੀ ਮੇਅ ਨੂੰ ਵੱਡਾ ਹੁਲਾਰਾ ਮਿਲਿਆ ਹੈ। ਇੱਥੇ ਇਹ ਵੀ ਦੱਸਣਾ ਬਣਦਾ ਹੈ ਕਿ ਪਿੱਛੇ ਜਿਹੇ ਗ੍ਰੀਨ ਪਾਰਟੀ ਦੀ ਵੀ ਚੜ੍ਹਾਈ ਹੋਈ ਹੈ। ਸੋਮਵਾਰ ਨੂੰ ਮੇਅ ਰਸਮੀ ਤੌਰ ਉੱਤੇ ਹਾਊਸ ਆਫ ਕਾਮਨਜ਼ ਵਿੱਚ ਪਾਰਟੀ ਦੇ ਦੂਜੇ ਐਮਪੀ ਦਾ ਸਵਾਗਤ ਕਰੇਗੀ। ਬ੍ਰਿਟਿਸ਼ ਕੋਲੰਬੀਆ ਵਿੱਚ ਨਨੈਮੋ-ਲੇਡੀਸਮਿੱਥ ਜ਼ਿਮਨੀ ਚੋਣ ਵਿੱਚ ਜਿੱਤ ਹਾਸਲ ਕਰਨ ਤੋਂ ਬਾਅਦ ਪਾਲ ਮੈਨਲੇ ਸਹੁੰ ਚੁੱਕਣਗੇ। ਪ੍ਰਿੰਸ ਐਡਵਰਡ ਆਈਲੈਂਡ ਵਿੱਚ ਹੋਈਆਂ ਚੋਣਾਂ ਵਿੱਚ ਅਪਰੈਲ ਵਿੱਚ ਪਾਰਟੀ ਨੇ ਨੌਂ ਸੀਟਾਂ ਉੱਤੇ ਜਿੱਤ ਹਾਸਲ ਕੀਤੀ। ਓਨਟਾਰੀਓ ਵਿੱਚ ਵੀ ਇਸ ਸਾਲ ਗ੍ਰੀਨ ਪਾਰਟੀ ਦਾ ਪਹਿਲਾ ਐਮਪੀਪੀ ਚੁਣਿਆ ਗਿਆ, 2017 ਵਿੱਚ ਪਾਰਟੀ ਨੇ ਬੀਸੀ ਵਿੱਚ ਤਿੰਨ ਸੀਟਾਂ ਜਿੱਤੀਆਂ ਸਨ ਤੇ ਸੱਤਾ ਵਿੱਚ ਸੰਤੁਲਨ ਕਾਇਮ ਕੀਤਾ ਸੀ।

# ਗ੍ਰੀਨ ਪਾਰਟੀ ਦੀ ਪੇਸ਼ਕਸ਼ ਠੁਕਰਾਏ ਜਾਣ ਤੋਂ ਮੇਅ ਨਿਰਾਸ਼

...ਪੰਨਾ 1 ਦਾ ਬਾਕੀ

64 ਸਾਲਾ ਮੇਅ, 2006 ਤੋਂ ਹੀ ਗ੍ਰੀਨ ਪਾਰਟੀ ਦੀ ਅਗਵਾਈ ਕਰ ਰਹੀ ਹੈ। ਇੱਕ ਇੰਟਰਵਿਊ ਵਿੱਚ ਉਨ੍ਹਾਂ ਆਖਿਆ ਕਿ ਇਨ੍ਹਾਂ ਦੋਵਾਂ ਸਾਬਕਾ ਲਿਬਰਲ ਆਗੂਆਂ ਨਾਲ ਹੋਈ ਆਪਣੀ ਪਹਿਲੀ ਵਾਰਤਾ ਵਿੱਚ ਹੀ ਉਨ੍ਹਾਂ ਆਪਣੀ ਲੀਡਰਸ਼ਿਪ ਉਨ੍ਹਾਂ ਨੂੰ ਸੌਂਪਣ ਦੀ ਗੱਲ ਆਖੀ ਸੀ ਪਰ ਦੋਵਾਂ ਨੇ ਇਹ ਆਖਦਿਆਂ ਹੋਇਆਂ ਮਨ੍ਹਾਂ ਕਰ ਦਿੱਤਾ ਕਿ ਉਨ੍ਹਾਂ ਨੂੰ ਇਸ ਵਿੱਚ ਕੋਈ ਦਿਲਚਸਪੀ ਨਹੀਂ ਹੈ। ਮੇਅ ਨੇ ਆਖਿਆ ਕਿ ਉਨ੍ਹਾਂ ਨੂੰ ਇਹ ਲੱਗਦਾ ਹੈ ਕਿ ਅਜਿਹੀ ਪੇਸ਼ਕਸ਼ ਠੁਕਰਾ ਕੇ ਦੋਵਾਂ ਨੇ ਬਹੁਤ ਵੱਡੀ ਗਲਤੀ ਕੀਤੀ ਹੈ। ਉਨ੍ਹਾਂ ਆਖਿਆ ਕਿ ਉਨ੍ਹਾਂ ਨੂੰ ਆਸ ਹੈ ਕਿ ਦੋਵੇਂ ਆਗੂ ਆਜ਼ਾਦ ਉਮੀਦਵਾਰ ਵਜੋਂ ਮੁੜ ਚੁਣੀਆਂ ਜਾਣ। ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦੀ ਸਰਕਾਰ ਵਿੱਚ ਖਜ਼ਾਨਾ ਬੋਰਡ ਦੀ ਪ੍ਰੈਜ਼ੀਡੈਂਟ ਰਹੀ ਫਿਲਪੌਟ ਤੇ ਨਿਆਂ ਮੰਤਰੀ ਅਤੇ ਅਟਾਰਨੀ ਜਨਰਲ ਰਹੀ ਵਿਲਸਨ ਰੇਅਬੋਲਡ, ਦੋਵਾਂ ਨੇ ਸੋਮਵਾਰ ਨੂੰ ਆਜ਼ਾਦ ਉਮੀਦਵਾਰ ਵਜੋਂ ਚੋਣਾਂ ਵਿੱਚ ਹਿੱਸਾ ਲੈਣ ਦੇ ਆਪਣੇ ਇਰਾਦਿਆਂ ਦਾ ਖੁਲਾਸਾ ਕੀਤਾ। ਸੋਮਵਾਰ ਨੂੰ ਇੱਕ ਵੱਖਰੇ ਇੰਟਰਵਿਊ ਵਿੱਚ ਫਿਲਪੌਟ ਨੇ ਟੋਰਾਂਟੋ ਦੇ ਉੱਤਰ ਵਿੱਚ ਸਥਿਤ ਆਪਣੇ ਹਲਕੇ ਤੋਂ ਗੱਲ ਕਰਦਿਆਂ ਆਖਿਆ ਕਿ ਮੇਅ ਨਾਲ ਉਸ ਦੀ ਕਈ ਵਾਰੀ ਗੱਲਬਾਤ ਹੋਈ ਹੈ ਪਰ ਉਸ ਨੂੰ ਇਹ ਮਹਿਸੂਸ ਨਹੀਂ ਹੋਇਆ ਕਿ ਮੇਅ ਦਿਲ ਤੋਂ ਉਨ੍ਹਾਂ ਨੂੰ ਗ੍ਰੀਨ ਆਗੂ ਬਣਨ ਲਈ ਆਖ ਰਹੀ ਹੈ।

ਉਨ੍ਹਾਂ ਆਖਿਆ ਕਿ ਹੁਣ ਉਹ ਅਜਿਹੇ ਮੁਕਾਮ ਉੱਤੇ ਪਹੁੰਚ ਚੁੱਕੀ ਹੈ ਜਿੱਥੇ ਉਹ ਪਾਰਟੀ ਵਾਲੀ ਸਿਆਸਤ ਤੋਂ ਅੱਗੇ ਵੱਧ ਕੇ ਕੰਮ ਕਰਨਾ ਚਾਹੁੰਦੀ ਹੈ। ਉਨ੍ਹਾਂ ਇਹ ਵੀ ਆਖਿਆ ਕਿ ਉਨ੍ਹਾਂ ਦਾ ਸਾਰਾ ਧਿਆਨ ਹੁਣ ਮਾਰਖਮ ਸਟੱਫਵਿੱਲੇ ਉੱਤੇ ਹੀ ਹੈ। ਫਿਲਪੌਟ ਨੇ ਇਹ ਵੀ ਆਖਿਆ ਕਿ ਉਹ ਸਾਰੀਆਂ ਪਾਰਟੀਆਂ ਦੇ ਲੋਕਾਂ ਨਾਲ ਕੰਮ ਕਰੇਗੀ, ਜਿਨ੍ਹਾਂ ਵਿੱਚ ਗ੍ਰੀਨ ਪਾਰਟੀ ਵੀ ਸ਼ਾਮਲ ਹੋਵੇਗੀ।

ਇਸ ਦੌਰਾਨ ਵੈਨਕੂਵਰ-ਗ੍ਰੈਨਵਿੱਲੇ ਹਲਕੇ ਤੋਂ ਗੱਲ ਕਰਦਿਆਂ ਵਿਲਸਨ ਰੇਅਬੋਲਡ ਨੇ ਆਖਿਆ ਕਿ ਉਨ੍ਹਾਂ ਗ੍ਰੀਨ ਪਾਰਟੀ ਬਾਰੇ ਗੰਭੀਰਤਾ ਨਾਲ ਵਿਚਾਰ ਕੀਤਾ ਤੇ ਇਸ ਦੇ ਨਾਲ ਹੀ ਹੋਰਨਾਂ ਆਗੂਆਂ ਨਾਲ ਵੀ ਗੱਲਬਾਤ ਕੀਤੀ ਪਰ ਉਨ੍ਹਾਂ ਨੂੰ ਇਹ ਮਹਿਸੂਸ ਹੋਇਆ ਕਿ ਉਹ ਕਿਸੇ ਹੋਰ ਪਾਰਟੀ ਵਿੱਚ ਖੁਦ ਨੂੰ ਫਿੱਟ ਨਹੀਂ ਕਰ ਪਾਵੇਗੀ। ਮੇਅ ਨੇ ਇਹ ਨਹੀਂ ਆਖਿਆ ਕਿ ਗ੍ਰੀਨ ਪਾਰਟੀ ਇਨ੍ਹਾਂ ਸਾਬਕਾ ਲਿਬਰਲ ਆਗੂਆਂ ਖਿਲਾਫ ਆਪਣੇ ਉਮੀਦਵਾਰ ਮੈਦਾਨ ਵਿੱਚ ਨਹੀਂ ਉਤਾਰੇਗੀ। ਸਗੋਂ ਉਨ੍ਹਾਂ ਆਖਿਆ ਕਿ ਪਾਰਟੀ ਦੇ ਸੰਵਿਧਾਨ ਅਨੁਸਾਰ ਅਸੀਂ 338 ਹਲਕਿਆਂ ਵਿੱਚ ਆਪਣੇ ਉਮੀਦਵਾਰ ਉਤਾਰਾਂਗੇ। ਗ੍ਰੀਨ ਪਾਰਟੀ ਤੋਂ ਇਲਾਵਾ ਕੰਜ਼ਰਵੇਟਿਵਾਂ, ਲਿਬਰਲਾਂ ਤੇ ਨਿਊ ਡੈਮੋਕ੍ਰੈਟਸ ਵੱਲੋਂ ਵੀ ਇਸ ਗੱਲ ਦੀ ਪੁਸ਼ਟੀ ਕੀਤੀ ਗਈ ਹੈ ਕਿ ਉਹ ਇਨ੍ਹਾਂ ਦੋਵਾਂ ਹਲਕਿਆਂ ਤੋਂ ਆਪਣੇ ਉਮੀਦਵਾਰ ਖੜ੍ਹੇ ਕਰਨਗੇ।

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| Founder Editor | Jagdish Singh Grewal |
| Managing Director | Parminder Kaur Grewal |
| Contributing Editors | Karam Singh Punia<br>Gyan Singh; Angrej Singh |
| Office Admin | Priya Sodhi |
| Marketing Executives | Priya Sodhi<br>Kamaljeet Kaur |
| Graphic Designer | Satnam Singh |
| Photographer | Kanwaljit Singh Kanwal |
| Distributer | Aman Warraich |

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.

# ਹਾਈ ਕੋਰਟ ਨੇ ਕਿਹਾ: ਅਪਰਾਧਕ ਕੇਸਾਂ ਵਿੱਚ ਦੋਸ਼ੀ ਜਾਂ ਪੀੜਤ ਦੇ ਧਰਮ ਦਾ ਜ਼ਿਕਰ ਨਹੀਂ ਹੋਣਾ ਚਾਹੀਦਾ

ਚੰਡੀਗੜ੍ਹ, 27 ਮਈ (ਪੋਸਟ ਬਿਊਰੋ)- ਪੰਜਾਬ ਹਰਿਆਣਾ ਹਾਈ ਕੋਰਟ ਨੇ ਇੱਕ ਮਹੱਤਵ ਪੂਰਨ ਫੈਸਲੇ ਵਿੱਚ ਕਿਹਾ ਹੈ ਕਿ ਅਪਰਾਧਕ ਕੇਸਾਂ ਦੀ ਦਰਜ ਹੋਣ ਵਾਲੀ ਸ਼ਿਕਾਇਤ ਵਿੱਚ ਦੋਸ਼ੀ ਜਾਂ ਪੀੜਤ ਦੇ ਧਰਮ ਦਾ ਜ਼ਿਕਰ ਨਹੀਂ ਹੋਣਾ ਚਾਹੀਦਾ। ਇਸ ਹੁਕਮ ਵਿੱਚ ਕਿਹਾ ਗਿਆ ਹੈ ਕਿ ਭਾਰਤ ਧਰਮ ਨਿਰਪੱਖ ਦੇਸ਼ ਹੈ, ਕਿਸੇ ਅਪਰਾਧਕ ਕੇਸ ਦੀ ਜਾਂਚ ਜਾਂ ਟਰਾਇਲ ਦੇ ਦੌਰਾਨ ਦੋਸ਼ੀ ਜਾਂ ਪੀੜਤ ਦੇ ਧਰਮ ਦਾ ਜ਼ਿਕਰ ਕਰਨਾ ਦੇਸ਼ ਦੇ ਸੰਵਿਧਾਨ ਦੀ ਭਾਵਨਾ ਦੇ ਖਿਲਾਫ ਹੈ।

ਜਸਟਿਸ ਰਾਜੀਵ ਸ਼ਰਮਾ ਤੇ ਜਸਟਿਸ ਹਰਿੰਦਰ ਸਿੰਘ ਸਿੱਧੂ ਦੀ ਬੈਂਚ ਨੇ ਪੰਜਾਬ, ਹਰਿਆਣਾ ਤੇ ਕੇਂਦਰ ਸ਼ਾਸਿਤ ਪ੍ਰਦੇਸ਼ ਚੰਡੀਗੜ੍ਹ ਦੇ ਸਾਰੇ ਜਾਂਚ ਅਫਸਰਾਂ ਨੂੰ ਅਪਰਾਧਕ ਕੇਸਾਂ ਵਿੱਚ ਪੀੜਤ ਜਾਂ ਦੋਸ਼ੀ ਦੇ ਧਰਮ ਦਾ ਜ਼ਿਕਰ ਨਾ ਕਰਨ ਦੇ ਹੁਕਮ ਜਾਰੀ ਕਰਦੇ ਹੋਏ ਕਿਹਾ ਕਿ ਸੰਵਿਧਾਨ ਦੇ ਤਹਿਤ ਸਾਰੇ ਲੋਕ ਬਰਾਬਰ ਹਨ ਤੇ ਉਨ੍ਹਾਂ ਨੂੰ ਆਪਣੇ ਧਰਮ ਦੀ ਪਾਲਣਾ ਅਤੇ ਪ੍ਰਚਾਰ ਦਾ ਅਧਿਕਾਰ ਹੈ। ਹਾਈ ਕੋਰਟ ਦੇ ਇਹ ਹੁਕਮ ਅੰਮ੍ਰਿਤਸਰ ਦੇ ਗੁਰਪ੍ਰੀਤ ਸਿੰਘ ਉਰਫ ਮਨੀ ਵੱਲੋਂ ਦਾਇਰ ਕੀਤੀ ਗਈ ਉਸ ਅਪੀਲ ਉੱਤੇ ਆਏ ਹਨ, ਜਿਸ ਵਿੱਚ ਉਸ ਨੇ ਖੁਦ ਨੂੰ ਐੱਨ ਡੀ ਪੀ ਐੱਸ ਐਕਟ ਵਿੱਚ ਕੀਤੀ ਗਈ 12 ਸਾਲ ਕੈਦ ਅਤੇ 1.5 ਲੱਖ ਰੁਪਏ ਜੁਰਮਾਨੇ ਦੀ ਸਜ਼ਾ ਨੂੰ ਚੁਣੌਤੀ ਦਿੱਤੀ ਸੀ। ਗੁਰਪ੍ਰੀਤ ਸਿੰਘ ਨੂੰ ਅੰਮ੍ਰਿਤਸਰ ਪੁਲਸ ਨੇ ਪੰਜ ਸਤੰਬਰ 2013 ਨੂੰ ਜੰਡਿਆਲਾ ਦੇ ਗੰਨੋਵਾਲ ਪਿੰਡ ਕੋਲੋਂ ਗ੍ਰਿਫਤਾਰ ਕੀਤਾ ਸੀ। ਦੋਸ਼ ਹੈ ਕਿ ਉਸ ਦੇ ਕੋਲੋਂ 300 ਗ੍ਰਾਮ ਨਸ਼ੀਲੇ ਪਦਾਰਥ ਮਿਲੇ ਸਨ। ਅੰਮ੍ਰਿਤਸਰ ਦੀ ਵਿਸ਼ੇਸ਼ ਅਦਾਲਤ ਨੇ ਇਸ ਕੇਸ ਵਿੱਚ ਉਸ ਨੂੰ ਦੋਸ਼ੀ ਮੰਨਦੇ ਹੋਏ 23 ਅਗਸਤ 2017 ਨੂੰ 12 ਸਾਲ ਕੈਦ ਅਤੇ ਜੁਰਮਾਨਾ ਕੀਤਾ ਸੀ। ਇਸ ਕੇਸ ਵਿੱਚ ਗੁਰਪ੍ਰੀਤ ਤੋਂ ਨਸ਼ੀਲੇ ਪਦਾਰਥਾਂ ਦੀ ਬਰਾਮਦਗੀ ਦੌਰਾਨ ਐਨ ਡੀ ਪੀ ਐਸ ਐਕਟ ਦੀ ਧਾਰਾ 50 ਦੀ ਪਾਲਣਾ ਨਾ ਹੋਣ ਕਾਰਨ ਗੁਰਪ੍ਰੀਤ ਦੀ ਅਪੀਲ ਸਵੀਕਾਰ ਕਰਦੇ ਹੋਏ ਹਾਈ ਕੋਰਟ ਨੇ ਆਪਣੇ ਹੁਕਮ ਵਿੱਚ ਕਿਹਾ ਕਿ ਨਸ਼ੀਲੇ ਪਦਾਰਥਾਂ ਦੀ ਬਰਾਮਦਗੀ ਦੇ ਕੇਸ ਵਿੱਚ ਧਾਰਾ 50 ਦੀ ਪਾਲਣਾ ਕਰਨੀ ਜ਼ਰੂਰੀ ਹੈ। ਇਸ ਧਾਰਾ ਹੇਠ ਪੁਲਸ ਨੂੰ ਦੋਸ਼ੀ ਦੀ ਤਲਾਸ਼ੀ ਤੋਂ ਪਹਿਲਾਂ ਉਸ ਤੋਂ ਪੁੱਛਣਾ ਪੈਂਦਾ ਹੈ ਕਿ ਕੀ ਉਹ ਜੁਡੀਸ਼ਲ ਜੱਜ ਜਾਂ ਗਜ਼ਟਿਡ ਅਫਸਰ ਦੇ ਸਾਹਮਣੇ ਤਲਾਸ਼ੀ ਦੇਣਾ ਚਾਹੁੰਦਾ ਹੈ। ਇਸ ਕੇਸ ਵਿੱਚ ਟਰਾਇਲ ਕੋਰਟ ਦੇ ਹੁਕਮਾਂ ਵਿੱਚ ਦੋਸ਼ੀ ਨੂੰ ਹਿੰਦੂ ਨੌਜਵਾਨ ਲਿਖਣ ਨੂੰ ਗਲਤ ਦੱਸਦੇ ਹੋਏ ਹਾਈ ਕੋਰਟ ਨੇ ਭਵਿੱਖ ਵਿੱਚ ਦੋਸ਼ੀ ਜਾਂ ਪੀੜਤ ਦੇ ਧਰਮ ਦਾ ਜ਼ਿਕਰ ਨਾ ਕਰਨ ਦੇ ਹੁਕਮ ਜਾਰੀ ਕਰਦੇ ਹੋਏ ਗੁਰਪ੍ਰੀਤ ਨੂੰ ਬਰੀ ਕਰਨ ਦੇ ਹੁਕਮ ਕੀਤੇ ਅਤੇ ਕਿਹਾ ਕਿ ਜੇ ਉਹ ਕਿਸੇ ਹੋਰ ਮਾਮਲੇ ਵਿੱਚ ਲੋੜੀਂਦਾ ਨਹੀਂ ਹੈ ਤਾਂ ਉਸ ਨੂੰ ਜੇਲ੍ਹ ਤੋਂ ਰਿਹਾਅ ਕਰ ਦਿੱਤਾ ਜਾਏ।

# ਪਾਕਿਸਤਾਨ ਵਿਚਲੀਆਂ ਧਾਰਮਿਕ ਘੱਟ ਗਿਣਤੀਆਂ ਬਾਰੇ ਯੂਰਪੀਅਨ ਪਾਰਲੀਆਮੈਂਟੇਰੀਅਨਜ਼ ਨੇ ਜਾਰੀ ਕੀਤੀ ਰਿਪੋਰਟ

***ਧਾਰਮਿਕ ਘੱਟਗਿਣਤੀਆਂ ਦੀ ਹਾਲਤ ਸੁਧਾਰਨ ਲਈ ਪਾਕਿਸਤਾਨ ਨੂੰ ਕੀਤੀ ਤਾੜਨਾ *ਅਸਫਲ ਹੋਣ ਦੀ ਸੂਰਤ ਵਿੱਚ ਪਾਕਿਸਤਾਨ ਨੂੰ ਦਿੱਤੀ ਜਾਣ ਵਾਲੀ ਆਰਥਿਕ ਮਦਦ ਘਟਾਉਣ ਦੀ ਦਿੱਤੀ ਚੇਤਾਵਨੀ**

ਬਰੱਸਲਜ਼, 27 ਮਈ (ਪੋਸਟ ਬਿਊਰੋ) : ਯੂਰਪੀਅਨ ਪਾਰਲੀਆਮੈਂਟ ਦੇ ਮੈਂਬਰਜ਼ ਵੱਲੋਂ ਬਰੱਸਲਜ਼ ਵਿੱਚ ਆਪਣੀ ਰਿਪੋਰਟ "ਰਲੀਜੀਅਸ ਮਾਇਨੌਰਟੀਜ਼ ਇਨ ਪਾਕਿਸਤਾਨ" ਰਲੀਜ਼ ਕੀਤੀ ਗਈ। ਇਹ ਰਿਪੋਰਟ ਐਮਈਪੀਜ਼ ਅਲਬਰਟੋ ਸਿਰੀਓ, ਫੁਲਵੀਓ ਮਾਰਟੂਸਿਏਲੋ, ਰਿਜਾਰਡ ਜ਼ਾਰਨੈਕੀ, ਇੰਡਰੈਕ ਤਾਰਾਂਡ ਤੇ ਹੇਨਜ਼ ਕੇ ਬੈਕਰ ਵੱਲੋਂ ਕੰਪਾਈਲ ਕੀਤੀ ਗਈ। ਇਸ ਰਿਪੋਰਟ ਦਾ ਅਸਲ ਮਕਸਦ ਪਾਕਿਸਤਾਨ ਵਿਚਲੀਆਂ ਘੱਟਗਿਣਤੀਆਂ ਦੀ ਹੋਣੀ ਵੱਲ ਧਿਆਨ ਦਿਵਾਉਣਾ ਹੈ। ਇੱਥੇ ਹੀ ਬੱਸ ਨਹੀਂ ਇਸ ਰਿਪੋਰਟ ਰਾਹੀਂ ਇਨ੍ਹਾਂ ਘੱਟਗਿਣਤੀਆਂ ਨਾਲ ਹੋਣ ਵਾਲੇ ਸੰਸਥਾਗਤ ਵਿਤਕਰੇ ਦਾ ਖੁਲਾਸਾ ਕਰਨ ਦੀ ਵੀ ਕੋਸ਼ਿਸ਼ ਕੀਤੀ ਗਈ ਹੈ। ਇਸ ਰਿਪੋਰਟ ਵਿੱਚ ਵੱਖ ਵੱਖ ਧਾਰਮਿਕ ਘੱਟਗਿਣਤੀ ਗਰੁੱਪਜ਼ ਨੂੰ ਜਿਹੜਾ ਸ਼ੋਸ਼ਣ ਸਹਿਣਾ ਪੈਂਦਾ ਹੈ ਉਸ ਦੀ ਜਾਂਚ ਕਰਨ ਤੇ ਇਨ੍ਹਾਂ ਕਮਿਊਨਿਟੀਜ਼ ਨਾਲ ਸਬੰਧਤ ਮਹਿਲਾਵਾਂ ਨਾਲ ਹੋਣ ਵਾਲੇ ਜ਼ੁਲਮ ਸਬੰਧੀ ਕੁੱਝ ਕੁ ਕੇਸ ਸਟਡੀਜ਼ ਵੀ ਰਿਪੋਰਟ ਵਿੱਚ ਦਰਜ ਹਨ।

ਰਿਪੋਰਟ ਵਿੱਚ ਹਰੇਕ ਧਾਰਮਿਕ ਘੱਟਗਿਣਤੀ, ਫਿਰ ਭਾਵੇਂ ਉਹ ਇਸਾਈ ਹੋਣ, ਹਿੰਦੂ ਹੋਣ, ਸਿੱਖ ਹੋਣ ਜਾਂ ਅਹਿਮਦੀਆ ਮੁਸਲਮਾਨ ਹੋਣ, ਨਾਲ ਵੱਖਰੇ ਤੌਰ ਉੱਤੇ ਡੀਲ ਕੀਤਾ ਗਿਆ ਹੈ। ਇਨ੍ਹਾਂ ਧਾਰਮਿਕ ਘੱਟਗਿਣਤੀਆਂ ਨੂੰ ਅਸਲ ਜ਼ਿੰਦਗੀ ਵਿੱਚ ਦਰਪੇਸ਼ ਦਿੱਕਤਾਂ ਦੀਆਂ ਉਦਾਹਰਨਾਂ ਵੀ ਰਿਪੋਰਟ ਵਿੱਚ ਦਿੱਤੀਆਂ ਗਈਆਂ ਹਨ। ਇਸ ਤੋਂ ਇਲਾਵਾ ਰਿਪੋਰਟ ਵਿੱਚ ਪਾਕਿਸਤਾਨ ਦੇ ਪੱਖਪਾਤਪੂਰਨ ਈਸ਼ ਨਿੰਦਾ ਸਬੰਧੀ ਕਾਨੂੰਨਾਂ ਦਾ ਅਧਿਐਨ ਵੀ ਦਰਜ ਹੈ ਤੇ ਇਹ ਵੀ ਦੱਸਿਆ ਗਿਆ ਹੈ ਕਿ ਕਿਸ ਤਰ੍ਹਾਂ ਇਸ ਕਾਨੂੰਨ ਦੀ ਵਰਤੋਂ ਘੱਟ ਗਿਣਤੀਆਂ ਨੂੰ ਨਿਸ਼ਾਨਾ ਬਣਾਉਣ ਲਈ ਕੀਤੀ ਜਾਂਦੀ ਹੈ। ਇਸ ਸਬੰਧ ਵਿੱਚ ਆਸੀਆ ਬੀਬੀ ਦਾ ਉਦਾਹਰਣ ਵੀ ਦਿੱਤਾ ਗਿਆ ਹੈ। ਆਸੀਆ ਬੀਬੀ ਉਹ ਇਸਾਈ ਮਹਿਲਾ ਹੈ ਜਿਸ ਨੂੰ ਈਸ਼ ਨਿੰਦਾ ਦੇ ਮਾਮਲੇ ਵਿੱਚ ਇਸਲਾਮਿਕ ਕੱਟੜ ਜਥੇਬੰਦੀਆਂ ਵੱਲੋਂ ਨਿਸ਼ਾਨਾ ਬਣਾਇਆ ਗਿਆ।

ਇਸ ਰਿਪੋਰਟ, ਜੋ ਕਿ ਤੱਥਾਂ ਤੇ ਅੰਕੜਿਆਂ ਉੱਤੇ ਆਧਾਰਿਤ ਹੈ, ਵਿੱਚ ਧਾਰਮਿਕ ਘੱਟਗਿਣਤੀਆਂ ਦੀ ਮੌਜੂਦਾ ਮਾੜੀ ਹਾਲਤ ਨੂੰ ਦਰਸਾਇਆ ਗਿਆ ਹੈ। ਇਹ ਉਹ ਲੋਕ ਹਨ ਜਿਹੜੇ ਸੱਭਿਆਚਾਰਕ, ਸਿਆਸੀ ਤੌਰ ਉੱਤੇ ਤੇ ਆਰਥਿਕ ਤੌਰ ਉੱਤੇ ਹਾਸ਼ੀਏ ਉੱਤੇ ਧੱਕੇ ਹੋਏ ਹਨ। ਰਿਪੋਰਟ ਵਿੱਚ ਆਖਿਆ ਗਿਆ ਹੈ ਕਿ ਨਤੀਜੇ ਵਜੋਂ ਸੁੰਨੀ ਮੁਸਲਮਾਨਾਂ ਦੀ ਬਹੁਗਿਣਤੀ ਵਾਲੇ ਪਾਕਿਸਤਾਨੀ ਸਮਾਜ ਵਿੱਚ ਧਾਰਮਿਕ ਘੱਟਗਿਣਤੀਆਂ ਨਾਲ ਕਈ ਪੱਧਰ ਉੱਤੇ ਤੇ ਕਈ ਰੂਪਾਂ ਵਿੱਚ ਵਿਤਕਰਾ ਹੁੰਦਾ ਹੈ ਜਿਵੇਂ ਕਿ ਉਨ੍ਹਾਂ ਖਿਲਾਫ ਨਿਸ਼ਾਨਾ ਸਾਧ ਕੇ ਹਿੰਸਕ ਗਤੀਵਿਧੀਆਂ ਹੁੰਦੀਆਂ ਹਨ, ਵੱਡੀ ਪੱਧਰ ਉੱਤੇ ਉਨ੍ਹਾਂ ਦਾ ਕਤਲੇਆਮ, ਇੱਕ ਇਲਾਕੇ ਤੋਂ ਦੂਜੇ ਇਲਾਕੇ ਵਿੱਚ ਉਨ੍ਹਾਂ ਦੇ ਕਤਲ, ਉਨ੍ਹਾਂ ਨੂੰ ਅਗਵਾ ਕੀਤਾ ਜਾਣਾ, ਬਲਾਤਕਾਰ, ਜ਼ਬਰਦਸਤੀ ਇਸਲਾਮ ਕਬੂਲ ਕਰਵਾਉਣਾ ਆਦਿ। ਇਸ ਨਾਲ ਪਾਕਿਸਤਾਨ ਵਿਚਲੇ ਹਿੰਦੂ, ਕ੍ਰਿਸ਼ਚੀਅਨ, ਸਿੱਖ, ਅਹਿਮਦੀਆ ਤੇ ਸ਼ੀਆ ਮੁਸਲਮਾਨ ਇਸ ਖਿੱਤੇ ਵਿੱਚ ਸੱਭ ਤੋਂ ਵੱਧ ਸ਼ੋਸ਼ਣ ਦਾ ਸ਼ਿਕਾਰ ਹੋਣ ਵਾਲੀਆਂ ਘੱਟ ਗਿਣਤੀਆਂ ਹਨ।

ਇਸ ਰਿਪੋਰਟ ਵਿੱਚ ਪਾਕਿਸਤਾਨ ਨੂੰ ਇਹ ਗੁਜ਼ਾਰਿਸ਼ ਵੀ ਕੀਤੀ ਗਈ ਹੈ ਕਿ ਉਹ ਧਾਰਮਿਕ ਘੱਟਗਿਣਤੀਆਂ ਦੀ ਹਾਲਤ ਨੂੰ ਸੁਧਾਰਨ ਲਈ ਫੌਰਨ ਤੋਂ ਪੇਸ਼ਤਰ ਠੋਸ ਕਦਮ ਚੁੱਕੇ। ਇਸ ਦੇ ਅਸਫਲ ਹੋਣ ਨਾਲ ਯੂਰਪੀਅਨ ਯੂਨੀਅਨ ਵੱਲੋਂ ਪਾਕਿਸਤਾਨ ਨੂੰ ਦਿੱਤੀ ਜਾਣ ਵਾਲੀ ਆਰਥਿਕ ਮਦਦ ਦਾ ਮੁਲਾਂਕਣ ਕੀਤਾ ਜਾਵੇਗਾ ਤੇ ਇਸ ਸਬੰਧ ਵਿੱਚ ਹੱਥ ਘੁੱਟਿਆ ਵੀ ਜਾ ਸਕਦਾ ਹੈ।













# ਸਿੱਖੀ ਪ੍ਰਚਾਰ 'ਚੋਂ ਮਨਫੀ ਹੋ ਰਿਹਾ ਹੈ ਕਿਰਤ ਦਾ ਸਿਧਾਂਤ

-ਗੁਰਪ੍ਰੀਤ ਸਿੰਘ ਤਲਵੰਡੀ

ਸਿੱਖ ਧਰਮ ਵਿੱਚ ਕਿਰਤ ਕਰੋ, ਨਾਮ ਜਪੋ ਤੇ ਵੰਡ ਛਕੋ ਦੇ ਸਿਧਾਂਤ ਨੂੰ ਪ੍ਰਮੁੱਖਤਾ ਦਿੱਤੀ ਗਈ ਹੈ। ਧਰਮ ਅੰਦਰ ਫੋਕੇ ਰੀਤੀ ਰਿਵਾਜਾਂ, ਕਰਮ ਕਾਂਡਾਂ, ਵਹਿਮ ਭਰਮਾਂ, ਮੂਰਤੀ ਪੂਜਾ, ਮੜੀ ਮਸਾਣਾਂ ਦੀ ਪੂਜਾ ਸਮੇਤ ਹਰ ਤਰ੍ਹਾਂ ਦੇ ਪਾਖੰਡਾਂ ਤੋਂ ਸਿੱਖਾਂ ਨੂੰ ਸਖਤੀ ਨਾਲ ਵਰਜਿਆ ਗਿਆ ਹੈ। ਸਿੱਖਾਂ ਦੇ ਦਸ ਗੁਰੂ ਸਾਹਿਬਾਨ ਨੇ ਇਨ੍ਹਾਂ ਕੁਰੀਤੀਆਂ ਨੂੰ ਬੰਦ ਕਰਨ ਦਾ ਉਪਦੇਸ਼ ਦਿੱਤਾ ਸੀ। ਗੁਰੂ ਗੋਬਿੰਦ ਸਿੰਘ ਨੇ ਗੁਰੂ ਗ੍ਰੰਥ ਸਾਹਿਬ ਨੂੰ ਗੁਰ-ਗੱਦੀ ਸੌਂਪ ਕੇ ਦੇਹ ਧਾਰੀ ਗੁਰੂ ਜਾਂ ਬਾਬਾਵਾਦ ਦੇ ਚੱਲਣ ਨੂੰ ਸਿੱਖੀ ਵਿੱਚੋਂ ਕੱਢ ਦਿੱਤਾ, ਤਾਂ ਕਿ ਧੀਰ ਮੱਲੀਆਂ ਜਾਂ ਰਾਮਰਾਈਆਂ ਦੇ ਚੇਲਿਆਂ ਵਾਂਗ ਕਿਤੇ ਸਿੱਖ ਅਖੌਤੀ ਸਾਧਾਂ ਦੇ ਪੂਜਕ ਬਣ ਕੇ ਵਿਗਿਆਨਕ ਸਿਧਾਂਤ ਤੋਂ ਥਿੜਕ ਨਾ ਜਾਣ। ਅੰਗਰੇਜ਼ੀ ਸਾਮਰਾਜ ਦੌਰਾਨ ਸਿੱਖੀ ਦੀਆਂ ਜੜ੍ਹਾਂ ਨੂੰ ਖੋਖਲਾ ਕਰਨ ਲਈ ਸ਼ੁਰੂ ਕੀਤਾ ਗਿਆ ਅਖੌਤੀ ਡੇਰ-ਾਵਾਦ ਅੱਜ ਸਿੱਖ ਕੌਮ ਲਈ ਬਹੁਤ ਵੱਡਾ ਨਾਸੂਰ ਬਣ ਚੁੱਕਾ ਹੈ। ਸਿੱਖ ਧਰਮ ਦੇ ਮੋਢੀ ਗੁਰੂ ਨਾਨਕ ਦੇਵ ਨੇ ਜੇ ਜਗਨਨਾਥ ਪੁਰੀ (ਉੜੀਸਾ) ਜਾ ਕੇ ਵਹਿਮੀ ਲੋਕਾਂ ਨੂੰ ਤਰਕ ਨਾਲ ਸਮਝਾਇਆ ਅਤੇ ਮੁਸਲਮਾਨਾਂ ਦੇ ਪ੍ਰਮੁੱਖ ਤੀਰਥ ਅਸਥਾਨ ਮੱਕਾ ਜਾ ਕੇ ਮੁਸਲਮਾਨਾਂ ਨੂੰ ਨਵੀਂ ਸੇਧ ਦਿੱਤੀ। ਈ ਨਹੀਂ ਗੁਰੂ ਨਾਨਕ ਸਾਹਿਬ ਨੇ ਮੁਗਲ ਹਾਕਮ ਬਾਬਰ ਨੂੰ ਸ਼ਰੇਆਮ ਜਾਬਰ ਆਖ ਕੇ ਆਪਣੀ ਦ੍ਰਿੜ੍ਹਤਾ, ਦਲੇਰੀ ਤੇ ਅਣਖ ਦਾ ਸਬੂਤ ਦਿੱਤਾ। ਉਨ੍ਹਾਂ ਸਾਧਾਂ ਵਾਲਾ ਬਾਣਾ ਪਾ ਕੇ ਕਿਰਤੀ ਲੋਕਾਂ ਦੀ ਮਿਹਨਤ ਵਾਲੀ ਕਮਾਈ ਲੁੱਟਣ ਵਾਲੇ ਵਿਹਲੜ ਲੋਕਾਂ ਨੂੰ ਨਕਾਰ ਕੇ ਆਮ ਲੋਕਾਂ ਨੂੰ ਕਿਰਤ ਦੇ ਸਿਧਾਂਤ 'ਤੇ ਚੱਲਣ ਦਾ ਉਪਦੇਸ਼ ਦਿੱਤਾ।

ਕਰਤਾਰਪੁਰ ਵਿੱਚ ਖੇਤੀ ਕਰਨ ਨੂੰ ਪਹਿਲ ਦੇਣੀ ਗੁਰੂ ਨਾਨਕ ਸਾਹਿਬ ਵੱਸੋਂ ਕਿਰਤ ਦੇ ਸਿਧਾਂਤ ਨੂੰ ਵਡਿਆਉਣਾ ਹੀ ਸੀ। ਇਹੀ ਵੱਡਾ ਕਾਰਨ ਸੀ ਕਿ ਉਹ ਇਕ ਅਮੀਰ ਮਲਿਕ ਭਾਗੋ ਦੇ ਭੋਜ ਨੂੰ ਠੁਕਰਾ ਕੇ ਇਕ ਗਰੀਬ, ਮਿਹਨਤਕਸ਼ ਅਤੇ ਕਿਰਤੀ ਭਾਈ ਲਾਲੋ ਦੇ ਘਰ ਖਾਣਾ ਖਾਣ ਲਈ ਗਏ, ਪਰ ਅੱਜ ਸਿੱਖ ਧਰਮ ਦੇ ਪ੍ਰਚਾਰ ਵਿੱਚ ਲੱਗੀਆਂ ਸੰਸਥਾਵਾਂ, ਸ਼੍ਰੋਮਣੀ ਕਮੇਟੀ ਦੇ ਪ੍ਰਚਾਰਕਾਂ ਜਾਂ ਵੱਖ-ਵੱਖ ਸੰਪਰਦਾਵਾਂ ਦੁਆਰਾ ਗੁਰੂ ਨਾਨਕ ਸਾਹਿਬ ਦੇ ਕਿਰਤ ਦੇ ਸਿਧਾਂਤ ਨੂੰ ਸਿੱਖੀ ਪ੍ਰਚਾਰ ਵਿੱਚੋਂ ਮਨਫੀ ਕਰ ਦਿੱਤਾ ਗਿਆ ਹੈ। ਕਿਰਤ ਦੇ ਸਿਧਾਂਤ ਨੂੰ ਆਮ ਲੋਕਾਂ ਤੱਕ ਪ੍ਰਚਾਰਿਆ ਹੀ ਨਹੀਂ ਜਾ ਰਿਹਾ।

ਕਰੀਬ ਇਕ ਦਹਾਕਾ ਪਹਿਲਾਂ ਤੱਕ ਆਮ ਪ੍ਰਚੱਲਿਤ ਗੁਰੂ ਨਾਨਕ ਸਾਹਿਬ ਦੀ ਦੋ ਬਲਦਾਂ ਨਾਲ ਖੇਤੀ ਕਰਦਿਆਂ ਦੀ ਤਸਵੀਰ ਗਾਇਬ ਕਰ ਦਿੱਤੀ ਗਈ ਹੈ। ਭਾਵੇਂ ਇਹ ਤਸਵੀਰਾਂ ਇਕ ਕਾਲਪਨਿਕ ਤਸਵੀਰਾਂ ਤੋਂ ਵੱਧ ਕੁਝ ਵੀ ਨਹੀਂ, ਪਰ ਇਨ੍ਹਾਂ ਦੇ ਨਾਲ ਲੋਕਾਈ ਨੂੰ ਵੱਖ-ਵੱਖ ਤਰ੍ਹਾਂ ਦੇ ਸੰਦੇਸ਼ ਦੇਣ ਲਈ ਬੇਹੱਦ ਆਸਾਨੀ ਸੀ। ਇਸੇ ਹੇਠ ਉਸ ਤਸਵੀਰ ਜ਼ਰੀਏ ਗੁਰੂ ਨਾਨਕ ਸਾਹਿਬ ਦੇ ਕਿਰਤ ਦੇ ਸਿਧਾਂਤ ਨੂੰ ਲੋਕਾਂ ਤੱਕ ਪ੍ਰਚਾਰਿਆ ਜਾ ਰਿਹਾ ਸੀ। ਅਗਲੀਆਂ ਪੀੜ੍ਹੀਆਂ ਅਜਿਹੇ ਪ੍ਰਚਾਰ ਦੀ ਘਾਟ ਕਾਰਨ ਗੁਰੂ ਨਾਨਕ ਸਾਹਿਬ ਵੱਲੋਂ ਖੇਤੀ ਕਰਕੇ ਲੋਕਾਈ ਨੂੰ ਕਿਰਤ ਸੱਭਿਆਚਾਰ ਨਾਲ ਜੋੜਨ ਦੇ ਪੇਸ਼ ਕੀਤੇ ਸਿਧਾਂਤ ਨੂੰ ਹੀ ਮੰਨਣ ਤੋਂ ਇਨਕਾਰੀ ਹੋ ਜਾਣਗੀਆਂ।



ਸਰਬ ਸਾਂਝੀਵਾਲਤਾ ਦੇ ਪ੍ਰਤੀਕ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਅੰਦਰ ਕਿਰਤ ਨੂੰ ਪਹਿਲ ਦੇ ਕਈ ਸ਼ਬਦ ਆਉਂਦੇ ਹਨ, ਪਰ ਸਿੱਖੀ ਪ੍ਰਚਾਰ 'ਚੋਂ ਚੁੱਪ ਚੁਪੀਤੇ ਕਿਰਤ ਦੇ ਸਿਧਾਂਤ ਨੂੰ ਕੱਢ ਦੇਣਾ ਦੁਖਦਾਈ ਹੈ। ਅੱਜ ਪੰਜਾਬ ਅੰਦਰ ਅਨੇਕਾਂ ਹੀ ਸੰਪਰਦਾਵਾਂ ਜਾਂ ਸੰਤ ਮਹਾਂਪੁਰਖ ਸਿੱਖੀ ਦੇ ਪ੍ਰਚਾਰ ਕਰਨ ਦਾ ਹੋਕਾ ਦਿੰਦੇ ਹਨ, ਪਰ ਇਨ੍ਹਾਂ ਸੰਪਰਦਾਵਾਂ ਵੱਲੋਂ ਸਿੱਖਾਂ ਨੂੰ ਕੇਵਲ ਸਿਮਰਨ ਕਰਨ 'ਤੇ ਜ਼ੋਰ ਦੇਣਾ ਕਿਸੇ ਵੀ ਤਰ੍ਹਾਂ ਸਿੱਖੀ ਸਿਧਾਂਤ ਦੇ ਅਨਕੂਲ ਨਹੀਂ ਹੈ।


ਗੁਰੂ ਗ੍ਰੰਥ ਸਾਹਿਬ ਦੀ ਬਾਣੀ ਨੇ ਕਿਰਤ ਕਰਨ ਤੋਂ ਭਗੌੜਾ ਹੋ ਕੇ ਗ੍ਰਹਿਸਤੀ ਜੀਵਨ ਨੂੰ ਤਿਆਗ ਕੇ ਪਹਾੜਾਂ ਵਿੱਚ ਜਾਂ ਇਕਾਂਤ 'ਚ ਬੈਠ ਕੇ ਕੇਵਲ ਸਿਮਰਨ ਕਰਨ ਨੂੰ ਨਕਾਰਿਆ ਹੈ, ਪਰ ਕੌਮ ਦੀ ਅਧੋਗਤੀ ਲਈ ਜ਼ਿੰਮੇਵਾਰ ਸੰਪਰਦਾਵਾਂ ਨੇ ਸਿਰਫ ਸਿਮਰਨ ਕਰਨ ਨੂੰ ਸਿੱਖੀ ਨਾਲ ਜੋੜ ਦਿੱਤਾ। ਇਹ ਵੀ ਕਾਰਨ ਹੈ ਕਿ ਅੱਜ ਸਿੱਖਾਂ ਦੀ ਮੌਜੂਦਾ ਪੀੜ੍ਹੀ ਕਿਰਤ ਕਰਨ ਤੋਂ ਇਨਕਾਰੀ ਹੋ ਰਹੀ ਹੈ। ਭਾਵੇਂ ਸਿੱਖਾਂ ਨੇ ਵਿਸ਼ਵ ਅੰਦਰ ਮਿਹਨਤ ਨਾਲ ਦੁਨੀਆ ਦੇ ਕੋਨੇ-ਕੋਨੇ ਵਿੱਚ ਰਹਿੰਦਿਆਂ ਕਿਰਤ ਕਰਕੇ ਮੱਲਾਂ ਮਾਰੀਆਂ ਹਨ, ਪਰ ਸਿੱਖੀ ਪ੍ਰਚਾਰ 'ਚੋਂ ਕਿਰਤ ਸੱਭਿਆਚਾਰ ਨੂੰ ਮਨਫੀ ਕਰਨਾ ਸਿੱਖ ਕੌਮ ਦਾ ਸਭ ਤੋਂ ਦੁਖਦਾਈ ਪਹਿਲੂ ਹੈ। ਜੇ ਕੌਮ ਨੇ ਜਿਊਂਦੀ ਰਹਿਣਾ ਹੈ ਤਾਂ ਵਿਗਿਆਨਕ ਵਿਚਾਰਧਾਰਾ ਨੂੰ ਅਪਣਾ ਕੇ ਕਿਰਤ ਸੱਭਿਆਚਾਰ ਨਾਲ ਜੁੜੇ ਰਹਿਣਾ ਬੜਾ ਹੀ ਅਹਿਮ ਹੋਵੇਗਾ ਨਹੀਂ ਤਾਂ

# ਅੱਜ ਤੈਂ, ਮੈਨੂੰ ਮਾਰ ਪੁਆਈ ਨਣਦੇ..

-ਕੁਲਮਿੰਦਰ ਕੌਰ

ਸਾਡੇ ਜਨਮ ਤੋ ਕਈ ਰਿਸ਼ਤੇ ਖੂਨ ਦੀ ਸਾਂਝ ਹੋਣ ਕਾਰਨ ਖੁਦ ਬਖੁਦ ਨਾਲ ਚੱਲਦੇ ਹੋਏ ਨਿਭਦੇ ਜਾਂਦੇ ਹਨ, ਪਰ ਹੋਰ ਨੇੜਲੇ ਰਿਸ਼ਤੇ ਜਾਂ ਜ਼ਿੰਦਗੀ ਦੇ ਸਫਰ ਤੇ ਵੱਖ-ਵੱਖ ਪੜਾਵਾਂ ਨਾਲ ਜੁੜਦੇ ਹੋਏ ਰਿਸ਼ਤੇ ਤਾਂ ਨਿਭਾਇਆਂ ਨਿਭਦੇ ਹਨ। ਰਿਸ਼ਤਿਆਂ ਦੀਆਂ ਤੰਦਾਂ ਤਾਣੀਆਂ 'ਚ ਜ਼ਿਆਦਾ ਉਲਝਣਾਂ ਔਰਤਾਂ ਨੂੰ ਪੈਂਦਾ ਹੈ। ਉਨ੍ਹਾਂ ਦੀ ਜ਼ਿੰਦਗੀ ਬਹੁਤ ਸਾਰੇ ਰਿਸ਼ਤਿਆਂ 'ਚੋਂ ਹੋ ਕੇ ਗੁਜ਼ਰਦੀ ਹੈ। ਕਦੇ ਧੀ, ਕਦੇ ਭੈਣ, ਮਾਂ ਬਣ ਕੇ ਤੇ ਕਦੇ ਨਣਦ, ਨੂੰਹ, ਸੱਸ ਤੇ ਦਰਾਣੀ, ਜਠਾਣੀ ਬਣੇ ਕੇ। ਪੇਕੇ ਪਰਵਾਰ 'ਚ ਭਰਾਵਾਂ ਦੇ ਮੋਹ ਪਿਆਰ 'ਚ ਭਿੱਜੀ ਉਹ ਬਾਦਸ਼ਾਹੀ ਹੁਲਾਰੇ ਲੈਂਦੀ ਹੈ। ਰਿਸ਼ਤੇ ਆਪਣੇ ਆਪ ਮਾਣ ਸਨਮਾਨ, ਲਾਡ ਦੁਲਾਰ, ਸਤਿਕਾਰ ਵੰਡਦੇ ਤੇ ਬਟੋਰਦੇ ਰਵਾਂ ਰਵੀਂ ਚੱਲਦੇ ਹਨ। ਇਨ੍ਹਾਂ ਰਿਸ਼ਤਿਆਂ ਦੀ ਰੂਪ ਰੇਖਾ ਵੀ ਸਮੇਂ ਅਨੁਸਾਰ ਬਦਲਣੀ ਸੁਭਾਵਿਕ ਹੈ। ਇਸੇ ਬਦਲਾਅ ਕਾਰਨ ਉਸ ਨੂੰ ਆਪਣੀ ਮਾਨਸਿਕਤਾ ਨਾਲ ਵੀ ਦੋ ਹੱਥ ਕਰਨੇ ਪੈ ਜਾਂਦੇ ਹਨ।

ਨਣਾਨ ਭਰਜਾਈ ਦਾ ਰਿਸ਼ਤਾ ਬਹੁਤ ਨਾਜ਼ੁਕ ਤੇ ਸੰਵੇਦਨਸ਼ੀਲ ਹੁੰਦਾ ਹੈ। ਕਈ ਥਾਈਂ ਵੇਖਿਆ ਗਿਆ ਹੈ ਕਿ ਜਦੋਂ ਉਹ ਪੇਕੇ ਘਰ 'ਚ ਪਰਾਈ ਹੋਣ ਦਾ ਅਹਿਸਾਸ ਪਾਲਦੀ ਹੈ, ਉਸ ਨੂੰ ਲੱਗਦਾ ਹੈ ਕਿ ਇਹ ਘਰ ਮੇਰਾ ਨਹੀਂ ਹੈ ਤਾਂ ਅਜਿਹੀ ਸਥਿਤੀ 'ਚ ਉਸ ਨੂੰ ਆਪਣੀ ਬਾਦਸ਼ਾਹੀ ਖੁੰਝਦੀ ਜਾਪਦੀ ਹੈ ਤਾਂ ਭਰਜਾਈ ਨਾਲ ਖਾਰ ਖਾਂਦੀ ਹੈ, ਉਸ ਦਾ ਮਨ ਅਗਵਾਈ ਕਰਦਾ ਹੈ ਕਿ ਇਸ ਦੇ ਆਉਣ ਨਾਲ ਸਭ ਕੁਝ ਬਦਲਿਆ ਹੈ। ਉਹ ਅੱਜੀਂ ਪੱਜੀਂ ਮਾਂ ਨੂੰ ਪੁੱਤਰ ਤੋਂ ਤੇ ਭਰਾ ਨੂੰ ਭਰਜਾਈ ਤੋਂ



ਨਿਖੇੜਨ ਦਾ ਚਾਰਾ ਕਰਦੀ ਹੈ। ਉਸ ਦੇ ਇਸੇ ਮੁਹਾਂਦਰੇ ਦੀ ਚਰਚਾ ਤਾਂ ਲੋਕ ਗੀਤਾਂ 'ਚ ਵੀ ਪ੍ਰਤੱਖ ਹੈ:

ਕੇਹੀ ਵੀਰ ਨੂੰ ਕਸੂਤੀ ਲੂਤੀ ਲਾਈ ਨਣਦੇ,<br>
ਅੱਜ ਤੈਂ, ਮੈਨੂੰ ਮਾਰ ਪੁਆਈ ਨਣਦੇ।

ਆਪਣੇ ਭਰਾ ਨਾਲ ਪਿਆਰ ਦੀ ਪਰਿਭਾਸ਼ਾ ਵਿੱਚ ਭੈਣ ਨੂੰ ਆਪਣੇ ਫਰਜ਼ ਸਹੀ ਢੰਗ ਨਾਲ ਪਛਾਣਦੇ ਹੋਏ ਉਸ ਦੇ ਪਰਵਾਰ ਦੀ ਬੁਨਿਆਦ ਆਪਣੀ ਭਰਜਾਈ ਪ੍ਰਤੀ ਸੋਚ ਤੇ ਰਵੱਈਆ ਉਸਾਰੂ ਰੱਖਣਾ ਚਾਹੀਦਾ ਹੈ। ਉਹ ਭੁੱਲ ਜਾਂਦੀ ਹੈ ਕਿ ਭੈਣ ਦੇ ਰੂਪ 'ਚ ਉਸ ਦੇ ਭਰਾ ਲਈ ਜਜ਼ਬਾਤ ਕਿੰਨੇ ਸੱਚੇ ਤੇ ਨਰੋਏ ਹੁੰਦੇ ਹਨ। ਉਹ ਵੀਰ ਤੋਂ ਬਲਿਹਾਰੇ ਜਾਂਦੀ ਵਾਰ-ਵਾਰ ਬੋਲਦੀ ਹੈ:

ਡੋਈ, ਸਾਰਾ ਜੱਗ ਛਾਣ ਲਿਆ<br>
ਮੇਰੇ ਵੀਰ ਜਿਹਾ ਨਾ ਕੋਈ।

ਇਵੇਂ ਹੀ ਭੈਣ ਵੀ ਭਰਾ ਦੀ ਜ਼ਹਿਨੀ ਤੇ ਸਮਾਜੀ ਜ਼ਿੰਦਗੀ 'ਚ ਅਹਿਮ ਸਥਾਨ ਰੱਖਦੀ ਹੈ। ਸਾਹਿਤਕਾਰਾਂ ਤੇ ਲੇਖਕਾਂ ਦੀ ਕਲਮ 'ਭੈਣਾਂ ਵਰਗਾ ਸਾਕ ਨਾ ਕੋਈ' ਲਿਖ-ਲਿਖ ਕੇ ਕਦੇ ਨਹੀਂ ਥੱਕਦੀ। ਨਣਦ ਦੇ ਕਿਰਦਾਰ 'ਚ ਉਸ ਦਾ ਇਹੀ ਬੈਣ ਦਾ ਰੂਪ ਅੱਖੋਂ ਓਹਲੇ ਨਹੀਂ ਹੋਣਾ ਚਾਹੀਦਾ। ਨਣਦ ਭਰਜਾਈ ਦੇ ਰਿਸ਼ਤੇ ਦੀ ਆਪਸੀ ਖਿੱਚੋਤਾਣ ਪਹਿਲੇ ਵੇਲਿਆਂ 'ਚ ਬਸ ਮਨ ਮੁਟਾਵ ਤੱਕ ਦੀਆਂ ਗੱਲਾਂ ਬਾਤਾਂ ਸਨ, ਜੋ ਵਕਤੀ ਹੁੰਦੀਆਂ ਅਤੇ ਸਮਾਂ ਪਾ ਕੇ ਸੁਲਝ ਜਾਂਦੀਆਂ ਸਨ। ਸਾਡੇ ਜ਼ਮਾਨੇ ਦੀ ਹਵਾ ਦੇ ਬਦਲਦੇ ਰੁਖ਼ 'ਚ ਹੱਕ ਸੱਚ ਦੀ ਲੜਾਈ ਜੱਗ ਜ਼ਾਹਰ ਹੋਣ ਲੱਗ ਪਈ ਹੈ। ਵੇਖਿਆ ਜਾਵੇ ਤਾਂ ਨਣਦ ਭਰਜਾਈ ਦਾ ਰਿਸ਼ਤਾ ਇਕ ਦੂਜੇ ਦਾ ਪੂਰਕ ਹੈ। ਰਿਸ਼ਤੇ ਨੂੰ ਆਪਣੇ ਨਾਲ ਜੋੜ ਕੇ ਤੇ ਆਪਣੀ ਥਾਂ ਰੱਖ ਕੇ ਵੇਖੋ। ਜੇ ਮੈਂ ਚਾਹੁੰਦੀ ਹਾਂ ਕਿ ਮੇਰੀ ਨਣਦ ਮੇਰੇ ਹਿਸਾਬ ਨਾਲ ਚੱਲੇ ਅਤੇ ਘਰ 'ਚ ਬੇਵਜ੍ਹਾ ਦਖਲ ਅੰਦਾਜ਼ੀ ਕਰਕੇ ਮੇਰੇ ਪਰਵਾਰ ਦਾ ਮਾਹੌਲ ਖਰਾਬ ਨਾ ਕਰੇ ਤਾਂ ਮੈਨੂੰ ਵੀ ਆਪਣੇ ਨਣਦ ਦੇ ਰੂਪ 'ਚ ਚੌਕਸੀ ਵਰਤ ਲੈਣੀ ਚਾਹੀਦੀ ਹੈ। ਉਹ ਸਮਝੇ ਕਿ ਮੇਰੇ ਭਰਾ ਦੀ ਜ਼ਿੰਦਗੀ 'ਚ ਮੇਰੀ ਭਰਜਾਈ ਦਾ ਅਹਿਮ ਸਥਾਨ ਹੈ, ਉਹ ਉਸ ਦੀ ਹਮਸਫਰ ਹੈ ਤੇ ਮੇਰੇ ਪੇਕੇ ਘਰ ਦੀ ਮਾਣ ਮਰਿਆਦਾ ਉਸੇ ਕਰਕੇ ਹੈ। ਔਰਤ ਨੂੰ ਆਪਣੇ ਪੇਕੇ ਘਰ ਨਾਲ ਜੁੜੀਆਂ ਮੋਹ ਪਿਆਰ ਦੀਆਂ ਤੰਦਾਂ ਦੀ ਮਜ਼ਬੂਤੀ ਕਾਇਮ ਰੱਖਣ ਲਈ ਜੁੜੇ ਰਿਸ਼ਤੇ ਦੀ ਇੱਜ਼ਤ ਕਰਦੇ ਹੋਏ ਤੇ ਪਦਾਰਥਵਾਦੀ ਸੋਚ ਨੂੰ ਤਿਆਗਦੇ ਹੋਏ ਅੱਗੇ ਵਧਣਾ ਚਾਹੀਦਾ ਹੈ।

ਇਸ ਤਰ੍ਹਾਂ ਦੇ ਵਿਹਾਰ ਤੇ ਉਸਾਰੂ ਸੋਚ ਸਦਕਾ ਉਹ ਪੇਕੇ ਘਰ 'ਚ ਵਧੀਆ ਮਾਹੌਲ ਸਿਰਜ ਸਕਦੀ ਹੈ। ਜਿਥੇ ਹਰ ਭਰਜਾਈ ਆਪਣੀ ਨਣਦ ਨੂੰ ਦਿਲ ਦੀਆਂ ਰਮਜ਼ਾ ਜਾਣਨ ਵਾਲੀ ਸਖੀ ਸਹੇਲੀ ਦੇ ਰੂਪ 'ਚ ਸਵੀਕਾਰ ਕਰ ਲਵੇ। ਉਹ ਨਣਦ ਸਾਹਵੇਂ ਉਸ ਦੇ ਭਰਾ ਦੇ ਗੁੱਸੇ ਗਿਲੇ ਵਾਲਾ ਸੁਭਾਅ ਤੇ ਵਰਤਾਰੇ ਬਾਰੇ ਵੀ ਸ਼ਿਕਵੇ ਕਰ ਸਕੇ ਤੇ ਮਨ ਦਾ ਬੋਝ ਹਲਕਾ ਕਰਦੀ ਹੋਈ ਕਹਿ ਸਕੇ:

ਚਿੱਟੀਆਂ ਕਪਾਹ ਦੀਆਂ ਫੁੱਟੀਆਂ<br>
ਹਾਏ ਨੀ ਪੱਤ ਹਰੇ ਭਰੇ।<br>
ਆਖ ਨੀ ਨਣਾਨੇ ਤੇਰੇ ਵੀਰ ਨੂੰ<br>
ਕਦੇ ਤਾਂ ਭੈੜਾ ਹੱਸਿਆ ਕਰੇ।

ਇਸ ਤਰ੍ਹਾਂ ਭਰਾ ਭਰਜਾਈ ਦੇ ਵਿਹੜੇ 'ਚ ਖੁਸ਼ੀਆਂ 'ਤੇ ਖੇੜੇ ਬਿਖੇਰਨ ਦਾ ਮਾਧਿਅਮ ਬਣੇ ਨਾ ਕਿ ਲੂਤੀਆਂ ਲਾਉਣ ਵਾਲੀ ਨਣਦ ਹੋਵੇ ਤਾਂ ਕਿ ਆਪਸੀ ਘਰੇਲੂ ਪਰਵਾਰਕ ਝਗੜਿਆਂ ਜਾਂ ਅਹਿਮ ਦੁਖਦਾਈ ਘਟਨਾਵਾਂ 'ਚ ਪਰਵਾਰ ਜਾਂ ਸਮਾਜ 'ਚ ਸ਼ੱਕ ਦੀ ਸੂਈ ਇਸ ਕਿਰਦਾਰ ਦੁਆਲੇ ਕਦੇ ਨਾ ਘੁੰਮ ਸਕੇ।

# ਫੇਸਬੁਕੀਏ ਫਰੈਂਡ

ਵਿਅੰਗ

ਕੇ ਐੱਲ ਗਰਗ

ਪਹਿਲਾਂ ਅਸੀਂ ਆਖਿਆ ਕਰਦੇ ਸਾਂ, ''ਮਿੱਤਰ ਉਹ ਜਿਹੜਾ ਮੁਸੀਬਤ ਵੇਲੇ ਕੰਮ ਆਵੇ।'' ਅਸੀਂ ਇਸ ਹੱਦ ਤੱਕ ਵੀ ਕਹਿ ਦਿੰਦੇ ਸਾਂ, ''ਮਿੱਤਰ ਉਹ ਜੋ, ਮੁਸੀਬਤ ਵੇਲੇ ਜਾਨ ਵਾਰਨ ਤੱਕ ਜਾਵੇ।'' ਸਾਇੰਸ ਦੀ ਤਰੱਕੀ ਹੋਣ ਨਾਲ ਅਸੀਂ ਹੁੱਬ ਕੇ ਆਖਦੇ ਹਾਂ, ''ਫਰੈਂਡ ਉਹ, ਜੋ ਸਾਡੀ ਫੇਸਬੁੱਕ ਉੱਤੇ ਵੱਧ ਤੋਂ ਵੱਧ ਕੁਮੈਂਟ ਲਿਖੇ। ਕਦੀ-ਕਦੀ ਮਸੈਂਜਰ ਰਾਹੀਂ ਲਾਈਵ ਵੀਡੀਓ ਟਾਕ ਕਰ ਲਵੇ।''

ਅਸੀਂ ਜਾਣਬੁੱਝ ਕੇ ਆਪਣੇ ਫੇਸਬੁਕ 'ਤੇ ਕੁਝ ਨਾ ਕੁਝ ਪਾਉਂਦੇ ਹਾਂ। ਕਦੀ ਆਪਣੀ ਨਵੀਂ ਤਸਵੀਰ ਪਾ ਦਿੰਦੇ ਹਾਂ। ਕਦੀ ਆਪਣੇ ਵਿਆਹ ਦੀ ਤਸਵੀਰ ਪਾ ਛੱਡਦੇ ਹਾਂ। ਕਦੀ ਆਪਣੇ ਬਚਪਨ ਦੀ ਫੋਟੋ ਜੜ ਦਿੰਦੇ ਹਾਂ। ਸਾਡੇ ਫੇਸਬੁਕ ਫਰੈਂਡ ਜਿਵੇਂ ਵਿਹਲੇ ਬੈਠੇ ਇੰਤਜ਼ਾਰ ਕਰਦੇ ਹੋਣ। ਝੱਟ ਉਨ੍ਹਾਂ ਦੀਆਂ ਉਂਗਲਾਂ ਕੁਝ ਲਿਖਣ ਲਈ ਬੇਤਾਬ ਹੋ ਜਾਂਦੀਆਂ ਹਨ। ਭਾਵੇਂ ਉਨ੍ਹਾਂ ਦਾ ਸ਼ਬਦ ਭੰਡਾਰ ਸੀਮਤ ਹੁੰਦਾ ਹੈ, ਫੇਰ ਵੀ ਉਹ ਕੁਮੈਂਟ ਕਰਨ ਨੂੰ ਬਿਹਬਲ ਨਜ਼ਰ ਆਉਣ ਲੱਗਦੇ ਹਨ। ਨਾਈਸ ਪਿਕਚਰ, ਨਾਈਸ ਫੈਮਿਲੀ, ਘੈਂਟ ਮੁੰਡਾ, ਵਾਹ ਕਿਆ ਬਾਤ ਹੈ, ਬਿਊਟੀਫੁਲ। ਏਦੂੰ ਜ਼ਿਆਦਾ ਫਿਕਰੇ ਲਿਖਣੇ ਪੈ ਜਾਣ ਤਾਂ ਉਨ੍ਹਾਂ ਦੀ ਅੰਗਰੇਜ਼ੀ ਨੂੰ ਬਦਹਜ਼ਮੀ ਹੋਣ ਲੱਗਦੀ ਹੈ। ਮੂਰਛਾ ਆਉਣ ਲੱਗਦੀ ਹੈ।

ਫੇਸਬੁਕ 'ਤੇ ਫਰੈਂਡ ਤੁਹਾਡੀ ਪਤਨੀ ਦਾ ਵੀ ਹੋ ਸਕਦਾ ਹੈ, ਤੁਹਾਡੀ ਬੇਟੀ ਦਾ ਵੀ ਹੋ ਸਕਦਾ ਹੈ ਤੇ ਤੁਹਾਡੇ ਪੁੱਤਰ ਦਾ ਵੀ। ਬਾਬੇ ਪੋਤੇ ਦੀ ਇੱਕੋ ਕੁੜੀ ਫਰੈਂਡ ਹੋ ਸਕਦੀ ਹੈ। ਤੁਸੀਂ ਉਹ ਅਮਿਤਾਭ ਬੱਚਨ ਵਾਲੀ ਐਡ ਦੇਖੀ ਹੋਣੀ ਹੈ। ਪੋਤੇ ਦੀ ਫਰੈਂਡ ਕੁੜੀ ਉਸ ਨਾਲ ਉਨ੍ਹਾਂ ਦੇ ਘਰ ਆਉਂਦੀ ਹੈ ਤਾਂ ਬਾਬਾ ਉਸ ਨੂੰ ਆਪਣੇ ਵੱਲ ਮੋਹਿਤ ਕਰ ਲੈਂਦਾ ਹੈ। ਮੋਬਾਈਲ 'ਤੇ ਤਰ੍ਹਾਂ-ਤਰ੍ਹਾਂ ਦੀਆਂ ਗੇਮਾਂ ਦਿਖਾ ਕੇ ਉਸ ਨੂੰ ਭਰਮਾ ਲੈਂਦਾ ਹੈ। ਬਾਜ਼ੀ ਹਰਦੀ ਦੇਖ ਕੇ ਪੋਤਾ ਤਰਲੇ ਜਿਹੇ ਨਾਲ ਆਖਦਾ ਹੈ, ''ਦਾਦੂ, ਇਹ ਮੇਰੀ ਫਰੈਂਡ ਹੈ।'' ਸੁਣ ਕੇ ਮਨਚਲਾ ਦਾਦਾ ਉਸੇ ਅੰਦਾਜ਼ 'ਚ ਕਹਿ ਦਿੰਦਾ ਹੈ, ''ਇਹ ਮੇਰੀ ਵੀ ਫਰੈਂਡ ਹੈ।'' ਪੋਤਾ ਮੂੰਹ ਦੇਖਦਾ ਰਹਿ ਜਾਂਦਾ ਹੈ। ਕਰ ਲਓ ਘਿਓ ਨੂੰ ਭਾਂਡਾ। ਫਰੈਂਡ ਨਾ ਹੋਈ, ਛੋਲਿਆਂ ਦਾ ਵੱਢ ਹੋ ਗਿਆ, ਜਿਸ ਨੂੰ ਜਿਹੜਾ ਡੰਗਰ ਚਾਹੇ, ਬੁਰਕ ਮਾਰ ਸਕਦਾ ਹੈ।

ਮੋਬਾਈਲ ਅਜਿਹੀ ਗੁਫਾ ਹੈ, ਜਿਸ ਵਿੱਚੋਂ ਪਤਾ ਨੀਂ ਕਿੱਥੋਂ ਕਿੱਥੋਂ ਤੇ ਕਿਹੜੇ ਕਿਹੜੇ ਫਰੈਂਡ ਨਿਕਲ ਆਉਂਦੇ ਹਨ। ਤੁਸੀਂ ਆਪਣੀ ਸੋਹਣੀ ਜਿਹੀ ਆਕਰਸ਼ਕ ਫੋਟੋ ਅਪਲੋਡ ਕੀਤੀ ਨਹੀਂ ਕਿ ਫਰੈਂਡ ਬਣਨ ਦੀਆਂ ਬੇਨਤੀਆਂ ਆਉਣੀਆਂ ਸ਼ੁਰੂ ਹੋਈਆਂ ਨਹੀਂ। ਕੁਝ ਫਿਕਰੇ ਤਾਂ ਆਮ ਹਨ ਜਿਵੇਂ ਆਈ ਲਵ ਯੂ, ਹੈਲੋ, ਹੈਲੋ, ਲਵ ਯੂ। ਤੁਸੀਂ ਥੋੜ੍ਹਾ ਰਿਸਪਾਂਸ ਦਿਓ ਤਾਂ ਪੱਛਮੀ ਦੇਸ਼ਾਂ ਦੀਆਂ ਕੁੜੀਆਂ-ਬੁੜ੍ਹੀਆਂ ਝੱਟ ਪੁੱਛਣ ਲੱਗ ਜਾਂਦੀਆਂ ਹਨ। ਸਿੰਗਲ ਔਰ ਮੈਰਿਡ, ਸੋਰਸ ਆਫ ਇਨਕਮ, ਬਿਜ਼ਨਸ। ਆਪਣੇ ਬਾਰੇ ਵੀ ਝੱਟ ਦੱਸਣ ਲੱਗ ਜਾਣਗੀਆਂ, ''ਮੈਂ ਮਾਰਥਾ ਹਾਂ, ਸਿੰਗਲ ਹਾਂ, ਡਾਂਸ ਟੀਚਰ ਹਾਂ।'' ਥੋੜ੍ਹਾ ਹੋਰ ਖੁੱਲ੍ਹੇ ਤਾਂ ਝੱਟ ਕਹਿਣਗੀਆਂ, ''ਮੈਨੂੰ ਆਪਣਾ ਕ੍ਰੈਡਿਟ ਕਾਰਡ ਨੰਬਰ ਭੇਜੋ।'' ਤੁਸੀਂ 'ਕਿਉਂ' ਪੁੱਛਦੇ ਹੋ ਤਾਂ ਆਖਦੀਆਂ ਹਨ। ਮੇਰਾ ਮੋਬਾਈਲ ਖਰਾਬ ਹੋ ਗਿਐ। ਮੈਂ ਨਵਾਂ ਸੈੱਟ ਖਰੀਦ ਕੇ ਤੁਹਾਡੇ ਨਾਲ ਖੂਬ ਖੁੱਲ੍ਹ ਕੇ ਗੱਲਾਂ ਕਰਨੀਆਂ ਚਾਹੁੰਦੀ ਹਾਂ।''

ਤੌਬਾ ਤੌਬਾ, ਰਾਮ ਰਾਮ ਕਹਿ ਕੇ ਤੁਸੀਂ ਉਸ ਨੂੰ ਆਪਣੀ ਲਿਸਟ 'ਚੋਂ ਡਿਲੀਟ ਮਾਰ ਦਿੰਦੇ ਹੋ। ਤੁਸੀਂ ਆਪ ਹੀ ਦੱਸੋ, ਘਰ ਫੂਕ ਕੇ ਤਮਾਸ਼ਾ ਕੌਣ ਦੇਖੋ। ਹਾਲਾਂ ਇਹ ਤੁਹਾਡੀ ਫੇਸਬੁਕ ਫਰੈਂਡ ਹੈ, ਤਦ ਝੱਟ ਕ੍ਰੈਡਿਟ ਕਾਰਡ ਦੀ ਡਿਮਾਂਡ 'ਤੇ ਆ ਗਈ, ਜੇ ਸੱਚਮੁੱਚ ਫਰੈਂਡ ਬਣ ਜਾਵੇ ਤਾਂ ਉਸ ਤੋਂ ਥੋੜ੍ਹਾ ਹੋਰ ਅਗਾਂਹ ਲੰਘ ਆਵੇ ਤਾਂ ਤੁਹਾਡੀ ਜੇਬ ਦਾ ਕੀ ਹਾਲ ਕਰੂ, ਪ੍ਰਭੂ ਹੀ ਜਾਣਨਹਾਰ ਹਨ।

ਸੁਣਨ 'ਚ ਆਇਆ ਹੈ ਕਿ ਇਹੋ ਜਿਹੀਆਂ ਫਰੈਂਡਾਂ ਬੰਦੇ ਨੂੰ ਭੁਚਲਾ ਭੁਚਲੂ ਕੇ ਬੈਂਕ ਖਾਤਾ ਸਾਫ ਕਰ ਕੇ ਆਪਣੇ ਰਾਹ ਪੈਂਦੀਆਂ ਹਨ ਤੇ ਤੁਸੀਂ



ਮੋਬਾਈਲ ਦੀ ਸਕਰੀਨ 'ਤੇ ਉਂਗਲਾਂ ਮਾਰਨ ਜੋਗੇ ਹੀ ਰਹਿ ਜਾਂਦੇ ਹੋ।

ਸਾਡੇ ਕਈ ਫੇਸਬੁਕੀਏ ਤਾਂ ਆਪਣੀ ਉਲੂ ਜਿਹੀ ਤਸਵੀਰ ਅਪਲੋਡ ਕਰ ਕੇ ਬੜੇ ਫਖਰ ਨਾਲ ਦੱਸਦੇ ਹਨ, ''ਸਾਨੂੰ ਵਧਾਈ ਦਿਓ ਜੀ, ਅੱਜ ਅਸੀਂ ਪੰਜ ਹਜ਼ਾਰ ਦਾ ਕੋਟਾ ਪੂਰਾ ਕਰ ਲਿਆ।'' ਸੁਣ ਕੇ ਦੂਸਰੇ ਫੇਸਬੁਕੀਆਂ 'ਚ ਵਧਾਈਆਂ ਦੇਣ ਦੀ ਹੋੜ ਮੱਚ ਜਾਂਦੀ ਹੈ। ''ਮੁਬਾਰਕਾਂ ਜੀ, ਬਹੁਤ ਵਧੀਆ ਜੀ, ਗਰੈਂਡ ਸਕਸੈਸ, ਵਾਹ ਜੀ ਵਾਹ।'' ਜਿਹੀਆਂ ਆਵਾਜ਼ਾਂ ਸਕਰੀਨ ਤੋਂ ਕੁੱਕੜੂ ਘੜੂੰ ਕਰਨ ਲੱਗਦੀਆਂ ਹਨ।

ਸਾਡੇ ਕਈ ਫਰੈਂਡ ਆਪਣੀ ਨਿੱਕੀ ਤੋਂ ਨਿੱਕੀ ਖਬਰ ਵੀ ਫੇਸਬੁਕੀਆਂ ਨਾਲ ਸਾਂਝੀ ਕਰਨ ਦੀ ਖੁਸ਼ੀ ਲੈਂਦੇ ਹਨ। ਕਈ ਫਰੈਂਡ ਤਾਂ ਆਪਣੀ ਚਮਗਿੱਦੜ ਜਿਹੀ ਫੋਟੋ ਅਪਲੋਡ ਕਰ ਕੇ ਪੋਸਟ ਪਾਉਂਦੇ ਹਨ-'ਟੋਚਨ ਜੀ, ਫੁੱਲ ਸੁੰਘਦੇ ਹੋਏ।' ਟੋਚਨ ਜੀ, ਜਿਨ੍ਹਾਂ ਨੇ ਕਦੀ ਕਿਸੇ ਬੰਦੇ ਨਾਲ ਖੁੱਲ੍ਹ ਕੇ ਗੱਲ ਨਾ ਕੀਤੀ ਹੋਵੇ, ਲਿਖਣਗੇ, ''ਟੋਚਨ ਜੀ, ਪਾਰਕ 'ਚ ਰੁੱਖਾਂ ਬੂਟਿਆਂ ਨਾਲ ਸੰਵਾਦ ਰਚਾਉਂਦੇ ਹੋਏ।'' ਟੋਚਨ ਜੀ, ਮੋਰਚਾ ਲਾਉਂਦੇ ਹੋਏ 'ਟੋਚਨ ਜੀ ਸਾਹਨੇਵਾਲ ਜਾਂਦੇ ਹੋਏ।' ਵਗੈਰਾ ਵਗੈਰਾ।

ਫੇਸਬੁਕ ਨੇ ਸਾਡੇ ਬਹੁਤੇ ਕਵੀਆਂ ਨੂੰ ਜੀਵਨਦਾਨ ਬਖਸ਼ਿਆ ਹੈ। ਜਿਨ੍ਹਾਂ ਕਵੀਜਨਾਂ ਨੂੰ ਅਖਬਾਰ ਰਸਾਲੇ ਚਿਮਟੀ ਨਾਲ ਵੀ ਨਹੀਂ ਚੁੱਕਦੇ, ਉਹ ਆਪਣਾ ਸਾਰ ਗੁੱਭਗੁਹਾਟ ਫੇਸਬੁਕ ਰਾਹੀਂ ਕੱਢਣ ਦੇ ਆਹਰ 'ਚ ਰਹਿੰਦੇ ਹਨ। ਸ਼ੇਰ ਦੀ ਇੱਕ ਲਾਈਨ ਹੀ ਉਤਰਨ 'ਤੇ ਝੱਟ ਫੇਸਬੁਕ 'ਤੇ ਪਾ ਕੇ ਪੁੱਛਦੇ ਹਨ, ''ਸ਼ੇਅਰ ਦੀ ਹਾਲੇ ਇੱਕੋ ਲਾਈਨ ਉੱਤਰੀ ਹੈ, ਹਾਜ਼ਰ ਕਰ ਰਿਹਾਂ, ਦੂਸਰੀ ਲਾਈਨ ਉਤਾਰਨ ਦਾ ਯਤਨ ਕਰ ਰਿਹਾਂ। ਅਸੀਸ ਦਿਓ ਕਿ ਝਟਪਟ ਤੁਹਾਡੀ ਤੁਹਾਡੀ ਕਾਮਨਾ ਪੂਰੀ ਹੋ ਜਾਵੇ।'' ਫੇਰ ਅਗਲੇ ਦਿਨ ਪੋਸਟ ਪਾਉਣਗੇ, ''ਬੱਸ ਰਾਤੀਂ ਤਾਜ਼ਾ ਤਾਜ਼ਾ ਨਜ਼ਮ ਉਤਰੀ ਸੀ, ਦੋਸਤਾਂ ਦੀ ਨਜ਼ਰ ਕਰ ਰਿਹਾ ਹਾਂ।'' ਫੇਸਬੁਕ ਫਰੈਂਡ ਤਾਂ ਪਹਿਲਾਂ ਹੀ ਤਿਆਰ ਬਰ ਤਿਆਰ ਬੈਠੇ ਹੁੰਦੇ ਹਨ। ਝੱਟ ਉਨ੍ਹਾਂ ਦੀਆਂ ਉਂਗਲਾਂ ਵਿੱਚ ਹਰਕਤ ਆ ਜਾਂਦੀ ਹੈ, ''ਵਾਹ ਟੋਚਨ ਜੀ, ਕਿਆ ਕਮਾਲ ਹੈ। ਬੱਲੇ ਬੱਲੇ ਟੋਚਨ ਜੀ, ਚੱਕੀ ਚੱਲੋ ਫੱਟੇ, ਲਾ ਦਿਓ ਤੈਹਾਂ। ਹਾਏ ਟੋਚਨ ਜੀ, ਕਿਆ ਖਿਆਲ ਪੇਸ਼ ਕੀਤਾ ਹੈ।'' ਟੋਚਨ ਜੀ ਕੁਮੈਂਟ ਪੜ੍ਹ ਕੇ, ਉਸ ਦਿਨ ਰੱਜ ਕੇ ਅੰਨ ਪਾੜਦੇ ਹਨ ਤੇ ਘੂਕ ਸੌਂਦੇ ਹਨ। ਰੋਟੀਆਂ ਪਾੜਦਿਆਂ ਨੂੰ ਦੇਖ ਕੇ ਪਤਨੀ ਨੂੰ ਵੀ ਕਹਿਣਾ ਪੈਂਦਾ ਹੈ, ਕੀ ਗੱਲ ਜੀ, ਅੱਜ ਭੋਖੜਾ ਈ ਫੁੱਟਿਆ ਪਿਆ। ਇਹੋ ਜੀ ਕੀ ਭੁੱਖ ਪੈਗੀ?'' ਟੋਚਨ ਜੀ ਨੂੰ ਇਹੋ ਜਿਹੇ ਵੇਲੇ ਪਤਨੀ ਦੀਆਂ ਗੱਲਾਂ ਕਿੱਥੋਂ ਸੁਣਦੀਆਂ ਹਨ।

ਸਦਕੇ ਜਾਈਏ ਫੇਸਬੁਕ ਦੇ। ਇਸ ਨੇ ਪੰਜਾਬੀ 'ਚ ਏਨੇ ਵਧੀਆ ਕਵੀ ਤੇ ਸ਼ਾਇਰ ਪੈਦਾ ਕਰ ਦਿੱਤੇ ਕਿ ਜਿੰਨੀਆਂ ਬਰਸਾਤ ਵੇਲੇ ਖੁੰਭਾਂ ਨਹੀਂ ਉਗੀਆਂ ਹੋਣੀਆਂ। ਮਾਂ ਪੰਜਾਬੀ ਫੇਸਬੁਕ ਦੀ ਇਸ ਘਾਲਣਾ ਲਈ ਸਦਾ ਰਿਣੀ ਰਹੇਗੀ। ਇਹ ਕਵੀ ਸਾਡਾ ਅਜਿਹਾ ਸਰਮਾਇਆ ਹਨ, ਜੋ ਸਾਹਿਤ ਨੂੰ ਅਮੀਰੀ ਬਖਸ਼ਦਾ ਰਹੇਗਾ। ਜੈ ਫੇਸਬੁਕ, ਜੈ ਫੇਸਬੁਕ ਜਨਨੀ।


ਜ਼ਰੂਰ ਜਾਣੋ; ਗਿਆਨ ਗੰਗਾ

|| ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ | ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ||




- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ਼੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ | ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (Meditation) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?

ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org

IPTV ਦੁਆਰਾ ਸਤਸੰਗ ਦੇਖੋ
ਵਾਣੀ ਟੀਵੀ ਤੇ ਸਵੇਰੇ 11:00 - 12:00 ਵਜੇ ਤੱਕ
ਐਮ ਐਚ ਵਨ ਸ਼ਰਧਾ ਤੇ ਸਵੇਰੇ 3:30 - 4:30 ਵਜੇ ਤੱਕ
ਗਲੋਬਲ ਸਾਂਝ ਟੀ-ਵੀ ਤੇ ਸਵੇਰੇ 7:00 - 8:00 ਵਜੇ ਤੱਕ
ਸਾਧਨਾ ਟੀਵੀ ਤੇ ਸਵੇਰੇ 9:00 - 10:00 ਵਜੇ ਤੱਕ
ਹਰਿਆਣਾ ਨਿਊਜ਼ ਤੇ ਸ਼ਾਮ 7:30 - 8:30 ਵਜੇ ਤੱਕ
ਈਸ਼ਵਰ ਟੀਵੀ ਤੇ ਸਵੇਰੇ 10:00 - 11:00 ਵਜੇ ਤੱਕ
ਗਲੋਬਲ ਸਾਂਝ ਟੀ-ਵੀ ਤੇ ਸ਼ਾਮ 7:00 - 8:00 ਵਜੇ ਤੱਕ

ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:
satlokashramcanada@gmail.com | 647-739-4641
satsahibusa@gmail.com | 346-714-0224



GREAT OPPOURTUNITY TO INVEST IN NIAGRA FALLS



- Freehold Traditional 2-Storey townhouse
- 3 Bedroom + 2 Bedroom finished basement
- Deposit less than 10% in 5 months

Starting from low 400,000

✓ Freehold ✓ 25x100ft lot
✓ Individual Yard & Driveway ✓ Finished Basement

40k $10,000 Submitted with offer
Deposit $10,000 Submitted 90 days after Offer Date
Structure $20,000 Submitted 150 days after Offer Date

Jagdish Grewal
Sales Representative



Residential | Commercial | Investment

(416) 970-5005

Century 21 President Realty Inc Brokerage
www.vipcondonetwork.com
27 Armthorpe Rd Brampton #3, ON L6T 5M4 | Fax : 905-488-2101
Office: 905-488-2100 Ext. 348

# ਆਖਰ ਕੰਮ ਕਰ ਹੀ ਗਿਆ ਮੋਦੀ ਦਾ ਜਾਦੂ

-ਵਿਜੇ ਵਿਦਰੋਹੀ-

ਮੋਦੀ ਦਾ ਜਾਦੂ ਕੰਮ ਕਰ ਗਿਆ, ਅਮਿਤ ਸ਼ਾਹ ਦੀ ਬੂਥ ਮੈਨੇਜਮੈਂਟ ਵੋਟਾਂ ਖਿੱਚਣ ਵਿੱਚ ਕਾਮਯਾਬ ਰਹੀ, ਸੰਘ ਦੀ ਮਦਦ ਨੇ ਅਸਰ ਦਿਖਾਇਆ, ਵਿਰੋਧੀ ਧਿਰ ਦੀ ਕਮਜ਼ੋਰੀ ਦਾ ਲਾਭ ਉਠਾਇਆ ਗਿਆ, ਕਾਂਗਰਸ ਨੇ ਗਲਤੀਆਂ ਕੀਤੀਆਂ। ਇਹ ਕੁਝ ਕਾਰਨ ਹਨ, ਜੋ ਗਿਣਾਏ ਜਾ ਰਹੇ ਹਨ, ਪਰ ਸਭ ਤੋਂ ਵੱਡੀ ਵਜ੍ਹਾ ਦਾ ਜ਼ਿਕਰ ਘੱਟ ਹੋ ਰਿਹਾ ਹੈ, ਇਥੋਂ ਤੱਕ ਕਿ ਖੁਦ ਨਰਿੰਦਰ ਮੋਦੀ ਸਮੇਤ ਸਾਰੇ ਭਾਜਪਾ ਨੇਤਾਵਾਂ ਨੇ ਵੀ ਇਸ ਦਾ ਜ਼ਿਕਰ ਆਪਣੇ ਭਾਸ਼ਣ ਵਿੱਚ ਨਹੀਂ ਕੀਤਾ, ਜਿੰਨਾ ਕੇ ਕੀਤਾ ਜਾਣਾ ਚਾਹੀਦਾ ਸੀ। ਇਹ ਵਜ੍ਹਾ ਹੈ ਮੋਦੀ ਸਰਕਾਰ ਦੇ ਉਹ ਕੰਮ, ਜਿਹੜੇ ਪਿੰਡਾਂ ਅਤੇ ਨੀਮ ਸ਼ਹਿਰਾਂ 'ਚ ਦਿਸਦੇ ਹਨ ਅਤੇ ਲੋਕਾਂ ਨੂੰ ਪਹਿਲੀ ਵਾਰ ਲੱਗਦਾ ਸੀ ਕਿ ਵਿਕਾਸ ਦਾ ਕੁਝ ਹਿੱਸਾ ਉਨ੍ਹਾਂ ਤੱਕ ਪਹੁੰਚ ਰਿਹਾ ਹੈ, ਚਾਹੇ ਉਹ ਕਿਸਾਨਾਂ ਦੇ ਖਾਤੇ 'ਚ ਜਮ੍ਹਾ ਹੋਏ 2000 ਰੁਪਏ ਦੀ ਪਹਿਲੀ ਕਿਸ਼ਤ ਹੋਵੇ ਜਾਂ ਫਿਰ ਰਸੋਈ ਦੇ ਕੋਨੇ 'ਚ ਪਿਆ ਗੈਸ ਸਿਲੰਡਰ ਜਾਂ ਫਿਰ ਆਵਾਸ ਯੋਜਨਾ ਹੇਠ ਮਿਲਿਆ ਮਕਾਨ ਜਾਂ ਆਯੁਸ਼ਮਾਨ ਯੋਜਨਾ ਦੇ ਤਹਿਤ ਮੁਫਤ ਇਲਾਜ।

ਕੁੱਲ ਮਿਲਾ ਕੇ ਮੋਦੀ ਨੇ 2014 ਵਿੱਚ ਸੁਫਨਾ ਦੇਖਿਆ ਸੀ ਤੇ 2019 ਵਿੱਚ ਉਸ ਨੂੰ ਅੱਗੇ ਵਧਾਇਆ ਸੀ। ਇਸ ਦੌਰਾਨ ਪੂਰੇ ਪੰਜ ਸਾਲ ਇੱਕ ਸਿਲਸਿਲਾ ਬਣਾਈ ਰੱਖਿਆ, ਚਾਹੇ ਰੇਡੀਓ ਉੱਤੇ 'ਮਨ ਕੀ ਬਾਤ' ਹੋਵੇ ਜਾਂ ਆਂਗਨਵਾੜੀ ਵਰਕਰਾਂ ਨਾਲ ਵੀਡੀਓ ਕਾਨਫਰੰਸ, ਮੋਦੀ ਜਾਣਦੇ ਸਨ ਕਿ ਵਿਕਾਸ ਦੇ ਸੁਫਨੇ ਨਾਲ ਚੋਣਾਂ ਜਿੱਤੀਆਂ ਜਾ ਸਕਦੀਆਂ ਹਨ, ਪਰ ਵਿਕਾਸ ਦਾ ਕੋਰਾ ਦਾਅਵਾ ਕਰ ਕੇ ਚੋਣਾਂ ਨਹੀਂ ਜਿੱਤੀਆਂ ਜਾ ਸਕਦੀਆਂ। ਕਿਸੇ ਵੀ ਯੋਜਨਾ ਤੋਂ ਲਾਭ ਉਠਾਉਣ ਵਾਲਿਆਂ ਤੋਂ ਵੱਧ ਗਿਣਤੀ ਉਸ ਯੋਜਨਾ ਦੇ ਲਾਭ ਤੋਂ ਵਾਂਝੇ ਰਹਿਣ ਵਾਲਿਆਂ ਦੀ ਹੁੰਦੀ ਹੈ। ਮੋਦੀ ਨੇ ਬੜੀ ਚਲਾਕੀ ਨਾਲ ਇਨ੍ਹਾਂ ਵਾਂਝਿਆਂ ਨੂੰ ਯੋਜਨਾ ਦਾ ਲਾਭ ਦੇਣ ਦਾ ਵਾਅਦਾ ਕਰ ਕੇ ਨਾਲ ਮਿਲਾ ਲਿਆ ਅਤੇ ਉਨ੍ਹਾਂ ਦੀ ਨਾਰਾਜ਼ਗੀ ਦੂਰ ਕੀਤੀ।

ਇਸ ਦੀ ਸਭ ਤੋਂ ਵੱਡੀ ਮਿਸਾਲ ਕਿਸਾਨਾਂ ਦੇ ਖਾਤੇ ਵਿੱਚ 6000 ਰੁਪਏ ਸਾਲਾਨਾ ਪਾਉਣ ਦੀ ਯੋਜਨਾ ਹੈ। ਮੋਦੀ ਨੇ ਜਾਣਬੁੱਝ ਕੇ ਤਿੰਨ ਕਿਸ਼ਤਾਂ ਦੀ ਗੱਲ ਕੀਤੀ, ਭਾਵ ਹਰੇਕ ਚਾਰ ਮਹੀਨਿਆਂ ਬਾਅਦ ਖਾਤੇ ਵਿੱਚ 2000 ਰੁਪਏ ਜਾਣ ਅਤੇ ਕਿਸਾਨਾਂ ਵਿਚਾਲੇ ਸਾਲ ਵਿੱਚ ਤਿੰਨ ਵਾਰ ਇਸ ਯੋਜਨਾ ਦੀ ਚਰਚਾ ਹੋਵੇ। ਪਹਿਲਾਂ ਇਹ ਯੋਜਨਾ ਉਨ੍ਹਾਂ ਕਿਸਾਨਾਂ ਲਈ ਸੀ, ਜਿਨ੍ਹਾਂ ਕੋਲ ਦੋ ਏਕੜ ਜ਼ਮੀਨ ਹੈ। ਇਸ ਦੇ ਤਹਿਤ ਹਿੰਦੋਸਤਾਨ ਦੇ 95 ਫੀਸਦੀ ਤੋਂ ਵੱਧ ਕਿਸਾਨ ਆਏ ਹਨ, ਪਰ ਮੋਦੀ ਨੇ ਭਾਜਪਾ ਨੇ ਮਨੋਰਥ ਪੱਤਰ 'ਚ ਸਾਰੇ ਕਿਸਾਨਾਂ ਨੂੰ ਇਸ ਯੋਜਨਾ ਵਿੱਚ ਸ਼ਾਮਲ ਕਰਨ ਦਾ ਵਾਅਦਾ ਕੀਤਾ। ਇਸ 'ਤੇ ਕੋਈ ਵਾਧੂ ਖਰਚਾ ਨਹੀਂ ਹੋਣਾ ਸੀ, ਪਰ ਹੈਡਲਾਈਨ ਬਣ ਗਈ ਕਿ ਮੋਦੀ ਦੇਸ਼ ਦੇ ਕਿਸਾਨਾਂ ਦਾ ਭਲਾ ਕਰ ਰਹੇ ਹਨ।

ਇਸੇ ਤਰ੍ਹਾਂ ਉੱਜਵਲਾ ਯੋਜਨਾ ਪਹਿਲਾਂ ਗਰੀਬੀ ਦੀ ਰੇਖਾਂ ਤੋਂ ਹੇਠਾਂ ਰਹਿਣ ਵਾਲਿਆਂ ਲਈ ਸ਼ੁਰੂ ਕੀਤੀ, ਜਿਸ ਨਾਲ ਪਿੰਡਾਂ ਦੇ ਉਨ੍ਹਾਂ ਲੋਕਾਂ ਵਿੱਚ ਰੋਸ ਦੇਖਣ ਨੂੰ ਮਿਲਿਆ, ਜੋ ਗਰੀਬ ਸਨ, ਪਰ ਗਰੀਬੀ ਦੀ ਰੇਖਾ ਤੋਂ ਹੇਠਾਂ ਨਹੀਂ ਸਨ। ਉਦੋਂ ਪਿੰਡਾਂ ਵਿੱਚ ਗੈਸ ਚੁੱਲ੍ਹਾ ਤੇ ਸਿਲੰਡਰ ਹੋਣਾ ਇੱਕ ਸਟੇਟਸ ਸਿੰਬਲ ਬਣਨ ਲੱਗਾ ਸੀ। ਮੋਦੀ ਇਹ ਗੱਲ ਤਾੜ ਗਏ। ਉਂਝ ਵੀ ਜੇਬ ਵਿੱਚੋਂ ਕੁਝ ਖਾਸ ਨਹੀਂ ਜਾਂਦਾ ਸੀ। ਇਸ ਯੋਜਨਾ ਹੇਠ ਪਹਿਲੇ ਛੇ ਗੈਸ ਸਿਲੰਡਰ ਬਿਨਾਂ ਸਬਸਿਡੀ ਦੇ ਦਿੱਤੇ ਜਾ ਰਹੇ ਹਨ, ਭਾਵ ਹਰ ਸਿਲੰਡਰ 'ਤੇ ਲਗਭਗ 200 ਰੁਪਏ ਸਬਸਿਡੀ (ਛੇ ਸਿਲੰਡਰਾਂ 'ਤੇ ਸਰਕਾਰ 1200 ਰੁਪਏ ਦੀ ਸਬਸਿਡੀ ਬਚਾ ਰਹੀ ਸੀ) ਅਤੇ ਇਸੇ ਪੈਸੇ ਨਾਲ ਗੈਸ ਚੁੱਲ੍ਹਾ (900 ਰੁਪਏ ਦਾ) ਦਿੱਤਾ ਜਾ ਰਿਹਾ ਸੀ।

ਸਮਾਜਕ ਯੋਜਨਾ ਦਾ ਆਪਣਾ ਵੱਖਰਾ ਅਰਥ ਸ਼ਾਸਤਰ ਹੁੰਦਾ ਹੈ। ਗਰੀਬੀ ਦੀ ਰੇਖਾ ਤੋਂ ਹੇਠਾਂ ਰਹਿਣ ਵਾਲਿਆਂ ਨੂੰ ਗੈਸ ਸਿਲੰਡਰ ਮਿਲ ਗਿਆ ਤਾਂ ਇਹ ਯੋਜਨਾ ਵਧਾ ਕੇ ਇਸ ਵਿੱਚ ਦਲਿਤ, ਆਦਿਵਾਸੀ ਤੇ ਪੱਛੜੇ ਵਰਗਾਂ ਦੇ ਲੋਕ ਸ਼ਾਮਲ ਕੀਤੇ ਗਏ। ਇਹੋ ਵਜ੍ਹਾ ਹੈ ਕਿ ਪੰਜ ਕਰੋੜ ਦਾ ਟੀਚਾ ਪੂਰਾ ਹੋਇਆ। ਅੱਜ ਤੱਕ ਸੱਤ ਕਰੋੜ ਤੋਂ ਜ਼ਿਆਦਾ ਗੈਸ ਕੁਨੈਕਸ਼ਨ ਦਿੱਤੇ ਜਾ ਚੁੱਕੇ ਹਨ। ਬੇਸ਼ੱਕ ਇੱਕ ਵਰਗ ਅਜੇ



ਵੀ ਸਿਲੰਡਰ ਖਾਲੀ ਹੋਣ 'ਤੇ ਉਸ ਨੂੰ ਦੁਬਾਰਾ ਨਾ ਭਰਵਾ ਰਿਹਾ ਹੋਵੇ ਜਾਂ ਅੱਜ ਵੀ ਪਿੰਡ 'ਚ ਗੈਸ ਸਿਲੰਡਰ ਦੇ ਨਾਲ ਬਾਲਣ ਵਾਲੇ ਚੁੱਲ੍ਹੇ ਮਿਲ ਜਾਂਦੇ ਹੋਣ, ਪਰ ਯੋਜਨਾ ਚੱਲ ਗਈ ਤਾਂ ਚੱਲ ਗਈ।

ਪ੍ਰਧਾਨ ਮੰਤਰੀ ਆਵਾਸ ਯੋਜਨਾ ਵਿੱਚ ਵੀ ਦੇਖਿਆ ਗਿਆ ਕਿ ਇਸ ਯੋਜਨਾ ਦੀ ਤੁਲਨਾ ਇੰਦਰਾ ਆਵਾਸ ਯੋਜਨਾ ਨਾਲ ਨਾ ਹੋਵੇ, ਜਿਸ ਵਿੱਚ ਘਪਲੇ ਹੋਣ ਦੀਆਂ ਖਬਰਾਂ ਆਮ ਤੌਰ 'ਤੇ ਆਉਂਦੀਆਂ ਸਨ। ਇਸ ਵਿੱਚ ਮਾਨੀਟ੍ਰਿੰਗ ਦੀ ਖਾਸ ਵਿਵਸਥਾ ਕੀਤੀ ਗਈ। ਪਹਿਲੇ ਪੜਾਅ ਵਿੱਚ ਨੀਂਹ ਪੁੱਟਣ ਦੀ ਫੋਟੋ ਭੇਜਣ ਉਤੇ ਰਕਮ ਦੀ ਪਹਿਲੀ ਕਿਸ਼ਤ, ਫਿਰ ਢਾਂਚਾ ਖੜ੍ਹਾ ਹੋਣ ਦੀ ਫੋਟੋ ਭੇਜਣ ਉਤੇ ਦੂਜੀ ਕਿਸ਼ਤ ਅਤੇ ਬੂਹੇ-ਬਾਰੀਆਂ ਦੀ ਫੋਟੋ ਖਿੱਚ ਕੇ ਭੇਜਣ ਉੱਤੇ ਆਖਰੀ ਕਿਸ਼ਤ। ਮੈਂ ਪਿਛਲੇ ਸੱਤ-ਅੱਠ ਮਹੀਨਿਆਂ 'ਚ ਰਾਜਸਥਾਨ, ਪੰਜਾਬ, ਹਰਿਆਣਾ, ਮੱਧ ਪ੍ਰਦੇਸ਼, ਯੂ ਪੀ, ਬਿਹਾਰ ਤੇ ਛੱਤੀਸਗੜ੍ਹ ਗਿਆ ਹਾਂ। ਹਰ ਜਗ੍ਹਾ ਪਿੰਡ ਵਾਲਿਆਂ ਨੂੰ ਪੁੱਛਿਆ ਕਿ ਕਿਸ਼ਤ ਜਾਰੀ ਕਰਾਉਣ ਦੀ ਰਿਸ਼ਵਤ ਤਾਂ ਨਹੀਂ ਦੇਣੀ ਪਈ, ਲੋਕਾਂ ਨੇ ਨਾਂਹ ਵਿੱਚ ਸਿਰ ਹਿਲਾਇਆ। ਬਹੁਤੇ ਲੋਕਾਂ ਨੇ ਕਿਸ਼ਤ ਦੇਰ ਨਾਲ ਆਉਣ ਦੀ ਗੱਲ ਜ਼ਰੂਰ ਕਹੀ। ਬਿਹਾਰ ਵਿੱਚ ਕੁਝ ਜਗ੍ਹਾ ਲੋਕਾਂ ਨੇ ਸਰਪੰਚ ਵੱਲੋਂ ਆਪਣੇ ਰਿਸ਼ਤੇਦਾਰਾਂ ਦੇ ਨਾਂਅ ਇਸ ਯੋਜਨਾ 'ਚ ਸ਼ਾਮਲ ਕਰਨ ਦੀ ਸ਼ਿਕਾਇਤ ਕੀਤੀ ਹੈ।

ਰਾਜਸਥਾਨ 'ਚ ਕੁਝ ਜਗ੍ਹਾ ਲੋਕਾਂ ਨੇ ਗਰੀਬ ਹੁੰਦੇ ਹੋਏ ਵੀ ਯੋਜਨਾ ਵਿੱਚ ਆਪਣਾ ਨਾਂਅ ਨਾ ਲਿਖੇ ਜਾਣ ਜਾਂ ਫਿਰ ਝੌਂਪੜੀ ਦੀ ਫੋਟੋ ਭੇਜਣ ਤੋਂ ਬਾਅਦ ਵੀ ਪੈਸਾ ਨਾ ਆਉਣ ਦੀ ਸ਼ਿਕਾਇਤ ਕੀਤੀ, ਭਾਵ ਪੂਰਾ ਜ਼ੋਰ ਇਸ ਗੱਲ ਉਤੇ ਦਿੱਤਾ ਗਿਆ ਕਿ ਆਵਾਸ ਯੋਜਨਾ ਦੀ ਤੁਲਨਾ ਜੇ ਇੰਦਰਾ ਆਵਾਸ ਯੋਜਨਾ ਨਾਲ ਹੋਵੇ ਤਾਂ ਇਸ ਤਰ੍ਹਾਂ ਹੋਵੇ ਕਿ ਇਹ ਯੋਜਨਾ ਪੂਰੀ ਤਰ੍ਹਾਂ ਪਾਰਦਰਸ਼ੀ ਹੈ। ਇਸ ਵਿੱਚ ਵਾਂਝਿਆਂ ਨੂੰ ਘਰ ਮਿਲ ਰਿਹਾ ਹੈ ਅਤੇ ਸਭ ਤੋਂ ਵੱਡੀ ਗੱਲ ਕਿ ਭ੍ਰਿਸ਼ਟਾਚਾਰ ਤੋਂ ਮੁਕਤ ਹੈ। ਸਭ ਤੋਂ ਖਾਸ ਗੱਲ ਇਹ ਹੈ ਕਿ ਇਸ ਯੋਜਨਾ ਨਾਲ ਵਾਂਝੇ ਤਬਕਿਆਂ ਦੀ ਨਾਰਾਜ਼ਗੀ ਦੂਰ ਕਰਨ ਦਾ ਖਾਕਾ ਭਾਜਪਾ ਵਰਕਰਾਂ ਨੇ ਤਿਆਰ ਕੀਤਾ। ਜਿਸ ਨੂੰ ਅਗਲੇ ਜਾਂ ਫਿਰ ਉਸ ਤੋਂ ਅਗਲੇ ਮਾਲੀ ਵਰ੍ਹੇ ਵਿੱਚ ਮਕਾਨ ਮਿਲਣਾ ਹੈ, ਉਸ ਟੁੱਟੇ-ਭੱਜੇ ਮਕਾਨ ਦੀ ਫੋਟੋ ਲਈ ਗਈ। ਇਸ ਤਰ੍ਹਾਂ ਉਨ੍ਹਾਂ ਨੂੰ ਭਰੋਸਾ ਦਿੱਤਾ ਗਿਆ ਕਿ ਮੋਦੀ ਉਨ੍ਹਾਂ ਬਾਰੇ ਸੋਚ ਰਹੇ ਹਨ। ਇਹ ਤਰਕੀਬ ਰੰਗ ਲਿਆਈ। ਆਪਣੇ ਚੋਣ ਦੌਰੇ 'ਚ ਪ੍ਰਧਾਨ ਮੰਤਰੀ ਆਵਾਸ ਯੋਜਨਾ ਬਾਰੇ ਦਿਲਚਸਪ ਤਜਰਬੇ ਹੋਏ। ਰਾਹੁਲ ਗਾਂਧੀ ਦੇ ਹਲਕੇ ਅਮੇਠੀ ਵਿੱਚ ਆਵਾਸ ਯੋਜਨਾ ਹੇਠ ਆਪਣਾ ਮਕਾਨ ਬਣਵਾ ਰਹੇ ਇੱਕ ਦਲਿਤ ਨੇ ਕਿਹਾ ਕਿ ਉਹ ਕਈ ਸਾਲਾਂ ਤੋਂ ਵਿਧਾਨ ਸਭਾ ਚੋਣਾਂ ਵਿੱਚ ਮਾਇਆਵਤੀ ਅਤੇ ਲੋਕ ਸਭਾ ਚੋਣਾਂ ਵਿੱਚ ਰਾਹੁਲ ਗਾਂਧੀ ਨੂੰ ਵੋਟ ਦਿੰਦਾ ਰਿਹਾ, ਪਰ ਉਸ ਨੂੰ ਮਕਾਨ ਮੋਦੀ ਨੇ ਦਿੱਤਾ, ਇਸ ਲਈ ਇਸ ਵਾਰ ਸਮ੍ਰਿਤੀ ਇਰਾਨੀ ਨੂੰ ਵੋਟ ਦੇਣ ਨੂੰ ਤਿਆਰ ਹੋਇਆ। ਰਾਏਬਰੇਲੀ 'ਚ ਇੱਕ ਜੋੜੇ ਨੇ ਕਿਹਾ ਕਿ ਉਨ੍ਹਾਂ ਦੋਵਾਂ ਦੀਆਂ ਵੋਟਾਂ ਮੋਦੀ ਨੂੰ ਮਿਲਣਗੀਆਂ, ਪਰ ਇਥੇ ਜਿੱਤੇਗੀ ਸੋਨੀਆ ਗਾਂਧੀ। ਡਿੰਪਲ ਯਾਦਵ ਦੇ ਹਲਕੇ ਕੰਨੌਜ ਵਿੱਚ ਇੱਕ ਮੁਸਲਮਾਨ ਨੇ ਆਵਾਸ ਯੋਜਨਾ ਹੇਠ ਮਿਲੇ ਘਰ ਵਿੱਚ ਚਾਹ ਪਿਲਾਉਂਦਿਆਂ ਕਿਹਾ ਸੀ ਕਿ ਵੋਟ ਤਾਂ ਮੋਦੀ ਨੂੰ ਹੀ ਜਾਵੇਗੀ, ਕਿਉਂਕਿ ਉਨ੍ਹਾਂ ਨੇ ਸਿਲੰਡਰ ਦਿੱਤਾ, ਮਕਾਨ ਦਿੱਤਾ। ਅਜਿਹਾ ਨਹੀਂ ਕਿ ਕਾਂਗਰਸ ਦੇ ਰਾਜ 'ਚ ਯੋਜਨਾਵਾਂ ਦਾ ਲਾਭ ਗਰੀਬਾਂ ਨੂੰ ਨਹੀਂ ਮਿਲਿਆ, ਪਰ ਜਿਵੇਂ ਲਾਭ ਨੂੰ ਇਸ ਵਾਰ ਕੈਸ਼ ਕੀਤਾ ਗਿਆ, ਅਜਿਹਾ ਪਹਿਲਾਂ ਕਦੇ ਹੋਇਆ ਸੀ। ਜੈਪੁਰ ਦੇ ਲਾਭਪਾਤਰੀਆਂ ਦਾ ਨਰਿੰਦਰ ਮੋਦੀ ਨੇ ਇੱਕ ਸੰਮੇਲਨ ਤੱਕ ਬੁਲਾ ਲਿਆ।

ਮੁਦਰਾ ਯੋਜਨਾ ਦੀ ਗੱਲ ਕਰੀਏ ਤਾਂ ਕੁਝ ਵੱਖਰੀ ਹੈ। ਇਥੇ 92 ਫੀਸਦੀ ਲੋਕਾਂ ਨੂੰ ਸ਼ਿਸ਼ੂ ਯੋਜਨਾ ਹੇਠ 50,000 ਤੋਂ ਘੱਟ ਰਕਮ ਦਾ ਕਰਜ਼ਾ ਦਿੱਤਾ ਗਿਆ, ਜਿਸ ਦੀ ਔਸਤ ਸਿਰਫ 23 ਹਜ਼ਾਰ ਰੁਪਏ ਸੀ। ਇੰਨੀ ਰਕਮ ਨਾਲ ਕੋਈ ਨਵਾਂ ਰੋਜ਼ਗਾਰ ਕੀ ਖੋਲ੍ਹੇਗਾ ਅਤੇ ਕੀ ਕਿਸੇ ਹੋਰ ਨੂੰ ਰੋਜ਼ਗਾਰ ਦੇਵੇਗਾ। ਇਥੇ ਪ੍ਰਾਈਵੇਟ ਬੈਂਕਾਂ ਨੇ ਰਕਮ ਡੁੱਬਣ ਦੇ ਡਰੋਂ ਕਰਜ਼ਾ ਦੇਣ 'ਚ ਟਾਲ-ਮਟੋਲ ਕੀਤੀ। ਪਖਾਨੇ ਬਣਵਾਉਣ ਲਈ ਵੀ 4000 ਰੁਪਏ ਰਿਸ਼ਵਤ ਦੇਣ 'ਤੇ 12 ਹਜ਼ਾਰ ਰੁਪਏ ਮਿਲਣ ਦੀਆਂ ਸ਼ਿਕਾਇਤਾਂ ਆਮ ਸਨ। ਕਾਗਜ਼ਾਂ ਵਿੱਚ ਪਿੰਡਾਂ ਦੇ ਪਿੰਡ ਖੁੱਲ੍ਹੇ 'ਚ ਜੰਗਲ-ਪਾਣੀ ਤੋਂ ਮੁਕਤ ਐਲਾਨ ਦਿੱਤੇ ਗਏ। ਕੁੱਲ ਮਿਲਾ ਕੇ 'ਸਵੱਛਤਾ ਅਭਿਆਨ' ਨਾਲ ਕੁਝ ਮਾਹੌਲ ਜ਼ਰੂਰ ਬਣਿਆ, ਪਰ ਉਸ ਤੋਂ ਅੱਗੇ ਗੱਲ ਨਹੀਂ ਬਣੀ। ਉਂਝ ਨੌਂ ਕਰੋੜ ਪਖਾਨੇ ਬਣਾਉਣ ਦਾ ਦਾਅਵਾ ਕੀਤਾ ਗਿਆ। ਹੌਲੀ ਹੌਲੀ ਸੁਫਨੇ ਪੂਰੇ ਹੋਣ ਦਾ ਭਰੋਸਾ ਦਿਵਾਇਆ ਗਿਆ। ਕੁਝ ਪਿੰਡਾਂ 'ਚ ਉੱਜਵਲਾ ਯੋਜਨਾ, ਆਵਾਸ ਯੋਜਨਾ ਅਤੇ ਪਖਾਨਾ ਯੋਜਨਾ ਹੇਠ ਉਨ੍ਹਾਂ ਦੇ ਪ੍ਰਤੀਕ ਚਿੰਨ੍ਹ ਬਣਾ ਕੇ ਰੱਖੇ ਗਏ। ਆਖਰ ਸਾਰੀ ਖੇਡ ਜਦੋਂ ਅਕਸ ਚਮਕਾਉਣ ਦੀ ਹੋਵੇ ਤਾਂ ਉਸ 'ਚ ਅਜਿਹੇ ਪ੍ਰਤੀਕ ਸਿਆਸੀ ਮੁਨਾਫਾ ਦਿਵਾ ਹੀ ਦਿੰਦੇ ਹਨ।

# ਸੁਖੀ ਜੀਵਨ ਲਈ ਜ਼ਰੂਰੀ ਹੈ ਜੈਵ ਵੰਨ-ਸੁਵੰਨਤਾ ਦੀ ਸੰਭਾਲ

-ਡਾਕਟਰ ਬੀ ਐੱਸ ਭੱਲਾ

ਜੈਵ ਵੰਨ-ਸੁਵੰਨਤਾ ਜੀਵਨ ਅਤੇ ਵੰਨ-ਸੁਵੰਨਤਾ ਦੇ ਯੋਗ ਨਾਲ ਬਣਿਆ ਸ਼ਬਦ ਹੈ, ਜੋ ਧਰਤੀ 'ਤੇ ਮੌਜੂਦ ਜੀਵਨ ਦੀ ਵੰਨ-ਸੁਵੰਨ-ਤਾ ਨੂੰ ਦਰਸਾਉਂਦਾ ਹੈ। ਜੈਵ ਵੰਨ-ਸੁਵੰਨਤਾ ਇੱਕ ਕੁਦਰਤੀ ਸਾਧਨ ਹੈ, ਜਿਸ ਨਾਲ ਸਾਡੇ ਜੀਵਨ ਦੀਆਂ ਸਾਰੀਆਂ ਲੋੜਾਂ ਦੀ ਪੂਰਤੀ ਹੁੰਦੀ ਹੈ। ਯੂ ਐਨ ਵਾਤਾਵਰਣ ਪ੍ਰੋਗਰਾਮ (ਯੂ ਐੱਨ ਈ ਪੀ) ਅਨੁਸਾਰ ਜੀਵ ਵੰਨ-ਸੁਵੰਨਤਾ ਜੈਨੇਟਿਕ, ਨਸਲ ਅਤੇ ਸਥਿਤੀ ਤੰਤਰ ਦੀ ਵੰਨ-ਸੁਵੰਨਤਾ ਦਾ ਪੱਧਰ ਮਾਪਦੀ ਹੈ।

ਜੈਵ ਵੰਨ-ਸੁਵੰਨਤਾ ਤੋਂ ਭਾਵ ਉਨ੍ਹਾਂ ਵੱਖ-ਵੱਖ ਤਰ੍ਹਾਂ ਦੇ ਜੀਵ-ਜੰਤੂਆਂ ਅਤੇ ਬਨਸਪਤੀ ਤੋਂ ਹੈ, ਜੋ ਦੁਨੀਆ ਵਿੱਚ ਜਾਂ ਕਿਸੇ ਵਿਸ਼ੇਸ਼ ਖੇਤਰ ਵਿੱਚ ਇਕੱਠੇ ਰਹਿੰਦੇ ਹਨ। ਇਸ ਸ਼ਬਦ ਦੀ ਪਹਿਲੀ ਵਰਤੋਂ 1985 ਵਿੱਚ ਡਬਲਯੂ ਜੀ ਰੋਜੇਨ ਨੇ ਕੀਤੀ ਸੀ। ਸੰਨ 1992 ਵਿੱਚ ਬਰਾਜ਼ੀਲ ਦੇ ਰੀਓ ਡੀ ਜਨੇਰੀਓ ਵਿੱਚ ਹੋਏ ਪ੍ਰਿਥਵੀ ਸੰਮੇਲਨ ਦੌਰਾਨ ਵੱਖ-ਵੱਖ ਮੈਂਬਰ ਦੇਸ਼ਾਂ ਵੱਲੋਂ ਕੀਤੇ ਸਮਝੌਤੇ ਮੁਤਾਬਕ ਜ਼ਮੀਨੀ, ਸਮੁੰਦਰੀ ਅਤੇ ਹੋਰ ਥਾਵਾਂ ਉਤੇ ਰਹਿਣ ਵਾਲੇ ਸਾਰੇ ਜੀਵਾਂ ਵਿਚਾਲੇ ਪਾਈ ਜਾਣ ਵਾਲੀ ਨਾਬਰਾਬਰੀ ਨੂੰ ਜੈਵ ਵੰਨ-ਸੁਵੰਨਤਾ ਦੇ ਰੂਪ ਵਿੱਚ ਦੱਸਿਆ ਜਾ ਸਕਦਾ ਹੈ। ਇਸ ਵਿੱਚ ਇੱਕੋ ਨਸਲ ਵਾਲੇ ਜੀਵਾਂ ਦਰਮਿਆਨ ਵੰਨ-ਸੁਵੰਨਤਾ, ਨਸਲਾਂ ਦੀ ਵੰਨ-ਸੁਵੰਨਤਾ ਸ਼ਾਮਲ ਹੈ। ਇੱਕ ਅੰਦਾਜ਼ੇ ਮੁਤਾਬਕ ਇਹ ਗਿਣਤੀ 300 ਲੱਖ ਤੋਂ 10 ਕਰੋੜ ਦੇ ਵਿਚਾਲੇ ਹੈ। ਦੁਨੀਆ ਵਿੱਚ 14,35,662 ਨਸਲਾਂ ਦੀ ਪਛਾਣ ਹੋਈ ਹੈ, ਬਹੁਤ ਸਾਰੀਆਂ ਨਸਲਾਂ ਦੀ ਪਛਾਣ ਹੋਣੀ ਬਾਕੀ ਹੈ। ਪਛਾਣੀਆਂ ਗਈਆਂ ਮੁੱਖ ਨਸਲਾਂ ਵਿੱਚ 7,51,000 ਕੀੜਿਆਂ ਦੀਆਂ, 2 ਲੱਖ 48 ਹਜ਼ਾਰ ਪੌਦਿਆਂ ਦੀਆਂ, ਦੋ ਲੱਖ 81 ਹਜ਼ਾਰ ਜੰਤੂਆਂ ਦੀਆਂ, 4800 ਜੀਵਾਣੂਆਂ ਦੀਆਂ ਅਤੇ 1000 ਰੋਗਾਣੂਆਂ ਦੀਆਂ ਹਨ। ਲਗਭਗ 27 ਹਜ਼ਾਰ ਨਸਲਾਂ ਹਰ ਸਾਲ ਖਤਮ ਹੋ ਰਹੀਆਂ ਹਨ। ਜੇ ਜੈਵ ਵੰਨ-ਸੁਵੰਨਤਾ ਦੀ ਸੰਭਾਲ ਨਾ ਕੀਤੀ ਗਈ ਤਾਂ ਦੁਨੀਆ ਦੀਆਂ ਇੱਕ-ਚੌਥਾਈ ਨਸਲਾਂ ਦੀ ਹੋਂਦ 2050 ਤੱਕ ਖਤਮ ਹੋ ਜਾਵੇਗੀ।

ਮਾਹਰਾਂ ਨੇ ਭਾਰਤ ਨੂੰ ਵਿਸ਼ੇਸ਼ਤਾ, ਜਲਵਾਯੂ, ਮਿੱਟੀ ਅਤੇ ਜੈਵ ਵੰਨ-ਸੁਵੰਨਤਾ ਦੇ ਨਾਲ ਹਰ ਖੇਤਰ ਨੂੰ 10 ਜੈਵ-ਭੂਗੋਲਿਕ ਖੇਤਰਾਂ ਵਿੱਚ ਵੰਡਿਆ ਹੈ। ਕੌਮਾਂਤਰੀ ਪ੍ਰਕਿਰਤੀ ਸੰਭਾਲ ਫੈਡਰੇਸ਼ਨ ਦੇ ਅਨੁਸਾਰ ਭਾਰਤ ਵਿੱਚ ਪੌਦਿਆਂ ਦੀਆਂ ਲਗਭਗ 45 ਹਜ਼ਾਰ ਨਸਲਾਂ ਹਨ, ਜੋ ਦੁਨੀਆ ਦੀ ਕੁੱਲ ਆਬਾਦੀ ਦਾ ਕਰੀਬ ਸੱਤ ਫੀਸਦੀ ਹਨ ਤੇ ਪੌਦਿਆਂ ਦੀਆਂ ਕਰੀਬ 1336 ਨਸਲਾਂ ਦੇ ਅਲੋਪ ਹੋਣ ਦਾ ਖਤਰਾ ਹੈ। ਇਸੇ ਤਰ੍ਹਾਂ ਭਾਰਤ 'ਚ ਫੁੱਲਾਂ ਦੀਆਂ ਲਗਭਗ 15 ਹਜ਼ਾਰ ਨਸਲਾਂ ਹਨ, ਜੋ ਦੁਨੀਆ ਦੀ ਕੁੱਲ ਆਬਾਦੀ ਦਾ ਲਗਭਗ ਛੇ ਫੀਸਦੀ ਹਨ ਅਤੇ ਇਨ੍ਹਾਂ 'ਚੋਂ ਲਗਭਗ 1500 ਨਸਲਾਂ ਅਲੋਪ ਹੋਣ ਕੰਢੇ ਹਨ। ਭਾਰਤ ਵਿੱਚ ਪਸ਼ੂਆਂ ਦੀਆਂ 91 ਹਜ਼ਾਰ ਨਸਲਾਂ ਹਨ, ਭਾਵ ਦੁਨੀਆ ਦੀ ਕੁੱਲ ਆਬਾਦੀ ਦਾ ਲਗਭਗ 6.5 ਫੀਸਦੀ ਹਿੱਸਾ।

ਜੈਵ ਵੰਨ-ਸੁਵੰਨਤਾ ਨੂੰ ਬਣਾਈ ਰੱਖਣ ਲਈ ਸਾਡੇ ਵਾਸਤੇ ਜ਼ਰੂਰੀ ਹੈ ਕਿ ਅਸੀਂ ਆਪਣੀ ਧਰਤੀ ਦੀ ਚੌਗਿਰਦੇ ਨਾਲ ਸੰਬੰਧਤ ਸਥਿਤੀ ਦੇ ਤਾਲਮੇਲ ਨੂੰ ਬਣਾਈ ਰੱਖੀਏ। ਜੈਵ ਵੰਨ-ਸੁਵੰਨਤਾ ਦੇ ਅਹਿਮ ਹੋਣ ਪਿੱਛੇ ਦਲੀਲ ਹੈ ਕਿ ਇਹ ਸਥਿਤੀ ਪ੍ਰਣਾਲੀ ਦੇ ਸੰਤੁਲਨ ਨੂੰ ਬਣਾ ਕੇ ਰੱਖਦੀ ਹੈ। ਵੱਖ-ਵੱਖ ਤਰ੍ਹਾਂ ਦੇ ਪਸ਼ੂ, ਪੰਛੀ ਅਤੇ ਬਨਸਪਤੀ ਇੱਕ ਦੂਜੇ ਦੀਆਂ ਲੋੜਾਂ ਪੂਰੀਆਂ ਕਰਦੇ ਹਨ ਅਤੇ ਨਾਲ ਇੱਕ ਦੂਜੇ 'ਤੇ ਨਿਰਭਰ ਹਨ। ਮਿਸਾਲ ਵਜੋਂ ਅਸੀਂ ਆਪਣੀਆਂ ਮੁੱਢਲੀਆਂ ਲੋੜਾਂ, ਜਿਵੇਂ ਖਾਣ-ਪੀਣ, ਰਹਿਣ ਲਈ ਹੋਰਨਾਂ ਨਸਲਾਂ 'ਤੇ ਨਿਰਭਰ ਹਾਂ। ਜੈਵ ਵੰਨ-ਸੁਵੰਨਤਾ ਦੀ ਖੁਸ਼ਹਾਲੀ ਧਰਤੀ ਨੂੰ ਰਹਿਣ ਲਾਇਕ ਬਣਾਉਂਦੀ ਹੈ, ਪਰ ਬਦਕਿਸਮਤੀ ਨਾਲ ਵਧਦਾ ਹੋਇਆ ਪ੍ਰਦੂਸ਼ਣ ਸਾਡੇ ਵਾਤਾਵਰਣ 'ਤੇ ਗਲਤ ਅਸਰ ਪਾ ਰਿਹਾ ਹੈ। ਪਿਛਲੀਆਂ ਕੁਝ ਸਦੀਆਂ 'ਚ ਬਨਸਪਤੀ ਅਤੇ ਜਾਨਵਰਾਂ ਦੀਆਂ ਕਈ ਨਸਲਾਂ ਖਤਮ ਹੋ ਚੁੱਕੀਆਂ ਹਨ ਤੇ ਆਉਣ ਵਾਲੇ ਸਮੇਂ ਵਿੱਚ ਕਈ ਅਲੋਪ ਹੋਣ ਕੰਢੇ ਹਨ। ਇਹ ਜੈਵ ਵੰਨ-ਸੁਵੰਨਤਾ ਲਈ ਖਤਰੇ ਦੀ ਘੰਟੀ ਹੈ।

ਮਨੁੱਖ ਨੂੰ ਚਾਹੀਦਾ ਹੈ ਕਿ ਉਹ ਇਸ ਸੰਕਟ ਨੂੰ ਗੰਭੀਰਤਾ ਨਾਲ ਲੈ ਕੇ ਵਾਤਾਵਰਣ ਨੂੰ ਸ਼ੁੱਧ ਬਣਾਉਣ ਦਾ ਸੰਕਲਪ ਲਵੇ। ਸਾਫ-ਸੁਥਰਾ ਵਾਤਾਵਰਣ ਹੀ ਖੁਸ਼ਹਾਲ ਜੈਵ ਵੰਨ-ਸੁਵੰਨਤਾ ਨੂੰ ਉਤਸ਼ਾਹਤ ਕਰ ਸਕਦਾ ਹੈ ਤਾਂ ਕਿ ਮਨੁੱਖ ਜਾਤ ਨੂੰ ਆਪਣੀ ਜ਼ਿੰਦਗੀ ਚਲਾਉਣ ਲਈ ਕਿਸੇ ਤਰ੍ਹਾਂ ਦੀ ਦਿੱਕਤ ਦਾ ਸਾਹਮਣਾ ਨਾ ਕਰਨਾ ਪਵੇ।

ਸਭ ਤੋਂ ਪਹਿਲਾਂ ਮਨੁੱਖਾਂ ਨੂੰ ਜੈਵ ਵੰਨ-ਸੁਵੰਨਤਾ ਦਾ ਮਹੱਤਵ ਸਮਝਣਾ ਪਵੇਗਾ। ਸੜਕਾਂ 'ਤੇ ਦੌੜਦੀਆਂ ਵੱਡੀਆਂ-ਵੱਡੀਆਂ ਮੋਟਰ ਗੱਡੀਆਂ ਪ੍ਰਦੂਸ਼ਣ ਵੀ ਵੱਡੇ ਪੱਧਰ 'ਤੇ ਫੈਲਾ ਰਹੀਆਂ ਹਨ, ਜੋ ਮਨੁੱਖ ਜਾਤ ਲਈ ਬਹੁਤ ਵੱਡਾ ਖਤਰਾ ਹੈ। ਵਾਤਾਵਰਣ ਦੀ ਸ਼ੁੱਧਤਾ ਨੂੰ ਬਚਾਉਣ ਲਈ ਇਨ੍ਹਾਂ ਮੋਟਰ ਗੱਡੀਆਂ ਉੱਤੇ ਕੁਝ ਰੋਕ ਲਾਉਣੀ ਪਵੇਗੀ। ਫੈਕਟਰੀਆਂ ਵਿੱਚੋਂ ਨਿਕਲਦਾ ਦੂਸ਼ਿਤ ਪਾਣੀ ਜਲ ਜੀਵਨ ਨੂੰ ਨੁਕਸਾਨ ਪੁਚਾ ਰਿਹਾ ਹੈ ਅਤੇ ਪਾਣੀ ਵਿੱਚ ਰਹਿੰਦੇ ਜੀਵਾਂ ਦੀ ਜਾਨ ਲਈ ਸੰਕਟ ਪੈਦਾ ਹੋ ਗਿਆ ਹੈ। ਇਸ ਦੂਸ਼ਿਤ ਪਾਣੀ ਦਾ ਛੇਤੀ ਤੋਂ ਛੇਤੀ ਕੋਈ ਢੁਕਵਾਂ ਪ੍ਰਬੰਧ ਕਰਨਾ ਪਵੇਗਾ ਤਾਂ ਕਿ ਆਫਤ ਦਾ ਰੂਪ ਨਾ ਧਾਰ ਲਵੇ। ਇਸੇ ਤਰ੍ਹਾਂ ਆਵਾਜ਼ ਪ੍ਰਦੂਸ਼ਣ ਉਤੇ ਰੋਕ ਲਾਉਣੀ ਪਵੇਗੀ। ਜੈਵ ਵੰਨ-ਸੁਵੰਨਤਾ ਵਿੱਚ ਆਈ ਗਿਰਾਵਟ ਦਾ ਇੱਕ ਵੱਡਾ ਕਾਰਨ ਜੰਗਲਾਂ ਦੀ ਕਟਾਈ ਹੈ। ਇਸ ਨਾਲ ਨਾ ਸਿਰਫ ਰੁੱਖਾਂ ਦੀ ਗਿਣਤੀ ਘਟਦੀ ਗਈ, ਸਗੋਂ ਕਈ ਜਾਨਵਰਾਂ ਅਤੇ ਪੰਛੀਆਂ ਤੋਂ ਉਨ੍ਹਾਂ ਦਾ ਆਸ਼ਿਆਨਾ ਵੀ ਖੁੱਸਦਾ ਗਿਆ ਹੈ।

ਜੈਵ ਵੰਨ-ਸੁਵੰਨਤਾ ਦੀ ਸੰਭਾਲ ਦੇ ਮੁੱਖ ਦੋ ਤਰੀਕੇ ਹਨ: ਕੁਦਰਤੀ ਥਾਂ ਦੀ ਸੰਭਾਲ ਅਤੇ ਬਾਹਰੀ ਥਾਂ ਦੀ ਸੰਭਾਲ। ਕੁਦਰਤੀ ਥਾਂ ਦੀ ਸੰਭਾਲ ਵਾਲੇ ਤਰੀਕੇ ਨਾਲ ਨਸਲ ਦੀ ਸੰਭਾਲ ਉਸ ਦੀ ਕੁਦਰਤੀ ਰਿਹਾਇਸ਼ ਅਤੇ ਮਨੁੱਖ ਵੱਲੋਂ ਬਣਾਏ ਤੰਤਰ ਵਿੱਚ ਕੀਤੀ ਜਾਂਦੀ ਹੈ। ਸੁਰੱਖਿਅਤ ਖੇਤਰਾਂ ਵਿੱਚ ਰਾਸ਼ਟਰੀ ਪਾਰਕ, ਰੱਖ ਅਤੇ ਜੈਵ ਮੰਡਲ ਰਿਜ਼ਰਵ ਆਦਿ ਸ਼ਾਮਲ ਹਨ। ਰਾਸ਼ਟਰੀ ਪਾਰਕ ਦੀ ਸਥਾਪਨਾ ਦਾ ਮੁੱਖ ਉਦੇਸ਼ ਜੰਗਲੀ ਜੀਵਨ ਨੂੰ ਸੁਰੱਖਿਆ ਦੇਣ ਹੁੰਦਾ ਹੈ, ਰੱਖਾਂ ਦੀ ਸਥਾਪਨਾ ਦਾ ਉਦੇਸ਼ ਕਿਸੇ ਵਿਸ਼ੇਸ਼ ਜੰਗਲੀ ਜੀਵ ਦੀ ਨਸਲ ਨੂੰ ਸੰਭਾਲਣਾ ਹੁੰਦਾ ਹੈ।

ਬਾਹਰੀ ਥਾਂ ਦੀ ਸੰਭਾਲ ਉਹ ਵਿਧੀ ਹੈ, ਜਿਸ ਵਿੱਚ ਨਸਲਾਂ ਦੀ ਸੰਭਾਲ ਉਨ੍ਹਾਂ ਦੀ ਕੁਦਰਤੀ ਰਿਹਾਇਸ਼ ਦੇ ਬਾਹਰ, ਜਿਵੇਂ ਬਾਗ ਬਗੀਚਿਆਂ, ਜੰਤੂ ਸ਼ਾਲਾਵਾਂ ਆਦਿ ਵਿੱਚ ਕੀਤੀ ਜਾਂਦੀ ਹੈ। ਇਸ ਤਰ੍ਹਾਂ ਪੌਦਿਆਂ ਦੀ ਸੰਭਾਲ ਆਸਾਨੀ ਨਾਲ ਕੀਤੀ ਜਾ ਸਕਦੀ ਹੈ। ਇਸ ਵਿੱਚ ਬੀਜ ਬੈਂਕ, ਬਗੀਚਿਆਂ ਆਦਿ ਦੀ ਅਹਿਮ ਭੂਮਿਕਾ ਹੁੰਦੀ ਹੈ।

ਭਾਰਤ ਸਰਕਾਰ ਨੇ ਜੰਗਲੀ ਜੀਵਾਂ ਦੀ ਸੰਭਾਲ ਲਈ ਕਈ ਪ੍ਰੋਜੈਕਟ ਚਲਾਏ ਹਨ, ਜਿਵੇਂ ਕਸਤੂਰੀ ਮ੍ਰਿਗ ਪ੍ਰੋਜੈਕਟ 1970, ਪ੍ਰੋਜੈਕਟ ਹੰਗੁਲ 1970, ਗਿਰ ਸਿੰਘ ਪ੍ਰੋਜੈਕਟ 1972, ਸ਼ੇਰ ਪ੍ਰੋਜੈਕਟ 1973, ਕੱਛੂਕੁੰਮਾ ਸੰਭਾਲ ਪ੍ਰੋਜੈਕਟ 1975, ਗੈਂਡਾ ਪ੍ਰੋਜੈਕਟ 1987, ਹਾਥੀ ਪ੍ਰੋਜੈਕਟ 1992, ਗਿਰਝ ਸੰਭਾਲ ਪ੍ਰੋਜੈਕਟ 2006, ਹਿਮ ਤੇਂਦੂਆ ਪ੍ਰੋਜੈਕਟ 2009 ਆਦਿ। ਕੁੱਲ ਮਿਲਾ ਕੇ ਧਰਤੀ 'ਤੇ ਸੰਤੁਲਨ ਮਨੁੱਖ ਦੀਆਂ ਵੱਖ-ਵੱਖ ਲੋੜਾਂ ਦੀ ਪੂਰਤੀ ਅਤੇ ਕੁਦਰਤੀ ਆਫਤਾਂ (ਹੜ੍ਹ, ਸੋਕਾ ਆਦਿ) ਤੋਂ ਛੁਟਕਾਰੇ ਲਈ ਜੈਵ ਵੰਨ-ਸੁਵੰਨਤਾ ਦੀ ਸੰਭਾਲ ਕਰਨਾ ਸਮੇਂ ਦੀ ਸਭ ਤੋਂ ਵੱਡੀ ਲੋੜ ਹੈ।

# ਰੱਖੜੀ : ਭਾਵ, ਮਹੱਤਤਾ ਅਤੇ ਇਤਿਹਾਸਕ ਦੰਦ-ਕਥਾਵਾਂ

ਲੇਖਕ: ਸੰਤੋਖ ਸਿੰਘ ਸੰਧੂ
+64 220 710 935

ਭੈਣ ਤੇ ਭਰਾ ਦਾ ਪਿਆਰ ਅਸੀਮਤ ਹੁੰਦਾ ਹੈ। ਇਸ ਪਿਆਰ ਨੂੰ ਸ਼ਬਦਾਂ ਵਿੱਚ ਬਿਆਨ ਕਰਨਾ ਮੁਸ਼ਕਿਲ ਹੀ ਨਹੀਂ ਸਗੋਂ ਅਤਿਕਠਨ ਵੀ ਹੈ। ਭੈਣ ਭਰਾ ਦੇ ਰਿਸ਼ਤੇ ਨੂੰ ਦੁਨੀਆਂ ਦੇ ਹਰੇਕ ਕੋਨੇ ਵਿੱਚ ਬੜੀ ਮਹੱਤਤਾ ਦਿੱਤੀ ਜਾਂਦੀ ਹੈ। ਜਦੋਂ ਇਸ ਰਿਸ਼ਤੇ ਬਾਰੇ ਭਾਰਤੀ ਸਮਾਜ ਵਿੱਚ ਝਾਤੀ ਮਾਰੀਏ ਤਾਂ ਇਸਦੀ ਮਹੱਤਤਾ ਨਿਵੇਕਲੀ ਹੀ ਨਜ਼ਰ ਆਉਂਦੀ ਹੈ। ਭੈਣ ਭਰਾ ਦੇ ਇਸ ਰਿਸ਼ਤੇ ਦੀ ਮਹੱਤਤਾ ਨੂੰ ਦਰਸਾਉਣ ਲਈ ਇਸਨੂੰ ਇੱਕ ਤਿਉਹਾਰ ਦਾ ਨਾਂ ਦਿੱਤਾ ਗਿਆ ਹੈ ਜਿਸਨੂੰ ਪੰਜਾਬੀ ਭਾਸ਼ਾ ਵਿੱਚ ਰੱਖੜੀ ਦਾ ਤਿਉਹਾਰ ਅਤੇ ਹਿੰਦੀ ਭਾਸ਼ਾ ਵਿੱਚ ਰਕਸ਼ਾ ਬੰਧਨ ਕਿਹਾ ਜਾਂਦਾ ਹੈ। ਇਹ ਉਤਰੀ, ਪੱਛਮੀ ਤੇ ਕੇਂਦਰੀ ਭਾਰਤ ਅਤੇ ਨੇਪਾਲ ਦਾ ਪ੍ਰਮੁੱਖ ਤਿਉਹਾਰ ਹੈ। ਇਹ ਤਿਉਹਾਰ ਸਾਉਣ ਜਾਂ ਸਾਵਨ ਮਹੀਨੇ ਦੇ ਆਖਿਰੀ ਦਿਨ ਪੁੰਨਿਆਂ ਜਾਂ ਪੂਰਨਮਾਸੀ ਨੂੰ ਮਨਾਇਆ ਜਾਂਦਾ ਹੈ। ਇਹ ਤਿਉਹਾਰ ਅੰਗ੍ਰੇਜ਼ੀ ਕੈਲੰਡਰ ਦੇ ਅਗਸਤ ਮਹੀਨੇ ਵਿੱਚ ਆਉਂਦਾ ਹੈ।

ਭਾਰਤੀ ਉਪ-ਮਹਾਦੀਪ ਵਿੱਚ ਭਾਰਤੀ ਸਮਾਜ ਵੱਲੋਂ ਮਨਾਏ ਜਾਂਦੇ ਮੁੱਖ ਤਿਉਹਾਰਾਂ ਵਿੱਚ ਰੱਖੜੀ ਦਾ ਤਿਉਹਾਰ ਸ਼ਾਮਿਲ ਹੈ। ਦੁਨੀਆਂ ਦੇ ਜਿਸ ਦੇਸ ਵਿੱਚ ਵੀ ਭਾਰਤੀ ਸਮਾਜ ਦੇ ਲੋਕ ਵੱਸੇ ਹੋਏ ਹਨ, ਉਨ੍ਹਾਂ ਵੱਲੋਂ ਉਥੇ ਵੀ ਇਹ ਤਿਉਹਾਰ ਜੋਸ਼ੋ-ਖਰੋਸ਼ ਨਾਲ ਮਨਾਇਆ ਜਾਂਦਾ ਹੈ। ਇਸ ਤਿਉਹਾਰ ਵਾਲੇ ਦਿਨ ਮੁੱਖ ਤੌਰ 'ਤੇ ਭੈਣਾਂ ਵੱਲੋਂ ਆਪਣੇ ਭਰਾਵਾਂ ਦੇ ਗੁੱਟ ਉਤੇ ਰੱਖੜੀ ਬੰਨ੍ਹੀ ਜਾਂਦੀ ਹੈ, ਪਰ ਕਿਤੇ ਕਿਤੇ ਪੁਜਾਰੀਆਂ ਵੱਲੋਂ ਆਪਣੇ ਸ੍ਰਪਰਸਤਾਂ ਨੂੰ ਰੱਖੜੀ ਬੰਨ੍ਹ ਕੇ ਤੋਹਫੇ ਦੇ ਰੂਪ ਵਿੱਚ ਮਾਇਆ ਲਈ ਜਾਂਦੀ ਹੈ। ਭਾਰਤੀ ਉਪ-ਮਹਾਦੀਪ ਦੇ ਕਈ ਰਾਜਾਂ ਵਿੱਚ ਇਸਨੂੰ ਵੱਖਰੇ ਵੱਖਰੇ ਢੰਗ ਨਾਲ ਵੀ ਮਨਾਇਆ ਜਾਂਦਾ ਹੈ, ਜਿਵੇਂ :

ਪੱਛਮੀ ਬੰਗਾਲ ਤੇ ਉੜੀਸਾ ਵਿੱਚ ਇਸ ਤਿਉਹਾਰ ਨੂੰ ਝੂਲਨ ਪੂਰਨਿਮਾ ਦੇ ਨਾਂ ਹੇਠ ਮਨਾਇਆ ਜਾਂਦਾ ਹੈ। ਉਥੇ ਲੋਕ ਇਸ ਦਿਨ ਭਗਵਾਨ ਕ੍ਰਿਸ਼ਨ ਅਤੇ ਰਾਧਾ ਦੀ ਪੂਜਾ ਕਰਦੇ ਹਨ। ਭੈਣਾਂ ਆਪਣੇ ਭਰਾਵਾਂ ਦੇ ਗੁੱਟ ਉਤੇ ਰੱਖੜੀ ਬੰਨ੍ਹ ਕੇ ਉਸਦੇ ਸਦਾਚਿਰ ਜੀਵਤ ਰਹਿਣ ਦੀ ਕਾਮਨਾ ਕਰਦੀਆਂ ਹਨ। ਸਿਆਸੀ ਪਾਰਟੀਆਂ, ਦਫਤਰਾਂ, ਦੋਸਤਾਂ, ਸਕੂਲਾਂ, ਕਾਲਿਜਾਂ, ਪਿੰਡਾਂ ਤੇ ਸ਼ਹਿਰਾਂ ਵੱਲੋਂ ਇਹ ਦਿਨ ਆਪਸੀ ਸੁਖਾਵੇਂ ਰਿਸ਼ਤਿਆਂ ਦੀ ਨਵੀਂ ਆਸ ਵਜੋਂ ਮਨਾਇਆ ਜਾਂਦਾ ਹੈ।

ਮਹਾਰਾਸ਼ਟਰ ਵਿੱਚ ਰੱਖੜੀ ਦਾ ਤਿਉਹਾਰ ਨਰਾਲੀ ਪੂਰਨਿਮਾ ਦੇ ਨਾਂ ਨਾਲ ਮਨਾਇਆ ਜਾਂਦਾ ਹੈ। ਇਸ ਰਾਜ ਦੇ ਸਮੁੰਦਰੀ ਤਟ ਉਤੇ ਵੱਸਦੇ ਮਛੇਰਿਆਂ ਦੇ ਸਮਾਜ ਨੂੰ ਕੋਲਜ ਕਿਹਾ ਜਾਂਦਾ ਹੈ। ਇਹ ਲੋਕ ਇਸ ਦਿਨ ਭਗਵਾਨ ਵਰੁਣ ਦਾ ਅਸ਼ੀਰਵਾਦ ਹਾਸਿਲ ਕਰਨ ਲਈ ਉਸ ਦੀ ਪੂਜਾ ਕਰਦੇ ਹਨ। ਭਗਵਾਨ ਵਰੁਣ ਸਮੁੰਦਰ ਦਾ ਹਿੰਦੂ ਦੇਵਤਾ ਹੈ। ਭਗਵਾਨ ਵਰੁਣ ਨੂੰ ਖੁਸ਼ ਕਰਨ ਲਈ ਪੂਜਾ ਦੀਆਂ ਰਸਮਾਂ ਵਜੋਂ ਇਨ੍ਹਾਂ ਲੋਕਾਂ ਵੱਲੋਂ ਸਮੁੰਦਰ ਵਿੱਚ ਨਾਰੀਅਲ ਫਲ ਸੁੱਟੇ ਜਾਂਦੇ ਹਨ। ਲੜਕੀਆਂ ਅਤੇ ਔਰਤਾਂ ਆਪਣੇ ਭਰਾਵਾਂ ਦੇ ਗੁੱਟਾਂ ਉਤੇ ਰੱਖੜੀ ਬੰਨਦੀਆਂ ਹਨ।

ਜੰਮੂ ਵਿੱਚ ਇਸ ਤਿਉਹਾਰ ਦੇ ਮੌਕੇ ਉਤੇ ਅਸਮਾਨ ਵਿੱਚ ਪਤੰਗਾਂ ਉਡਾਈਆਂ ਜਾਂਦੀਆਂ ਹਨ। ਜਨਮ ਅਸ਼ਟਮੀ ਦੇ ਮੌਕੇ ਉਤੇ ਵੀ ਇੱਥੇ ਇਸੇ ਤਰ੍ਹਾਂ ਹੀ ਪਤੰਗਾਂ ਉਡਾਈਆਂ ਜਾਂਦੀਆਂ ਹਨ। ਲੋਕ ਢੇਰ ਸਾਰੀਆਂ ਪਤੰਗਾਂ ਦੇ ਨਾਲ ਮੀਲਾਂ ਲੰਮੀ ਡੋਰ, ਜਿਸਨੂੰ ਗੱਟੂ ਡੋਰ ਕਿਹਾ ਜਾਂਦਾ ਹੈ, ਖਰੀਦਦੇ ਹਨ।

ਹਰਿਆਣੇ ਵਿੱਚ ਲੋਕ ਰੱਖੜੀ ਦਾ ਤਿਉਹਾਰ ਮਨਾਉਣ ਦੇ ਨਾਲ ਨਾਲ ਸਲੋਨੋ ਤਿਉਹਾਰ ਵੀ ਮਨਾਉਂਦੇ ਹਨ। ਸਲੋਨੋ ਤਿਉਹਾਰ ਪੁਜਾਰੀਆਂ ਵੱਲੋਂ ਮਨਾਇਆ ਜਾਂਦਾ ਹੈ। ਪੁਜਾਰੀ ਲੋਕਾਂ ਦੇ ਗੁੱਟਾਂ ਉਤੇ, ਬੁਰਾਈਆਂ ਤੋਂ ਨਿਜਾਤ ਪਾਉਣ ਲਈ, ਵਿਸ਼ੇਸ਼ ਧਾਗੇ ਜਾਂ ਤਵੀਜ਼ ਬੰਨਦੇ ਹਨ। ਭੈਣਾਂ ਆਪਣੇ ਭਰਾਵਾਂ ਦੇ ਗੁੱਟਾਂ ਉਤੇ ਰੱਖੜੀ ਬੰਨ੍ਹ ਕੇ ਉਨ੍ਹਾਂ ਦੀ ਖੁਸ਼ਹਾਲੀ ਅਤੇ ਲੰਮੀ ਉਮਰ ਦੀ ਕਾਮਨਾ ਕਰਦੀਆਂ ਹਨ। ਬਦਲੇ ਵਿੱਚ ਭਰਾ ਭੈਣਾਂ ਨੂੰ ਪੈਸੇ ਜਾਂ ਕੱਪੜੇ ਜਾਂ ਗਹਿਣਿਆਂ ਦੇ ਰੂਪ ਵਿੱਚ ਤੋਹਫੇ ਦੇ ਕੇ ਉਨ੍ਹਾਂ ਦੀ ਸੁਰੱਖਿਆ ਦਾ ਵਚਨ ਦਿੰਦੇ ਹਨ।

ਭਾਵ ਤੇ ਮਹੱਤਤਾ

ਰੱਖੜੀ ਸ਼ਬਦ ਦੋ ਸ਼ਬਦਾਂ ਦੇ ਮੇਲ ਨਾਲ ਬਣਦਾ ਹੈ ਰੱਖ + ੜੀ। ਰੱਖ ਤੋਂ ਭਾਵ ਹੈ ਸੁਰੱਖਿਆ ਜਾਂ ਮਹਿਫੂਜ ਅਤੇ ੜੀ ਤੋਂ ਭਾਵ ਹੈ ਕਰਨ/ਰੱਖਣ ਵਾਲਾ ਜਾਂ ਵਾਲੀ। ਇਸ ਤਰ੍ਹਾਂ ਰੱਖੜੀ ਸ਼ਬਦ ਦਾ ਅਰਥ ਬਣਦਾ ਹੈ ਸੁਰੱਖਿਆ ਕਰਨ ਵਾਲੀ ਜਾਂ ਮਹਿਫੂਜ ਰੱਖਣ ਵਾਲੀ। (ਬੋਨਦ ੋਡ ਪਰੋਟੲਚਟੋਨਿ)। ਹਿੰਦੀ ਭਾਸ਼ਾ ਵਿੱਚ ਇਸਨੂੰ ਰਕਸ਼ਾ ਬੰਧਨ ਕਿਹਾ ਜਾਂਦਾ ਹੈ। ਰਕਸ਼ਾ ਤੇ ਬੰਧਨ ਦੋ ਸ਼ਬਦ ਹਨ ਅਤੇ ਇਹ ਦੋਵੇਂ ਸੰਸਕ੍ਰਿਤ ਭਾਸ਼ਾ ਵਿੱਚੋਂ ਲਏ ਗਏ ਹਨ। ਰਕਸ਼ਾ ਤੋਂ ਭਾਵ ਹੈ ਰਾਖੀ ਅਤੇ ਬੰਧਨ ਦਾ ਅਰਥ ਹੈ ਗੰਢ। (ਕਨੋਟ ੋਡ ਪਰੋਟੲਚਟੋਨਿ)। ਇਹ ਤਿਉਹਾਰ ਭੈਣ ਭਰਾ ਦੇ ਗੂੜ੍ਹੇ ਰਿਸ਼ਤੇ ਅਤੇ ਸਦੀਵੀ ਪਿਆਰ ਨੂੰ ਦਰਸਾਉਂਦਾ ਹੈ।

ਰੱਖੜੀ ਦਾ ਤਿਉਹਾਰ ਮੁੱਖ ਤੌਰ 'ਤੇ ਹਿੰਦੂਆਂ ਵੱਲੋਂ ਉਤਰੀ, ਪੱਛਮੀ ਤੇ ਕੇਂਦਰੀ ਭਾਰਤ ਦੇ ਨਾਲ ਨਾਲ ਨੇਪਾਲ, ਪਾਕਿਸਤਾਨ, ਮੌਰੀਸ਼ੀਅਸ ਅਤੇ ਫਿਜੀ ਵਿੱਚ ਮਨਾਇਆ ਜਾਂਦਾ ਹੈ। ਇਹ ਭੈਣ ਪ੍ਰਤੀ ਭਰਾ ਦੇ ਫਰਜ਼ ਅਤੇ ਭਰਾ ਪ੍ਰਤੀ ਭੈਣ ਦੇ ਫਰਜ਼ ਨੂੰ ਦਰਸਾਉਂਦਾ ਹੈ। ਜਿੱਥੇ ਭੈਣ ਆਪਣੇ ਭਰਾ ਦੇ ਗੁੱਟ ਉਤੇ ਰੱਖੜੀ ਬੰਨ੍ਹ ਕੇ ਉਸਦੀ ਲੰਮੀ ਉਮਰ ਅਤੇ ਖੁਸ਼ਹਾਲੀ ਦੀ ਕਾਮਨਾ ਕਰਦੀ ਹੈ ਉਥੇ ਭਰਾ ਹਰੇਕ ਮੁਸੀਬਤ ਤੇ ਹਰੇਕ ਸਥਿਤੀ ਵਿੱਚ ਭੈਣ ਦੀ ਸੁਰੱਖਿਆ ਕਰਨ ਦਾ ਵਚਨ ਦਿੰਦਾ ਹੈ।

ਇਤਿਹਾਸਕ ਦੰਦ ਕਥਾਵਾਂ:

ਹਰੇਕ ਰਸਮ ਦੇ ਪਿੱਛੇ ਕੋਈ ਨਾ ਕੋਈ ਇਤਿਹਾਸਕ ਜਾਂ ਮਿਥਹਾਸਕ ਘਟਨਾ ਜਰੂਰ ਹੁੰਦੀ ਹੈ। ਕਈ ਹਿੰਦੂ ਗ੍ਰੰਥਾਂ ਵਿੱਚ ਰੱਖੜੀ ਤਿਉਹਾਰ ਦੇ ਪਿਛੋਕੜ ਅਤੇ ਸ਼ੁਰੂਆਤ ਬਾਰੇ ਬਹੁਤ



ਸਾਰੀਆਂ ਕਥਾਵਾਂ/ਕਹਾਣੀਆਂ ਦਰਜ ਹਨ। ਆਧੁਨਿਕ ਲੇਖਕ ਤੇ ਚਿੰਤਕ ਇਨ੍ਹਾਂ ਕਥਾਵਾਂ ਨੂੰ ਮਿਥਹਾਸ ਮੰਨਦੇ ਹਨ। ਇਹ ਕਥਾਵਾਂ ਭਾਵੇਂ ਕੁਝ ਵੀ ਹੋਣ, ਪਰ ਸੱਚਾਈ ਤਾਂ ਇਹ ਹੈ ਕਿ ਇਹ ਕਥਾਵਾਂ ਹੀ ਕਿਸੇ ਸਮਾਜ ਵਿੱਚ ਰੀਤਾਂ/ਰਸਮਾਂ ਨੂੰ ਜਨਮ ਦਿੰਦੀਆਂ ਹਨ। ਰੱਖੜੀ ਦੀ ਰਸਮ ਬਾਰੇ ਕੁਝ ਮੁੱਖ ਦੰਦ-ਕਥਾਵਾਂ ਹੇਠ ਲਿਖੀਆਂ ਹਨ :

ਇੰਦਰ ਦੇਵ: ਹਿੰਦੂ ਇੰਦਰ ਦੇਵਤਾ ਬਾਰਸ਼ਾਂ ਅਤੇ ਅਸਮਾਨੀ ਬਿਜਲੀ ਦਾ ਦੇਵਤਾ ਹੈ। ਭਵਿਸ਼ ਪੁਰਾਣ ਅਨੁਸਾਰ ਦੇਵਤਿਆਂ ਅਤੇ ਰਾਖਸ਼ਾਂ ਦੀ ਲੜਾਈ ਵਿੱਚ ਰਾਖਸ਼ਾਂ ਦੇ ਤਾਕਤਵਰ ਰਾਜੇ ਬਾਲੀ ਵੱਲੋਂ ਇੰਦਰ ਨੂੰ ਹਰਾ ਕੇ ਅਪਮਾਨਿਤ ਕੀਤਾ ਗਿਆ ਸੀ। ਉਸ ਵੇਲੇ ਇੰਦਰ ਦੀ ਪਤਨੀ ਸਾਚੀ ਵਿਸ਼ਨੂੰ ਦੇਵਤਾ ਨੂੰ ਜਾ ਕੇ ਮਿਲੀ ਅਤੇ ਮਦਦ ਲਈ ਬੇਨਤੀ ਕੀਤੀ। ਵਿਸ਼ਨੂੰ ਨੇ ਉਸਨੂੰ ਇੱਕ ਤਵੀਜ਼ ਦਿੱਤਾ ਅਤੇ ਕਿਹਾ ਕਿ ਇਹ ਪਵਿੱਤਰ ਹੈ, ਇਸਨੂੰ ਇੰਦਰ ਦੀ ਬਾਂਹ ਉਤੇ ਬੰਨ੍ਹ ਕੇ ਉਸਦੀ ਜਿੱਤ ਅਤੇ ਸਲਾਮਤੀ ਲਈ ਪ੍ਰਾਰਥਨਾਂ ਕਰੀਂ। ਸਾਚੀ ਨੇ ਉਹ ਤਵੀਜ਼ ਲਿਆ ਕੇ ਇੰਦਰ ਦੀ ਬਾਂਹ ਉਤੇ ਬੰਨ੍ਹ ਕੇ ਉਸੇ ਤਰ੍ਹਾਂ ਪ੍ਰਾਰਥਨਾਂ ਕੀਤੀ। ਫਿਰ ਇੰਦਰ ਨੇ ਆਸਾਨੀ ਨਾਲ ਬਾਲੀ ਨੂੰ ਹਰਾ ਕੇ ਅਮਰਾਵਤੀ ਸਿੰਘਾਸਨ ਵਾਪਿਸ ਹਾਸਿਲ ਕਰ ਲਿਆ। ਇਸ ਤਰ੍ਹਾਂ ਪ੍ਰਾਚੀਨ ਭਾਰਤ ਵਿੱਚ ਜੰਗ ਉਤੇ ਜਾਣ ਵਾਲੇ ਵਿਅਕਤੀਆਂ ਦੀਆਂ ਬਾਹਵਾਂ/ਗੁੱਟਾਂ ਉਤੇ ਔਰਤਾਂ ਵੱਲੋਂ ਅਜਿਹੇ ਤਵੀਜ਼ ਬੰਨ੍ਹ ਕੇ ਉਨ੍ਹਾਂ ਦੀ ਸੁਰੱਖਿਆ ਅਤੇ ਜਿੱਤ ਲਈ ਪ੍ਰਾਰਥਨਾਂ ਕੀਤੀ ਜਾਣ ਲੱਗੀ। ਫਿਰ ਭੈਣਾਂ ਵੱਲੋਂ ਹਰੇਕ ਸਾਲ ਇਹ ਤਵੀਜ਼ ਰੱਖੜੀ ਦੇ ਰੂਪ ਵਿੱਚ ਆਪਣੇ ਭਰਾਵਾਂ ਦੇ ਗੁੱਟ ਉਤੇ ਬੰਨ੍ਹ ਕੇ ਉਨ੍ਹਾਂ ਦੀ ਖੁਸ਼ਹਾਲੀ ਅਤੇ ਲੰਮੀ ਉਮਰ ਦੀ ਕਾਮਨਾ ਕੀਤੀ ਜਾਣ ਲੱਗ ਪਈ।

ਰਾਜਾ ਬਾਲੀ ਅਤੇ ਲਕਸ਼ਮੀ ਦੇਵੀ: ਭਗਵਤ ਪੁਰਾਣ ਅਤੇ ਵਿਸ਼ਨੂੰ ਪੁਰਾਣ ਅਨੁਸਾਰ ਜਦੋਂ ਵਿਸ਼ਨੂੰ ਨੇ ਰਾਖਸ਼ ਰਾਜਾ ਬਾਲੀ ਤੋਂ ਤ੍ਰੈਲੋਕ ਜਿੱਤ ਲਏ ਤਾਂ ਬਾਲੀ ਨੇ ਆਪਣੇ ਰਾਜ ਮਹਿਲ ਵਿੱਚ ਠਹਿਰਨ ਲਈ ਵਿਸ਼ਨੂੰ ਨੂੰ ਬੇਨਤੀ ਕੀਤੀ। ਵਿਸ਼ਨੂੰ ਨੇ ਉਸਦੀ ਬੇਨਤੀ ਪ੍ਰਵਾਨ ਕਰ ਲਈ। ਲਕਸ਼ਮੀ ਦੇਵੀ ਨੇ ਬਾਲੀ ਨਾਲ ਵਿਸ਼ਨੂੰ ਦੀ ਇਸ ਦੋਸਤੀ ਨੂੰ ਪਸੰਦ ਨਾ ਕੀਤਾ ਅਤੇ ਬੈਕੁੰਠ ਵਾਪਿਸ ਜਾਣ ਨੂੰ ਤਰਜੀਹ ਦਿੱਤੀ। ਉਹ ਬਾਲੀ ਕੋਲ ਗਈ, ਉਸਦੇ ਗੁੱਟ ਉਤੇ ਰੱਖੜੀ ਬੰਨ ਕੇ ਉਸਨੂੰ ਭਰਾ ਬਣਾ ਲਿਆ। ਬਾਲੀ ਨੇ ਰੱਖੜੀ ਦੇ ਬਦਲੇ ਲਕਸ਼ਮੀ ਨੂੰ ਕੋਈ ਤੋਹਫਾ ਦੇਣ ਦੀ ਪੇਸ਼ਕਸ਼ ਕੀਤੀ। ਉਸ ਵੇਲੇ ਲਕਸ਼ਮੀ ਨੇ ਤੋਹਫੇ ਦੇ ਰੂਪ ਵਿੱਚ ਬਾਲੀ ਤੋਂ ਮੰਗ ਕੀਤੀ ਕਿ ਵਿਸ਼ਨੂੰ ਨੂੰ ਉਪਰੋਕਤ ਪ੍ਰਵਾਨ ਕੀਤੀ ਗਈ ਬੇਨਤੀ ਤੋਂ ਮੁਕਤ ਕਰ ਦਿੱਤਾ ਜਾਵੇ। ਬਾਲੀ ਨੇ ਕਿਉਂਕਿ ਵਚਨ ਦਿੱਤਾ ਹੋਇਆ ਸੀ। ਉਸਨੇ ਆਪਣੀ ਮੂੰਹ ਬੋਲੀ ਭੈਣ ਦੀ ਮੰਗ ਨੂੰ ਪ੍ਰਵਾਨ ਕਰ ਲਿਆ। ਇਹ ਕਹਾਣੀ ਰੱਖੜੀ ਦੇ ਰੇਸ਼ਮੀ ਤੰਦ ਦੇ ਰੂਪ ਵਿੱਚ ਭੈਣ ਭਰਾ ਦੇ ਰਿਸ਼ਤੇ ਦੀ ਵਚਨਬੱਧਤਾ ਨੂੰ ਦਰਸਾਉਂਦੀ ਹੈ।

ਸੰਤੋਸ਼ੀ ਮਾਂ: ਗਣੇਸ਼ ਦੇਵਤਾ ਦੇ ਸ਼ੁਭ ਅਤੇ ਲਾਭ ਦੋ ਪੁੱਤਰ ਸਨ। ਉਨ੍ਹਾਂ ਦੇ ਗੁੱਟ ਉਤੇ ਰੱਖੜੀ ਬੰਨਣ ਲਈ ਉਨ੍ਹਾਂ ਦੀ ਕੋਈ ਭੈਣ ਨਹੀਂ ਸੀ। ਉਨ੍ਹਾਂ ਨੇ ਆਪਣੇ ਪਿਤਾ ਨੂੰ ਇੱਕ ਭੈਣ ਲਈ ਕਿਹਾ। ਗਣੇਸ਼ ਨੇ ਨਾਂਹ ਵਿੱਚ ਸਿਰ ਹਿਲਾ ਦਿੱਤਾ।ਉਹ ਬੜੇ ਪ੍ਰੇਸ਼ਾਨ ਹੋਏ। ਉਸ ਵੇਲੇ ਉਥੇ ਨਾਰਦ ਮੁਨੀ ਪ੍ਰਗਟ ਹੋ ਗਿਆ। ਉਸਨੇ ਗਣੇਸ਼ ਨੂੰ ਪ੍ਰੇਰਿਆ ਅਤੇ ਕਿਹਾ ਕਿ ਓਨ੍ਹਾਂ ਦੀ ਪੁੱਤਰੀ ਉਨ੍ਹਾਂ ਅਤੇ ਉਨ੍ਹਾਂ ਦੇ ਪੁੱਤਰਾਂ ਲਈ ਬੜੀ ਭਾਗਸ਼ਾਲੀ ਹੋਵੇਗੀ। ਗਣੇਸ਼ ਉਸ ਨਾਲ ਸਹਿਮਤ ਹੋ ਗਿਆ ਅਤੇ ਆਪਣੀਆਂ ਪਤਨੀਆਂ ਰਿਧੀ ਅਤੇ ਸਿਧੀ ਵਿੱਚੋਂ ਨਿਕਲੀਆਂ ਦੈਵੀ ਲਪਟਾਂ ਵਿੱਚੋਂ ਇੱਕ ਲੜਕੀ ਪੈਦਾ ਕੀਤੀ, ਜਿਸਦਾ ਨਾਂ ਸੰਤੋਸ਼ੀ ਮਾਂ ਰੱਖਿਆ ਗਿਆ। ਹੁਣ ਸ਼ੁਭ ਅਤੇ ਲਾਭ ਦੋਵੇਂ ਬੜੇ ਖੁਸ਼ ਸਨ। ਸੰਤੋਸ਼ੀ ਮਾਂ ਨੇ ਉਨ੍ਹਾਂ ਦੋਹਾਂ ਦੇ ਗੁੱਟ ਉਤੇ ਰੱਖੜੀ ਬੰਨ੍ਹੀ।

ਕ੍ਰਿਸ਼ਨ ਤੇ ਦ੍ਰੋਪਦੀ : ਮਹਾਭਾਰਤ ਗ੍ਰੰਥ ਵਿੱਚ ਦਰਜ ਹੈ ਕਿ ਦ੍ਰੋਪਦੀ ਕ੍ਰਿਸ਼ਨ ਦੇ ਗੁੱਟ ਉਤੇ ਅਤੇ ਕੁੰਤੀ ਆਪਣੇ ਪੋਤੇ ਅਭਿਮਨਯੂ ਦੇ ਗੁੱਟ ਉਤੇ, ਮਹਾਭਾਰਤ ਦੇ ਯੁੱਧ ਵਿੱਚ ਜਾਣ ਤੋਂ ਪਹਿਲਾਂ ਰੱਖੜੀ ਬੰਨਦੀਆਂ ਹਨ।

ਯਮ ਤੇ ਯਮੁਨਾ : ਇੱਕ ਦੰਦ-ਕਥਾ ਅਨੁਸਾਰ ਮੌਤ ਦਾ ਦੇਵਤਾ ਯਮ ਕੋਈ ਬਾਰਾਂ ਸਾਲ ਤੋਂ ਆਪਣੀ ਭੈਣ ਯਮੁਨਾ ਨੂੰ ਮਿਲਣ ਨਹੀਂ ਸੀ ਗਿਆ। ਯਮੁਨਾ ਬਹੁਤ ਉਦਾਸ ਹੋਈ। ਉਸਨੇ ਗੰਗਾ ਨੂੰ ਮਿਲ ਕੇ ਆਪਣੀ ਉਦਾਸੀ ਬਾਰੇ ਦੱਸਿਆ। ਗੰਗਾ ਨੇ ਯਮ ਨੂੰ ਉਸਦੀ ਭੈਣ ਯਮੁਨਾ ਦੀ ਯਾਦ ਦਿਲਾਈ। ਯਮ ਆਪਣੀ ਭੈਣ ਨੂੰ ਮਿਲਣ ਲਈ ਗਿਆ। ਯਮੁਨਾ ਆਪਣੇ ਭਰਾ ਨੂੰ ਵੇਖ ਕੇ ਬੜੀ ਖੁਸ਼ ਹੋਈ। ਉਸਨੇ ਭਰਾ ਲਈ ਤਰ੍ਹਾਂ ਤਰ੍ਹਾਂ ਦੇ ਪਕਵਾਨ ਤਿਆਰ ਕੀਤੇ। ਆਪਣੇ ਪ੍ਰਤੀ ਭੈਣ ਦੇ ਪਿਆਰ ਨੂੰ ਵੇਖ ਕੇ ਯਮ ਬਹੁਤ ਖੁਸ਼ ਹੋਇਆ। ਉਸਨੈ ਭੈਣ ਨੂੰ ਕੋਈ ਤੋਹਫਾ ਦੇਣ ਦੀ ਪੇਸ਼ਕਸ਼ ਕਰਦਿਆਂ ਪੁੱਛਿਆ ਕਿ ਯਮੁਨਾ ਆਪਣੇ ਭਰਾ ਤੋਂ ਕਿਹੜਾ ਤੋਹਫਾ ਲੈਣਾ ਪਸੰਦ ਕਰੇਗੀ? ਯਮੁਨਾ ਨੇ ਤੋਹਫੇ ਦੇ ਰੂਪ ਵਿੱਚ ਯਮ ਤੋਂ ਵਚਨ ਲਿਆ ਕਿ ਉਹ ਆਪਣੀ ਭੈਣ ਨੂੰ ਛੇਤੀ ਛੇਤੀ ਮਿਲਣ ਆਇਆ ਕਰੇ। ਇਸ ਉਤੇ ਯਮ ਹੋਰ ਵੀ ਬੜਾ ਪ੍ਰਸੰਨ ਹੋਇਆ ਅਤੇ ਉਸਨੇ ਯਮੁਨਾ ਨੂੰ ਸਦਾ ਸੁਰਜੀਤ ਰਹਿਣ ਦਾ ਵਰ ਦਿੱਤਾ। ਇਹ ਦੰਦ-ਕਥਾ ਭੈਣ ਭਰਾ ਦੇ ਪਿਆਰ ਦੇ ਰੱਖੜੀ ਵਰਗੇ ਦੂਸਰੇ ਤਿਉਹਾਰ ਭਾਈ ਦੂਜ ਦਾ ਆਧਾਰ ਹੈ।

ਸਮਰਾਟ ਸਿਕੰਦਰ ਅਤੇ ਰਾਜਾ ਪੋਰਸ: ਜਦੋਂ ਸਮਰਾਟ ਸਿਕੰਦਰ ਨੇ 326 ਬੀ.ਸੀ. ਈਸਵੀ ਵਿੱਚ ਭਾਰਤ ਉਤੇ ਹਮਲਾ ਕੀਤਾ ਤਾਂ ਉਸ ਵੇਲੇ ਉਸਦੀ ਪਤਨੀ ਰਾਕਸਾਨਾ ਵੀ ਉਸਦੇ ਨਾਲ ਸੀ। ਇੱਥੇ ਸਿਕੰਦਰ ਦਾ ਸਾਹਮਣਾ ਰਾਜਾ ਪੋਰਸ ਨਾਲ ਹੋਣਾ ਸੀ। ਪੋਰਸ ਬੜਾ ਤਾਕਤਵਰ ਰਾਜਾ ਸੀ। ਰਾਕਸਾਨਾ ਨੂੰ ਡਰ ਸੀ ਕਿ ਸਿਕੰਦਰ ਦੀ ਇਸ ਯੁੱਧ ਵਿੱਚ ਹਾਰ ਹੋਵੇਗੀ ਅਤੇ ਉਹ ਰਾਜਾ ਪੋਰਸ ਦੇ ਹੱਥੋਂ ਮਾਰਿਆ ਜਾਵੇਗਾ। ਇਸ ਡਰ ਦੇ ਚਲਦਿਆਂ ਰਾਕਸਾਨਾ ਸਮੱਸਿਆ ਦਾ ਹੱਲ ਲੱਭਣ ਲਈ ਬੇਚੈਨੀ ਨਾਲ ਇਧਰ ਉਧਰ ਘੁੰਮ ਰਹੀ ਸੀ। ਉਸਦਾ ਮੇਲ ਇੱਕ ਭਾਰਤੀ ਔਰਤ ਸੁਰਮਨੀਆ ਨਾਲ ਹੋਇਆ। ਸੁਰਮਨੀਆ ਤੋਂ ਰਾਕਸਾਨਾ ਨੂੰ ਭਾਰਤ ਦੇ ਰੱਖੜੀ ਦੇ ਤਿਉਹਾਰ ਬਾਰੇ ਪਤਾ ਲੱਗਾ। ਰਾਕਸਾਨਾ ਇੱਕ ਰੱਖੜੀ ਲੈ ਕੇ ਰਾਜਾ ਪੋਰਸ ਨੂੰ ਮਿਲੀ। ਉਸਨੇ ਰਾਜਾ ਪੋਰਸ ਦੇ ਗੁੱਟ ਉਤੇ ਉਹ ਰੱਖੜੀ ਬੰਨ੍ਹ ਦਿੱਤੀ। ਰਾਜਾ ਪੋਰਸ ਨੇ ਥੋੜ੍ਹੀ ਹਿਚਕਚਾਹਟ ਤੋਂ ਬਾਅਦ ਰਾਕਸਾਨਾ ਨੂੰ ਆਪਣੀ ਮੂੰਹ-ਬੋਲੀ ਭੈਣ ਸਵੀਕਾਰ ਕਰ ਲਿਆ। ਫਿਰ ਰਾਜਾ ਪੋਰਸ ਵੱਲੋਂ ਰੱਖੜੀ ਬਦਲੇ ਰਾਕਸਾਨਾ ਨੂੰ ਤੋਹਫੇ ਵਜੋਂ ਕੁਝ ਦੇਣ ਦੀ ਪੇਸ਼ਕਸ਼ ਕੀਤੀ ਗਈ। ਰਾਕਸਾਨਾ ਨੇ ਪੋਰਸ ਤੋਂ ਆਪਣੇ ਪਤੀ ਸਮਰਾਟ ਸਿਕੰਦਰ ਦੀ ਸਲਾਮਤੀ ਦਾ ਵਚਨ ਲੈ ਲਿਆ।

ਸਮਰਾਟ ਸਿਕੰਦਰ ਅਤੇ ਰਾਜਾ ਪੋਰਸ ਵਿਚਕਾਰ ਪੰਜਾਬ ਵਿੱਚ ਜੇਹਲਮ ਨਦੀ ਦੇ ਕੰਢੇ ਉਤੇ ਯੁੱਧ ਹੋਇਆ। ਇੱਕ ਸਮੇਂ ਪੋਰਸ ਅਤੇ ਸਿਕੰਦਰ ਇੱਕ ਦੂਜੇ ਨਾਲ ਹੱਥੋ-ਹੱਥੀ ਭਿੜ੍ਹਨ ਲੱਗੇ। ਪੋਰਸ ਸਿਕੰਦਰ ਉਤੇ ਹਾਵੀ ਹੋ ਗਿਆ। ਉਸ ਵੇਲੇ ਪੋਰਸ ਦਾ ਧਿਆਨ ਆਪਣੇ ਗੁੱਟ ਉਤੇ ਬੰਨ੍ਹੀ ਰੱਖੜੀ ਉਤੇ ਪਿਆ। ਰਾਕਸਾਨਾ ਨੂੰ ਦਿੱਤੇ ਵਚਨ ਦੀ ਪਾਲਣਾ ਕਰਦਿਆਂ ਉਸਨੇ ਸਿਕੰਦਰ ਉਤੇ ਵਾਰ ਨਾ ਕੀਤਾ ਅਤੇ ਸਿਕੰਦਰ ਬਚ ਗਿਆ। ਇਹ ਦੰਦਕਥਾ ਰੇਸ਼ਮੀ ਤੰਦ ਦੇ ਰੂਪ ਵਿੱਚ ਭੈਣ ਭਰਾ ਦੇ ਅਦ੍ਰਿਸ ਪਿਆਰ ਅਤੇ ਵਚਨ ਦੀ ਮਹਾਨਤਾ ਦਾ ਪ੍ਰਮਾਣ ਹੈ।

ਸਿੱਖ ਭਾਈਚਾਰੇ ਵਿੱਚ ਰੱਖੜੀ: ਇਤਿਹਾਸਕਾਰ ਅਰਵਿੰਦਪਾਲ ਸਿੰਘ ਮੰਡੇਰ ਅਨੁਸਾਰ 18ਵੀਂ ਸਦੀ ਵਿੱਚ ਸਿੱਖ ਖਾਲਸਾ ਫੌਜ ਨੇ ਮੁਗਲਾਂ/ਅਫਗਾਨੀ ਮੁਸਲਿਮ ਫੌਜਾਂ ਤੋਂ ਕਿਸਾਨਾਂ ਦੀ ਸੁਰੱਖਿਆ ਦਾ ਪ੍ਰਣ ਕਰਨ ਵਜੋਂ ਰੱਖੜੀ ਦੀ ਰਸਮ ਚਲਾਈ ਸੀ, ਜਿਸਦੇ ਦੇ ਬਦਲੇ ਕਿਸਾਨਾਂ ਤੋਂ ਉਨ੍ਹਾਂ ਦੀ ਪੈਦਾਵਾਰ ਵਿੱਚੋਂ ਕੁਝ ਹਿੱਸਾ ਲਿਆ ਜਾਂਦਾ ਸੀ। ਸਿੱਖ ਸਮਰਾਜ ਦੇ ਸੰਸਥਾਪਕ ਮਹਾਰਾਜਾ ਰਣਜੀਤ ਸਿੰਘ ਨੇ ਰੱਖੜੀ ਦਾ ਤਿਉਹਾਰ ਮਨਾਉਣਾ ਸ਼ੁਰੂ ਕੀਤਾ ਸੀ।

ਸੰਨ 1849 ਵਿੱਚ ਸਿੱਖ ਰਾਜ ਦੇ ਪਤਨ ਤੋਂ ਬਾਅਦ ਮਹਾਰਾਣੀ ਜਿੰਦਾਂ ਨੇ ਨੇਪਾਲ ਦੇ ਰਾਜੇ ਨੂੰ ਰੱਖੜੀ ਭੇਜ ਕੇ ਮਦਦ ਮੰਗੀ ਸੀ। ਰਾਜੇ ਨੇ ਉਸਨੂੰ ਆਪਣੀ ਭੈਣ ਪ੍ਰਵਾਨ ਕਰਦਿਆਂ ਨੇਪਾਲ ਵਿੱਚ ਪਨਾਹ ਦਿੱਤੀ ਸੀ। ਹਿੰਦੂ ਭਾਈਚਾਰੇ ਵਾਂਗ ਹੀ ਸਿੱਖ ਭਾਈਚਾਰੇ ਵਿੱਚ ਰੱਖੜੀ ਦਾ ਤਿਉਹਾਰ ਮਨਾਇਆ ਜਾਂਦਾ ਹੈ। ਭੈਣਾ ਆਪਣੇ ਭਰਾਵਾਂ ਦੇ ਗੁੱਟ ਉਤੇ ਰੱਖੜੀ ਬੰਨਦੀਆਂ ਹਨ ਅਤੇ ਭਰਾ ਭੈਣਾਂ ਨੂੰ ਤੋਹਫੇ ਦਿੰਦੇ ਹਨ। ਰੱਖੜ ਪੁੰਨਿਆਂ ਦੇ ਮੌਕੇ ਉਤੇ ਅੰਮ੍ਰਿਤਸਰ ਜ਼ਿਲ੍ਹੇ ਦੇ ਕਸਬਾ ਬਾਬਾ ਬਕਾਲਾ ਵਿੱਚ ਤਿੰਨ ਦਿਨ ਮੇਲਾ ਲਗਦਾ ਹੈ। ਇੱਥੋਂ ਦੇ ਇਤਿਹਾਸਕ ਗੁਰਦੁ-ਆਰਾ ਸਾਹਿਬ ਵਿੱਚ ਸ੍ਰੀ ਅਖੰਡ ਪਾਠ ਦੇ ਭੋਗ ਉਪ੍ਰੰਤ ਰਾਗੀ ਸਿੰਘਾਂ ਵੱਲੋਂ ਮਨੋਹਰ ਕੀਰਤਨ ਕੀਤੇ ਜਾਂਦੇ ਹਨ। ਕਸਬੇ ਵਿੱਚ ਵੱਖ ਵੱਖ ਥਾਵਾਂ ਉਤੇ ਪੰਜਾਬ ਦੀਆਂ ਸਾਰੀਆਂ ਸਿਆਸੀ ਪਾਰਟੀਆਂ ਆਪਣੇ ਆਪਣੇ ਪੰਡਾਲ ਸਥਾਪਿਤ ਕਰਕੇ ਲੋਕਾਂ ਨੂੰ ਆਪਣੀਆਂ ਨੀਤੀਆਂ ਤੋਂ ਜਾਣੂੰ ਕਰਾਉਂਦੀਆਂ ਹਨ।

## ਸ਼ਿਵ ਸੈਨਾ ਦਾ ਪ੍ਰਧਾਨ ਬਲੈਕਮੇਲ ਦੇ ਦੋਸ਼ ਵਿੱਚ ਗ੍ਰਿਫਤਾਰ

ਮੰਡੀ ਗੋਬਿੰਦਗੜ੍ਹ, 27 ਮਈ (ਪੋਸਟ ਬਿਊਰੋ)- ਫੈਕਟਰੀ ਮਾਲਕ ਦੀ ਕੁੱਟਮਾਰ, ਬਲੈਕਮੇਲ ਕਰ ਕੇ ਪੈਸੇ ਵਸੂਲਣ, ਫੈਕਟਰੀ ਬੰਦ ਕਰਾਉਣ ਦੀ ਧਮਕੀ ਦੇਣ ਅਤੇ ਸਟਾਫ ਨੂੰ ਬੰਦੀ ਬਣਾਉਣ ਦੇ ਜੁਰਮ ਹੇਠ ਪੁਲਸ ਨੇ ਸ਼ਿਵ ਸੈਨਾ ਹਿੰਦ ਦੇ ਪ੍ਰਧਾਨ ਅਨੁਜ ਗੁਪਤਾ ਅਤੇ ਹੋਰ ਪੰਜ ਜਣਿਆਂ ਉੱਤੇ ਮੁਕੱਦਮਾ ਦਰਜ ਕੀਤਾ ਹੈ।

ਥਾਣਾ ਮੁਖੀ ਕੁਲਵੰਤ ਸਿੰਘ ਨੇ ਦੱਸਿਆ ਕਿ ਇੰਡਸਟਰੀ ਮਾਲਕ (ਪਿੰਡ ਚਤਰਪੁਰਾ) ਪ੍ਰਸ਼ੋਤਮ ਅਗਰਵਾਲ ਦੇ ਮੁਤਾਬਕ ਅਨੁਜਾ ਗੁਪਤਾ, ਹੇਮੰਤ ਸਿੰਘ, ਰਣਜੀਤ ਸ਼ਰਮਾ ਉਰਫ ਰਿੰਕੂ ਅਤੇ ਅਰੁਣ ਪਾਂਡੇ ਦੋ ਹੋਰ ਸਾਥੀਆਂ ਨਾਲ ਉਸ ਨੂੰ ਬਲੈਕਮੇਲ ਕਰਦੇ ਸਨ ਅਤੇ ਮਿੱਲ ਦੇ ਬਾਹਰ ਧਰਨੇ ਨੂੰ ਚੁੱਕਣ ਬਦਲੇ ਅਨੁਜ ਗੁਪਤਾ ਨੂੰ ਤਿੰਨ ਵਾਰੀ ਕਰੀਬ 35 ਹਜ਼ਾਰ ਰੁਪਏ ਦੇਣ ਦਾ ਦਾਅਵਾ ਕੀਤਾ ਸੀ। ਉਸ ਨੇ ਦੋਸ਼ ਲਾਇਆ ਕਿ ਫੈਕਟਰੀ ਬੰਦ ਕਰਨ ਦੀ ਧਮਕੀ ਦੇ ਕੇ ਉਸ ਦੀ ਕਾਰ ਦੇ ਸ਼ੀਸ਼ੇ ਭੰਨ ਦਿੱਤੇ ਅਤੇ ਕੁੱਟਮਾਰ ਕੀਤੀ ਗਈ ਸੀ। ਉਸ ਮੁਤਾਬਕ ਫੈਕਟਰੀ ਦੇ ਗੇਟ ਦੇ ਕੰਡਿਆਂ ਦੁਆਲੇ ਮੋਟੀ ਲੋਹੇ ਦੀ ਤਾਰ ਲਪੇਟ ਕੇ ਸਟਾਫ ਨੂੰ ਅੰਦਰ ਬੰਦੀ ਬਣਾ ਲਿਆ ਗਿਆ ਸੀ। ਪੁਲਸ ਨੇ ਸੂਚਨਾ ਮਿਲਣ ਉੱਤੇ ਪ੍ਰਧਾਨ ਅਨੁਜ ਗੁਪਤਾ, ਹੇਮੰਤ ਸਿੰਘ, ਰਣਜੀਤ ਸ਼ਰਮਾ, ਅਰੁਣ ਪਾਂਡੇ ਨੂੰ ਹਿਰਾਸਤ ਵਿੱਚ ਲੈ ਲਿਆ ਅਤੇ 30-40 ਅਣਪਛਾਤੇ ਵਿਅਕਤੀ ਮੌਕੇ ਤੋਂ ਫਰਾਰ ਹੋ ਗਏ। ਇੰਸਪੈਕਟਰ ਕੁਲਵੰਤ ਸਿੰਘ ਨੇ ਦੱਸਿਆ ਕਿ ਕਾਬੂ ਕੀਤੇ ਵਿਅਕਤੀਆਂ ਨੂੰ ਅਦਾਲਤ ਵਿੱਚ ਪੇਸ਼ ਕਰ ਕੇ ਅਗਲੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ।

## ਐਨੀਮੇਟਿਡ ਫਿਲਮ 'ਦਾਸਤਾਨ-ਏ-ਮੀਰੀ ਪੀਰੀ' ਵਿਵਾਦਾਂ ਵਿੱਚ ਫਸਣ ਲੱਗੀ

### * ਅਕਾਲ ਤਖਤ ਦੇ ਜਥੇਦਾਰ ਨੇ ਸ਼੍ਰੋਮਣੀ ਕਮੇਟੀ ਨੂੰ ਘੋਖਣ ਲਈ ਕਿਹਾ




ਅੰਮ੍ਰਿਤਸਰ, 27 ਮਈ (ਪੋਸਟ ਬਿਊਰੋ)- ਸਿੱਖ ਧਾਰਮਿਕ ਐਨੀਮੇਟਿਡ ਫਿਲਮ 'ਦਾਸਤਾਨ-ਏ-ਮੀਰੀ ਪੀਰੀ' ਰਿਲੀਜ਼ ਹੋਣ ਤੋਂ ਪਹਿਲਾਂ ਹੀ ਵਿਵਾਦ ਵਿੱਚ ਫਸਦੀ ਜਾਪਣ ਲੱਗੀ ਹੈ। ਅਕਾਲ ਤਖਤ ਦੇ ਜਥੇਦਾਰ ਗਿਆਨ ਹਰਪ੍ਰੀਤ ਸਿੰਘ ਨੇ ਇਸ ਬਾਰੇ ਮਿਲੀਆਂ ਸ਼ਿਕਾਇਤਾਂ ਦੇ ਆਧਾਰ 'ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਹਦਾਇਤ ਕਰ ਦਿੱਤੀ ਹੈ ਕਿ ਉੱਚ ਪੱਧਰੀ ਕਮੇਟੀ ਬਣਾ ਕੇ ਇਸ ਦੀ ਘੋਖ ਕੀਤੀ ਜਾਵੇ। ਉਨ੍ਹਾਂ ਨੇ ਫਿਲਮਸਾਜ਼ਾਂ ਨੂੰ ਕਮੇਟੀ ਦੀ ਰਿਪੋਰਟ ਆਉਣ ਤੱਕ ਫਿਲਮ ਰਿਲੀਜ਼ ਨਾ ਕਰਨ ਨੂੰ ਕਿਹਾ ਹੈ। ਇਹ ਐਨੀਮੇਟਿਡ ਫਿਲਮ ਪੰਜ ਜੂਨ ਨੂੰ ਰਿਲੀਜ਼ ਹੋਣੀ ਹੈ ਤੇ ਇਸ ਫਿਲਮ ਦਾ ਟਾਈਟਲ ਟਰੈਕ ਸੋਸ਼ਲ ਮੀਡੀਆ ਉੱਤੇ ਦਿਖਾਇਆ ਜਾ ਰਿਹਾ ਹੈ।

ਇਸ ਸੰਬੰਧ ਵਿੱਚ ਮਿਲੀਆਂ ਸ਼ਿਕਾਇਤਾਂ ਵਿੱਚ ਦੋਸ਼ ਲਾਇਆ ਗਿਆ ਹੈ ਕਿ ਫਿਲਮ ਨਿਰਮਾਤਾ ਨੇ ਐਨੀਮੇਟਿਡ ਫਿਲਮ ਵਿੱਚ ਛੇਵੇਂ ਗੁਰੂ ਸਾਹਬ ਨੂੰ ਦਿਖਾਇਆ ਹੈ, ਜਿਹੜਾ ਕਿ ਸਿੱਖ ਮਰਿਆਦਾ ਦੀ ਉਲੰਘਣਾ ਹੈ। ਅਕਾਲ ਤਖਤ ਦੇ ਸਕੱਤਰੇਤ ਤੋਂ ਜਥੇਦਾਰ ਦੇ ਨਿੱਜੀ ਸਹਾਇਕ ਜਸਪਾਲ ਸਿੰਘ ਵੱਲੋਂ ਜਾਰੀ ਕੀਤੇ ਗਏ ਬਿਆਨ ਵਿੱਚ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਫਿਲਮਸਾਜ਼ਾਂ ਨੂੰ ਕਿਹਾ ਹੈ ਕਿ ਫਿਲਮ ਦੀ ਰਿਲੀਜ਼ ਤੋਂ ਪਹਿਲਾਂ ਇਸ ਦੀ ਮਨਜ਼ੂਰੀ ਲੈਣ। ਉਨ੍ਹਾਂ ਕਿਹਾ ਕਿ ਫਿਲਮ ਬਾਰੇ ਵੱਡੀ ਪੱਧਰ 'ਤੇ ਸ਼ਿਕਾਇਤਾਂ ਆਉਣ ਕਾਰਨ ਇਸ ਦੇ ਨਿਰਮਾਤਾ ਨਿਰਦੇਸ਼ਕ ਨੂੰ ਹਾਲੇ ਫਿਲਮ ਰਿਲੀਜ਼ ਨਾ ਕਰਨ ਦੇ ਹੁਕਮ ਦਿੱਤੇ ਗਏ ਹਨ। ਉਨ੍ਹਾਂ ਸ਼੍ਰੋਮਣੀ ਕਮੇਟੀ ਨੂੰ ਕਿਹਾ ਕਿ ਉਹ ਉਚ ਪੱਧਰੀ ਜਾਂਚ ਟੀਮ ਬਣਾ ਕੇ ਫਿਲਮ ਨੂੰ ਹਰ ਪੱਖ ਤੋਂ ਘੋਖਣ ਮਗਰੋਂ ਰਿਪੋਰਟ ਅਕਾਲ ਤਖਤ ਨੂੰ ਰਿਪੋਰਟ ਦੇਵੇ, ਜਿਸ ਨੂੰ ਦੇਖਣ ਮਗਰੋਂ ਇਸ ਦੀ ਮਾਨਤਾ ਦੀ ਕੋਈ ਕਾਰਵਾਈ ਹੋਵੇਗੀ। ਉਨ੍ਹਾਂ ਨੇ ਪ੍ਰਬੰਧਕਾਂ ਨੂੰ ਸੁਚੇਤ ਕੀਤਾ ਕਿ ਫਿਲਮ ਮਾਨਤਾ ਮਿਲਣ ਤੋਂ ਪਹਿਲਾਂ ਜੇ ਰਿਲੀਜ਼ ਕਰਦੇ ਹਨ ਅਤੇ ਕਿਸੇ ਤਰ੍ਹਾਂ ਦਾ ਨੁਕਸਾਨ ਹੁੰਦਾ ਹੈ ਤਾਂ ਉਹ ਖੁਦ ਜ਼ਿੰਮੇਵਾਰੀ ਹੋਣਗੇ।

## 300 ਕਿਸਾਨਾਂ ਨੇ ਪਾਣੀ ਬਚਾ ਕੇ ਬਿਜਲੀ ਵਿੱਚੋਂ ਲੱਖਾਂ ਦੀ ਕਮਾਈ ਕੀਤੀ



ਜਲੰਧਰ, 27 ਮਈ (ਪੋਸਟ ਬਿਊਰੋ)- ਪੰਜਾਬ ਵਿੱਚ ਕਈ ਜਗ੍ਹਾ ਜ਼ਮੀਨ ਹੇਠਲਾ ਪਾਣੀ ਬਹੁਤਾ ਹੇਠਾਂ ਜਾਣ ਤੋਂ ਬਾਅਦ ਪਾਵਰਕਾਮ ਵੱਲੋਂ ਸ਼ੁਰੂ ਕੀਤੀ ਯੋਜਨਾ ਹੇਠ 300 ਕਿਸਾਨਾਂ ਨੇ ਪਾਣੀ ਬਚਾ ਕੇ ਲੱਖਾਂ ਰੁਪਏ ਕਮਾ ਲਏ ਹਨ। ਸਰਕਾਰ ਦੀ ਵਿੱਤੀ ਮਦਦ ਨਾਲ ਚੱਲਦੀ ਇਸ ਯੋਜਨਾ ਤੋਂ ਪਾਵਰਕਾਮ ਕਾਫੀ ਉਤਸ਼ਾਹਤ ਹੈ ਤੇ ਇਸ ਯੋਜਨਾ ਨੂੰ 150 ਹੋਰ ਫੀਡਰਾਂ 'ਤੇ ਸ਼ੁਰੂ ਕਰ ਦਿੱਤਾ ਗਿਆ ਹੈ, ਜਿਸ ਨੂੰ ਅੱਗੇ ਵਧਾਉਣ ਦੀ ਯੋਜਨਾ ਵੀ ਹੈ।

ਪਾਵਰਕਾਮ ਦੇ ਸੂਤਰਾਂ ਮੁਤਾਬਕ ਕੁਝ ਸਮਾਂ ਪਹਿਲਾਂ ਇਹ ਯੋਜਨਾ ਸ਼ੁਰੂ ਕੀਤੀ ਗਈ ਸੀ, ਜਿਸ ਦੇ ਤਹਿਤ ਜੇ ਕੋਈ ਕਿਸਾਨ ਫਸਲ ਵਾਸਤੇ ਪਾਣੀ ਦੀ ਬੱਚਤ ਕਰਦਾ ਹੈ ਤਾਂ ਇਸ ਨਾਲ ਉਸ ਨੂੰ ਚਾਰ ਰੁਪਏ ਪ੍ਰਤੀ ਯੂਨਿਟ ਮਦਦ ਹੁੰਦੀ ਹੈ। ਇਸ ਸੰਬੰਧ ਵਿੱਚ ਪਾਵਰਕਾਮ ਨੇ ਕਿਸਾਨਾਂ ਨੂੰ ਪਾਣੀ ਬਚਾਉਣ ਦੇ ਕਈ ਉਪਾਅ ਦੱਸੇ ਹਨ। ਜਦੋਂ ਪਾਣੀ ਦੀ ਬੱਚਤ ਕੀਤੀ ਜਾਂਦੀ ਹੈ ਤਾਂ ਬਿਜਲੀ ਘੱਟ ਲੱਗਦੀ ਹੈ। ਪਾਵਰਕਾਮ ਮਿਥੇ ਹੋਏ ਖੇਤਰ ਵਿੱਚ ਕਿਸਾਨਾਂ ਦੀਆਂ ਮੋਟਰਾਂ 'ਤੇ ਮੀਟਰ ਲਾ ਦੇਂਦੀ ਹੈ ਅਤੇ ਉਨ੍ਹਾਂ ਦਾ ਮੁਫਤ ਬਿਜਲੀ ਦਾ ਕੋਟਾ ਦੱਸ ਦਿੱਤਾ ਜਾਂਦਾ ਹੈ। ਕਿਸਾਨ ਫਸਲਾਂ ਲਈ ਵੇਲੇ ਜਿੰਨੀ ਬਿਜਲੀ ਦੀ ਬੱਚਤ ਕਰਦੇ ਹਨ, ਪਾਵਰਕਾਮ ਵੱਲੋਂ ਉਨ੍ਹਾਂ ਨੂੰ ਪ੍ਰਤੀ ਯੂਨਿਟ ਚਾਰ ਰੁਪਏ ਦਿੱਤੇ ਜਾਂਦੇ ਹਨ। ਇਹ ਰਕਮ ਪੰਜਾਬ ਸਰਕਾਰ ਦੇਂਦੀ ਹੈ। ਸਰਕਾਰ ਵੱਲੋਂ ਕਿਸਾਨਾਂ ਨੂੰ ਪਾਣੀ ਬਚਾਉਣ ਬਦਲੇ ਜਿਹੜੀ ਰਕਮ ਦਿੱਤੀ ਜਾਂਦੀ ਹੈ, ਉਸ ਮੁਤਾਬਕ ਰਾਜ ਸਰਕਾਰ ਨੂੰ ਪਾਣੀ ਬਚਾਉਣ ਵਾਲੇ ਕਿਸਾਨਾਂ ਨੂੰ ਪ੍ਰਤੀ ਯੂਨਿਟ ਚਾਰ ਰੁਪਏ ਦੇ ਕੇ ਵੀ ਪ੍ਰਤੀ ਯੂਨਿਟ 1.25 ਰੁਪਏ ਬਚਦੇ ਹਨ, ਕਿਉਂਕਿ ਉਸ ਨੂੰ ਪਾਵਰਕਾਮ ਨੂੰ ਟਿਊਬਵੈੱਲਾਂ ਦੀ ਸਬਸਿਡੀ ਦੀ ਰਕਮ 5.25 ਰੁਪਏ ਪ੍ਰਤੀ ਯੂਨਿਟ ਦੇਣੀ ਪੈਂਦੀ ਹੈ। ਸਰਕਾਰ ਵੱਲੋਂ ਖੇਤੀ ਸੈਕਟਰ ਲਈ 6600 ਤੋਂ ਵੱਧ ਸਬਸਿਡੀ ਦਿੱਤੀ ਜਾਂਦੀ ਹੈ। ਇਹ ਯੋਜਨਾ ਅਜੇ ਤੱਕ ਕੁਝ ਫੀਡਰਾਂ 'ਤੇ ਸ਼ੁਰੂ ਕੀਤੀ ਗਈ ਸੀ। ਇਨ੍ਹਾਂ ਵਿੱਚ ਮੁਕੇਰੀਆਂ, ਫਤਿਹਗੜ੍ਹ ਸਾਹਿਬ ਤੇ ਹੋਰ ਕਈ ਫੀਡਰ ਸ਼ਾਮਲ ਹਨ। ਇਨ੍ਹਾਂ ਹੇਠਲੇ ਕਿਸਾਨਾਂ ਨੂੰ ਪਾਣੀ ਦੀ ਬੱਚਤ ਕਰ ਕੇ ਲੱਖਾਂ ਰੁਪਏ ਸਰਕਾਰ ਕੋਲੋਂ ਰਕਮਾਂ ਮਿਲੀਆਂ ਹਨ। ਪਾਵਰਕਾਮ ਕਿਸਾਨਾਂ ਨੂੰ ਪਾਣੀ ਬਚਾਉਣ ਲਈ ਵੱਖ-ਵੱਖ ਉਪਾਅ ਲਾਗੂ ਕਰਨ ਦੀ ਸਿਫਾਰਸ਼ ਕਰਦੀ ਹੈ ਤੇ ਇਸ ਦੇ ਨਾਲ ਉਸ ਨੇ ਕਿਸਾਨਾਂ ਨੂੰ ਟਿਊਬਵੈੱਲ ਮੋਟਰਾਂ 'ਤੇ ਸ਼ੰਟ ਕਪੈਸਟਰ ਲਾਉਣ ਲਈ ਵੀ ਮੁਹਿੰਮ ਚਲਾਈ ਹੈ। ਉਸ ਦਾ ਕਹਿਣਾ ਹੈ ਕਿ ਆਈ ਐੱਸ ਆਈ ਮਾਰਕੇ ਵਾਲੇ ਸ਼ੰਟ ਕਪੈਸਟਰ ਲਾਉਣ ਨਾਲ ਵੋਲਟੇਜ਼ ਵਧ ਜਾਂਦੀ ਤੇ ਇਸ ਨਾਲ ਮੋਟਰ ਵੀ ਕਰੰਟ ਘੱਟ ਲੈਂਦੀ ਹੈ ਅਤੇ ਸੜਨੋਂ ਬਚ ਜਾਂਦੀ ਹੈ।

## ਨੌਕਰੀ ਦਾ ਝਾਂਸਾ ਦੇ ਕੇ ਲੱਖਾਂ ਦੀ ਠੱਗੀ ਮਾਰ ਲਈ

ਸੰਗਰੂਰ, 27 ਮਈ (ਪੋਸਟ ਬਿਊਰੋ)- ਝਾਂਸਾ ਦੇ ਕੇ ਠੱਗੀ ਮਾਰਨ ਵਾਲੇ ਤਿੰਨ ਜਣਿਆਂ ਉੱਤੇ ਥਾਣਾ ਖਨੌਰੀ ਵਿਖੇ ਕੇਸ ਦਰਜ ਕੀਤਾ ਗਿਆ ਹੈ, ਜਿਸ ਦੀ ਅਗਲੀ ਕਾਰਵਾਈ ਕੀਤੀ ਜਾ ਰਹੀ ਹੈ।

ਸ਼ਰਨਜੀਤ ਕੌਰ ਵਾਸੀ ਸਾਰੋਂ ਜ਼ਿਲ੍ਹਾ ਸੰਗਰੂਰ ਨੇ ਐੱਸ ਐੱਸ ਪੀ ਸੰਗਰੂਰ ਡਾ: ਸੰਦੀਪ ਗਰਗ ਨੂੰ ਦਰਖਾਸਤ ਦੇ ਕੇ ਕਿਹਾ ਕਿ ਉਹ ਸਪੋਰਟਸ ਅਥਲੀਟ ਹੈ ਅਤੇ ਸਪੋਰਟਸ ਕੋਚ ਜਗਪਾਲ ਪੁੱਤਰ ਓਮ ਪ੍ਰਕਾਸ਼ ਵਾਸੀ ਭੁਲਾਣ ਤੋਂ ਕੋਚਿੰਗ ਲੈ ਰਹੀ ਹੈ। ਓਥੇ ਸੋਹਨ ਲਾਲ ਵੀ ਜਗਪਾਲ ਕੋਲ ਖੇਡਣ ਆਉਂਦਾ ਸੀ। ਇੱਕ ਦਿਨ ਸੋਹਨ ਨੇ ਕਿਹਾ ਕਿ ਉਸ ਦਾ ਰਿਸ਼ਤੇਦਾਰ ਪੰਜਾਬ-ਹਰਿਆਣਾ ਹਾਈ ਕੋਰਟ ਦਾ ਜੱਜ ਲੱਗਾ ਹੋਇਆ ਹੈ ਤੇ ਉਸ ਦੀ ਰਿਹਾਇਸ਼ ਜੀਂਦ ਵਿਖੇ ਹੈ ਤੇ ਉਹ ਨੌਕਰੀ ਲੁਆ ਸਕਦਾ ਹੈ। ਉਸ ਨੇ ਕੋਚ ਜਗਪਾਲ ਰਾਹੀਂ ਸੋਹਨ ਲਾਲ ਨਾਲ ਕੋਰਟ ਵਿੱਚ ਕਲਰਕ ਦੀ ਨੌਕਰੀ ਖਾਤਰ ਦੋ ਲੱਖ ਪੰਜ ਹਜ਼ਾਰ ਰੁਪਏ ਦਾ ਸੌਦਾ ਤੈਅ ਕੀਤਾ, ਜਿਸ ਦੇ ਪੰਜ ਹਜ਼ਾਰ ਨਗਦ ਅਤੇ ਦੋ ਲੱਖ ਰੁਪਏ ਜਗਪਾਲ ਦੇ ਖਾਤੇ ਰਾਹੀਂ ਸੋਹਨ ਲਾਲ ਨੂੰ ਦੇ ਦਿੱਤੇ। ਸੋਹਨ ਲਾਲ ਦੇ ਨਾਲ ਮਲਕੀਤ ਸਿੰਘ ਅਤੇ ਬਲਜੀਤ ਵਾਸੀਆਨ ਹਰਨਾਮਪੁਰਾ ਖੇੜਾ ਜ਼ਿਲ੍ਹਾ ਜੀਂਦ ਆਉਂਦੇ ਜਾਂਦੇ ਸਨ। ਨੌਂ ਅਗਸਤ 2017 ਨੂੰ ਇੰਟਰਵਿਊ ਲਈ ਜੀਂਦ ਕੋਰਟ ਵਿੱਚ ਸੱਦਿਆ ਤੇ ਸੋਹਨ ਲਾਲ ਕੋਰਟ ਦੇ ਇੱਕ ਕਮਰੇ ਵਿੱਚ ਲੈ ਗਿਆ, ਉਸ ਸਮੇਂ ਸੋਹਨ ਲਾਲ ਦੇ ਨਾਲ ਮਲਕੀਤ ਸਿੰਘ ਤੇ ਬਲਜੀਤ ਵੀ ਨਾਲ ਸਨ। ਉਹ ਜਨਵਰੀ 2018 ਨੂੰ ਤਿੰਨੇ ਵਿਅਕਤੀ ਕੋਚ ਜਗਪਾਲ ਦੇ ਘਰ ਨਿਯੁਕਤੀ ਪੱਤਰ ਦੇ ਗਏ, ਜੋ ਬਤੌਰ ਕਲਰਕ ਸੰਗਰੂਰ ਕੋਰਟ ਦਾ ਅਤੇ ਨਿਯੁਕਤੀ 11 ਅਪ੍ਰੈਲ 2018 ਸੀ, ਪਰ ਜਦੋਂ ਨਿਯੁਕਤੀ ਪੱਤਰ ਕੋਰਟ ਦੇ ਸਟਾਫ ਨੇ ਚੈਕ ਕੀਤਾ ਤਾਂ ਇਹ ਪੱਤਰ ਫਰਜ਼ੀ ਪਾਇਆ ਗਿਆ।

## ਵਿਜੇ ਮਿਸ਼ਰਾ, ਅਮਰੀਕ ਸਿੰਘ ਅਤੇ ਹੋਰ ਸੀ ਪੀ ਐਮ ਦੀ ਮੁੱਢਲੀ ਮੈਂਬਰੀ ਤੋਂ ਕੱਢੇ ਗਏ

ਮੋਹਾਲੀ, 27 ਮਈ (ਪੋਸਟ ਬਿਊਰੋ)- ਸੀ ਪੀ ਆਈ (ਐਮ) ਦੇ ਸੂਬਾ ਸਕੱਤਰੇਤ ਦੀ ਹੰਗਾਮੀ ਮੀਟਿੰਗ ਗੁਰਚੇਤਨ ਸਿੰਘ ਬਾਸੀ ਦੀ ਅਗਵਾਈ ਹੇਠ ਹੋਈ ਤਾਂ ਇਸ ਦੇ ਫੈਸਲਿਆਂ ਸੰਬੰਧੀ ਪ੍ਰੈੱਸ ਨੂੰ ਜਾਰੀ ਬਿਆਨ ਵਿੱਚ ਪਾਰਟੀ ਦੇ ਸੂਬਾ ਸਕੱਤਰ ਸੁਖਵਿੰਦਰ ਸਿੰਘ ਸੇਖੋਂ ਨੇ ਦੱਸਿਆ ਕਿ ਵਿਜੇ ਮਿਸ਼ਰਾ, ਅਮਰੀਕ ਸਿੰਘ, ਅਮਰਜੀਤ ਮੱਟੂ ਤੇ ਠਾਕੁਰ ਧਿਆਨ ਸਿੰਘ ਅਤੇ ਸੁਖਦੇਵ ਸਿੰਘ ਗੋਹਲਵੜ ਨੂੰ ਪਾਰਟੀ ਦੀ ਮੁੱਢਲੀ ਮੈਂਬਰੀ ਤੋਂ ਕੱਢ ਕਰ ਦਿੱਤਾ ਗਿਆ।

ਇਸ ਬਾਰੇ ਸੁਖਵਿੰਦਰ ਸਿੰਘ ਸੇਖੋਂ ਨੇ ਦੱਸਿਆ ਕਿ ਵਿਜੇ ਮਿਸ਼ਰਾ ਅਤੇ ਅਮਰੀਕ ਸਿੰਘ ਵਿਰੁੱਧ ਪਾਰਟੀ ਦੀ ਸੂਬਾ ਕਾਨਫਰੰਸ, ਜੋ 10-11 ਅਪ੍ਰੈਲ 2018 ਨੂੰ ਮਾਹਿਲਪੁਰ ਵਿਖੇ ਹੋਈ ਸੀ, ਵਿੱਚ ਪਾਰਟੀ ਫੰਡਾਂ, ਦੇਸ਼ ਸੇਵਕ ਅਖਬਾਰ ਦੇ ਫੰਡਾਂ ਤੇ ਅੰਮ੍ਰਿਤਸਰ ਜ਼ਿਲ੍ਹੇ ਦੇ ਪਾਰਟੀ ਫੰਡਾਂ ਦੀ ਦੁਰਵਰਤੋਂ ਕਰਨ, ਚਿੱਟ ਫੰਡ ਕੰਪਨੀ ਵਿੱਚ ਲਾਏ ਪੈਸੇ ਪਾਰਟੀ ਖਾਤੇ ਵਿੱਚ ਜਮ੍ਹਾ ਨਾ ਕਰਵਾਉਣ ਅਤੇ ਪਾਰਟੀ ਵਿਰੋਧੀ ਸਰਗਰਮੀਆਂ ਕਰਨ ਦੇ ਦੋਸ਼ ਲਾਏ ਸਨ। ਇਨ੍ਹਾਂ ਦੋਸ਼ਾਂ ਦੀ ਜਾਂਚ ਲਈ ਪਾਰਟੀ ਦੀ ਕੇਂਦਰੀ ਕਮੇਟੀ ਨੇ ਪੋਲਿਟ ਬਿਊਰੋ ਮੈਂਬਰ ਮੁਹੰਮਦ ਸਲੀਮ ਦੀ ਅਗਵਾਈ ਵਿੱਚ ਜਾਂਚ ਕਮੇਟੀ ਬਣਾਈ ਸੀ। ਇਸ ਤੋਂ ਇਲਾਵਾ ਵਿਜੇ ਮਿਸ਼ਰਾ ਨੂੰ ਪਾਰਟੀ ਵਿਰੋਧੀ ਗਤੀਵਿਧੀਆਂ ਦੀ ਇੱਕ ਹੋਰ ਚਾਰਜਸ਼ੀਟ ਵੀ ਦਿੱਤੀ ਸੀ ਜਿਸ ਦਾ ਉਸ ਨੇ ਜਵਾਬ ਨਹੀਂ ਦਿੱਤਾ। ਜ਼ਿਲ੍ਹਾ ਲੁਧਿਆਣਾ ਦੀ ਕਮੇਟੀ ਨੇ ਅਮਰਜੀਤ ਮੱਟੂ ਦੀਆਂ ਪਾਰਟੀ ਵਿਰੋਧੀ ਸਰਗਰਮੀਆਂ ਦੀ ਜਾਂਚ ਕਰਨ ਲਈ ਜਾਂਚ ਕਮੇਟੀ ਬਣਾਈ ਸੀ, ਪਰ ਵਿਜੇ ਮਿਸ਼ਰਾ, ਅਮਰੀਕ ਸਿੰਘ ਅਤੇ ਅਮਰਜੀਤ ਮੱਟੂ ਵੱਲੋਂ ਜਾਂਚ ਕਮਿਸ਼ਨ ਸਾਹਮਣੇ ਪੇਸ਼ ਹੋ ਕੇ ਆਪਣਾ ਪੱਖ ਰੱਖਣ ਅਤੇ ਦੋਸ਼ੀ ਪਾਏ ਜਾਣ ਦੇ ਡਰੋਂ ਉਨ੍ਹਾਂ ਪਾਰਟੀ ਦੇ ਕੁਝ ਵਰਕਰਾਂ ਨੂੰ ਗੁੰਮਰਾਹ ਕਰ ਕੇ ਆਪਣੇ-ਆਪ ਨੂੰ ਪਾਰਟੀ ਤੋਂ ਬਾਹਰ ਜਾਣ ਦਾ ਐਲਾਨ ਕਰ ਦਿੱਤਾ।

## ਬੇਕਾਬੂ ਬੱਸ ਨੇ ਮੋਟਰ ਸਾਈਕਲ ਸਵਾਰ ਵਿਅਕਤੀ ਕੁਚਲ ਦਿੱਤਾ

ਕਰਤਾਰਪੁਰ, 27 ਮਈ (ਪੋਸਟ ਬਿਊਰੋ)- ਕੱਲ੍ਹ ਸਵੇਰੇ ਕਰਤਾਰਪੁਰ-ਦਿਆਲਪੁਰ ਜੀ ਟੀ ਰੋਡ ਸਰਵਿਸ ਲਾਈਨ ਉਤੇ ਤੇਜ਼ ਰਫਤਾਰ ਪੰਜਾਬ ਰੋਡਵੇਜ਼ ਦੀ ਬਸ ਨੇ ਮੋਟਰ ਸਾਈਕਲ ਸਵਾਰ ਵਿਅਕਤੀਆਂ ਨੂੰ ਪਿੱਛਿਓਂ ਟੱਕਰ ਮਾਰ ਦਿੱਤੀ, ਜਿਸ ਨਾਲ ਵਿਅਕਤੀ ਦੀ ਮੌਤ ਹੋ ਗਈ। ਪੁਲਸ ਨੇ ਕੇਸ ਦਰਜ ਕਰ ਲਿਆ ਹੈ।

ਮ੍ਰਿਤਕ ਦੇ ਸਪੁੱਤਰ ਪਤਰਸ ਨੇ ਦੱਸਿਆ ਕਿ ਉਸ ਦਾ ਪਿਤਾ ਡੇਵਿਡ ਪੁੱਤਰ ਸੋਹਨ ਲਾਲ ਪਿੰਡ ਲੱਖਣ ਕਲਾਂ ਥਾਣਾ ਕਪੂਰਥਲਾ ਸਦਰ ਕਾਫੀ ਸਮੇਂ ਤੋਂ ਮੁਰਗੀਆਂ ਦੇ ਬੱਚੇ ਸਪਲਾਈ ਦਾ ਕੰਮ ਕਰਦਾ ਸੀ। ਕੱਲ੍ਹ ਸਵੇਰੇ ਵੀ ਉਹ ਘਰੋਂ ਮੋਟਰ ਸਾਈਕਲ 'ਤੇ ਇਸੇ ਕੰਮ ਗਿਆ ਸੀ ਅਤੇ ਜਦ ਕਰਤਾਰਪੁਰ ਵੱਲੋਂ ਘਰ ਮੁੜ ਰਿਹਾ ਸੀ ਤਾਂ ਸਰਵਿਸ ਲਾਈਨ 'ਤੇ ਇੱਟਾਂ ਦੇ ਭੱਠੇ ਨੇੜੇ ਕਰਤਾਰਪੁਰ ਵੱਲੋਂ ਆਈ ਤੇਜ਼ ਰਫਤਾਰ ਪੰਜਾਬ ਰੋਡਵੇਜ਼ ਪਨਬਸ ਦੀ ਬਸ ਨੇ ਮੋਟਰ ਸਾਈਕਲ ਨੂੰ ਪਿੱਛਿਓਂ ਟੱਕਰ ਮਾਰ ਦਿੱਤੀ, ਜਿਸ ਨਾਲ ਉਸ ਦਾ ਪਿਤਾ ਡੇਵਿਡ ਸੜਕ 'ਤੇ ਡਿੱਗ ਪਿਆ ਅਤੇ ਬਸ ਦੀ ਲਪੇਟ ਵਿੱਚ ਆਉਣ ਕਾਰਨ ਉਨ੍ਹਾਂ ਦੀ ਮੌਤ ਹੋ ਗਈ। ਮੌਕੇ 'ਤੇ ਲੋਕਾਂ ਨੇ ਐਂਬੂਲੈਂਸ ਬੁਲਾਈ ਤਾਂ ਹਸਪਤਾਲ ਵਿੱਚ ਡਾਕਟਰ ਮਹਿੰਦਰਜੀਤ ਸਿੰਘ ਨੇ ਦੱਸਿਆ ਕਿ ਡੇਵਿਡ ਦੀ ਪਹਿਲਾਂ ਹੀ ਮੌਤ ਹੋ ਚੁੱਕੀ ਸੀ। ਬਸ ਚਾਲਕ ਫਰਾਰ ਹੋ ਗਿਆ। ਪੁਲਸ ਨੇ ਬਸ ਕਬਜ਼ੇ ਵਿੱਚ ਲੈ ਲਈ ਹੈ ਅਤੇ ਏ ਐੱਸ ਆਈ ਬੋਧਰਾਜ ਨੇ ਦੱਸਿਆ ਕਿ ਬਿਆਨਾਂ ਉਤੇ ਕੇਸ ਦਰਜ ਲਿਆ ਹੈ।

### ਤੀਹਰਾ ਕਤਲ ਕਾਂਡ:

## ਇੱਕ ਦੋਸ਼ੀ ਦੀ ਗ੍ਰਿਫਤਾਰੀ ਪਿੱਛੋਂ ਮ੍ਰਿਤਕਾਂ ਦਾ ਅੰਤਿਮ ਸਸਕਾਰ

ਤਰਨ ਤਾਰਨ, 27 ਮਈ (ਪੋਸਟ ਬਿਊਰੋ)- ਬੀਤੇ ਵੀਰਵਾਰ ਰਾਤ ਨੂੰ ਵਿਧਾਨ ਸਭਾ ਹਲਕਾ ਪੱਟੀ ਹੇਠਲੇ ਪਿੰਡ ਢੋਟੀਆਂ ਦੇ ਇੱਕੋ ਘਰ ਦੇ ਤਿੰਨ ਜੀਆਂ ਦਾ ਬੇਰਹਿਮੀ ਨਾਲ ਕਤਲ ਕੀਤਾ ਗਿਆ ਸੀ। ਇਸ ਬਾਰੇ ਥਾਣਾ ਸਰਹਾਲੀ ਦੀ ਪੁਲਸ ਨੇ ਪਹਿਲਾਂ ਕਾਹਲੀ ਵਿੱਚ ਅਣਪਛਾਤੇ ਵਿਅਕਤੀਆਂ ਉੱਤੇ ਕੇਸ ਦਰਜ ਕਰ ਲਿਆ, ਜਿਸ ਦੇ ਵਿਰੁੱਧ ਪੁਲਸ ਵੱਲੋਂ ਦੋਸ਼ੀਆਂ ਨੂੰ ਜਾਣ ਬੁੱਝ ਕੇ ਛੱਡਣ ਦੇ ਦੋਸ਼ਾਂ ਉੱਤੇ ਲੋਕਾਂ ਵੱਲੋਂ ਨੈਸ਼ਨਲ ਹਾਈਵੇ ਜਾਮ ਕਰਨ ਦੀ ਧਮਕੀ ਪਿੱਛੋਂ ਪੁਲਸ ਨੇ ਕੱਲ੍ਹ ਤਿੰਨ ਦਿਨਾਂ ਦੀ ਜਾਂਚ ਵਿੱਚ ਉਸੇ ਪਿੰਡ ਦੇ ਇੱਕ ਸਿਆਸੀ ਵਰਕਰ ਨੂੰ ਕਤਲ ਕੇਸ ਵਿੱਚ ਗ੍ਰਿਫਤਾਰ ਕੀਤਾ ਹੈ।

ਪਤਾ ਲੱਗਾ ਹੈ ਕਿ ਦਲਬੀਰ ਸਿੰਘ ਦੀ ਬਜ਼ੁਰਗ ਮਾਤਾ ਰਤਨ ਕੌਰ ਵੀਰਵਾਰ ਆਪਣੀ ਧੀ ਹਰਬੰਸ ਕੌਰ ਨੂੰ ਮਿਲਣ ਉਸ ਦੇ ਪਿੰਡ ਵਾਂ ਤਾਰਾ ਸਿੰਘ ਗਈ ਸੀ। ਪਿੱਛੋਂ ਰਾਤ ਨੂੰ ਕੁਝ ਅਣਪਛਾਤੇ ਦੋਸ਼ੀਆਂ ਨੇ ਦਲਬੀਰ ਸਿੰਘ, ਉਸ ਦੀ ਪਤਨੀ ਲਖਬੀਰ ਕੌਰ ਤੇ ਵੱਡੀ ਬੇਟੀ ਮਨਜਿੰਦਰ ਕੌਰ ਪਿੰਕੀ ਦਾ ਕਤਲ ਕਰ ਦਿੱਤਾ, ਜਦ ਕਿ ਛੋਟੀ ਬੱਚੀ ਕਿਸੇ ਤਰ੍ਹਾਂ ਦੋਸ਼ੀਆਂ ਹੱਥੋਂ ਕਤਲ ਹੋਣੋਂ ਬਚ ਗਈ। ਸੂਤਰਾਂ ਅਨੁਸਾਰ ਦਲਬੀਰ ਸਿੰਘ ਦੀ ਝਗੜੇ ਵਾਲੀ ਜ਼ਮੀਨ ਉੱਤੇ ਪਿੰਡ ਢੋਟੀਆਂ ਦਾ ਵਾਸੀ ਰਛਪਾਲ ਸਿੰਘ ਪੁੱਤਰ ਗੁਲਜ਼ਾਰ ਸਿੰਘ ਵੀ ਨਜ਼ਰ ਰੱਖੀ ਬੈਠਾ ਸੀ। ਇਸ ਬਾਰੇ ਪੁਲਸ ਨੇ ਪੀੜਤ ਪਰਵਾਰ ਦੇ ਬਿਆਨ ਦਰਜ ਕਰ ਕੇ ਰਛਪਾਲ ਸਿੰਘ ਨੂੰ ਕਤਲ ਕੇਸ ਵਿੱਚ ਨਾਮਜ਼ਦ ਕਰ ਲਿਆ ਹੈ। ਕੱਲ੍ਹ ਤਿੰਨਾਂ ਮ੍ਰਿਤਕਾਂ ਦਾ ਇਕੱਠਿਆਂ ਦਾ ਅੰਤਿਮ ਸਸਕਾਰ ਕੱਲ੍ਹ ਪਿੰਡ ਢੋਟੀਆਂ ਵਿਖੇ ਕੀਤਾ ਗਿਆ।

## ਕਿਸਾਨ ਨੂੰ 70 ਲੱਖ ਕਰਜ਼ਾ ਦਿਵਾਉਣ ਬਹਾਨੇ 1.30 ਲੱਖ ਦੀ ਠੱਗੀ




ਮੋਗਾ, 27 ਮਈ (ਪੋਸਟ ਬਿਊਰੋ)- ਬਿਜ਼ਨਸ ਕਰਨ ਲਈ 68 ਮਰਲੇ ਜ਼ਮੀਨ ਉੱਤੇ ਬੈਂਕ ਤੋਂ ਸੱਤਰ ਲੱਖ ਰੁਪਏ ਕਰਜ਼ਾ ਲੇਣ ਲਈ ਕਿਸਾਨ ਨੇ ਇੱਕ ਆਦਮੀ ਨੂੰ ਦਲਾਲੀ ਵਜੋਂ ਇੱਕ ਲੱਖ ਤੀਹ ਹਜ਼ਾਰ ਰੁਪਏ ਦਿੱਤੇ, ਪਰ ਉਸ ਦੇ ਬਾਅਦ ਉਸ ਆਦਮੀ ਨੇ ਨਾ ਕਰਜ਼ਾ ਦਿਵਾਇਆ ਅਤੇ ਨਾ ਰੁਪਏ ਵਾਪਸ ਕੀਤੇ। ਪੁਲਸ ਨੇ ਠੱਗ ਦੇ ਖਿਲਾਫ ਕੇਸ ਦਰਜ ਕੀਤਾ ਹੈ, ਪਰ ਦੋਸ਼ੀ ਦੇ ਖਿਲਾਫ ਪਹਿਲਾਂ ਵੀ ਕਈ ਕੇਸ ਦਰਜ ਹਨ। 11 ਮਹੀਨੇ ਪਹਿਲਾ ਵੀ 13.5 ਲੱਖ ਰੁਪਏ ਦੀ ਠੱਗੀ ਦੇ ਦੋਸ਼ ਵਿੱਚ ਉਸ ਦੇ, ਉਸ ਦੀ ਪਤਨੀ ਅਤੇ ਇੱਕ ਹੋਰ ਔਰਤ ਦੇ ਖਿਲਾਫ ਕੇਸ ਦਰਜ ਹੋਇਆ ਸੀ।

ਥਾਣਾ ਸਮਾਲਸਰ ਦੇ ਏ ਐੱਸ ਆਈ ਰਾਜ ਸਿੰਘ ਦੇ ਮੁਤਾਬਕ ਪਿੰਡ ਰਾਜੇਆਣਾ ਦੇ ਬਿੱਕਰ ਸਿੰਘ ਨੇ ਐੱਸ ਐੱਸ ਪੀ ਮੋਗਾ ਨੂੰ ਸ਼ਿਕਾਇਤ ਦਿੱਤੀ ਸੀ ਕਿ ਉਹ ਕਿਸਾਨੀ ਕਰਦਾ ਹੈ ਅਤੇ ਉਸ ਕੋਲ 68 ਮਰਲੇ ਜ਼ਮੀਨ ਹੈ, ਜਿੱਥੇ ਬਿਜ਼ਨਸ ਕਰਨ ਲਈ ਬੈਂਕ ਤੋਂ ਸੱਤਰ ਲੱਖ ਕਰਜ਼ਾ ਚਾਹੁੰਦਾ ਸੀ। ਸਾਲ 2018 ਵਿੱਚ ਉਸ ਦੀ ਮੁਲਾਕਾਤ ਕਸਬਾ ਸਮਾਲਸਰ ਵਾਸੀ ਜਗਦੀਸ਼ ਸਿੰਘ ਨਾਲ ਹੋਈ ਤਾਂ ਉਸ ਨੇ ਕਿਹਾ ਕਿ ਉਹ ਉਸ ਦਾ ਬੈਂਕ ਕਰਜ਼ਾ ਦਿਵਾ ਸਕਦਾ ਹੈ, ਇਸ ਦੇ ਲਈ ਖਰਚਾ ਕਰਨਾ ਪਏਗਾ। ਬਿੱਕਰ ਸਿੰਘ ਦਾ ਦੋਸ਼ ਹੈ ਕਿ ਲਗਭਗ ਛੇ ਮਹੀਨੇ ਪਹਿਲਾਂ ਉਸ ਨੇ ਜਗਦੀਸ਼ ਸਿੰਘ ਵਾਸੀ ਸਮਾਲਸਰ ਨੂੰ ਸੱਤਰ ਲੱਖ ਰੁਪਏ ਦੇ ਕਰਜ਼ੇ ਲਈ ਇੱਕ ਲੱਖ ਤੀਹ ਹਜ਼ਾਰ ਰੁਪਏ ਦਿੱਤੇ ਸਨ, ਪਰ ਜਗਦੀਸ਼ ਸਿੰਘ ਨੇ ਕਰਜ਼ਾ ਪਾਸ ਨਹੀਂ ਕਰਵਾਇਆ। ਬਾਅਦ ਵਿੱਚ ਨੇ ਸਾਫ ਇਨਕਾਰ ਕਰ ਦਿੱਤਾ। ਆਪਣੇ ਨਾਲ ਠੱਗੀ ਦੇ ਕੇਸ ਵਿੱਚ ਉਸ ਨੇ ਐੱਸ ਐੱਸ ਪੀ ਨੂੰ ਸ਼ਿਕਾਇਤ ਦਿੱਤੀ ਤਾਂ ਐੱਸ ਐੱਸ ਪੀ ਨੇ ਇਸ ਦੀ ਜਾਂਚ ਆਰਥਿਕ ਅਪਰਾਧ ਸੈੱਲ ਨੂੰ ਸੌਂਪ ਦਿੱਤੀ। ਜਾਂਚ ਅਧਿਕਾਰੀ ਨੇ ਚਾਰ ਮਹੀਨੇ ਦੀ ਜਾਂਚ ਪਿੱਛੋਂ ਜਗਦੀਸ਼ ਸਿੰਘ ਵਾਸੀ ਸਮਾਲਸਰ ਦੇ ਖਿਲਾਫ ਠੱਗੀ ਦੇ ਦੋਸ਼ ਵਿੱਚ ਕੇਸ ਦਰਜ ਕੀਤਾ ਹੈ।

ਪਤਾ ਲੱਗਾ ਹੈ ਕਿ ਇਸ ਤੋਂ ਪਹਿਲਾਂ 12 ਜੂਨ 2018 ਨੂੰ ਥਾਣਾ ਸਮਾਲਸਰ ਪੁਲਸ ਨੇ ਜਗਦੀਸ਼ ਸਿੰਘ ਉਰਫ ਡੀ ਸੀ, ਉਸ ਦੀ ਪਤਨੀ ਹਰਬੰਸ ਕੌਰ ਤੇ ਮਾਤਾ ਮਨਜੀਤ ਕੌਰ ਵਿਰੁੱਧ 13.5 ਲੱਖ ਰੁਪਏ ਦੀ ਠੱਗੀ ਦਾ ਕੇਸ ਦਰਜ ਕੀਤਾ ਸੀ।

## ਸੜਕ ਹਾਦਸੇ ਵਿੱਚ ਜੀਜਾ-ਸਾਲੇ ਦੀ ਮੌਤ

ਕੁਹਾੜਾ, 27 ਮਈ (ਪੋਸਟ ਬਿਊਰੋ)- ਚੰਡੀਗੜ੍ਹ-ਲੁਧਿਆਣਾ ਰੋਡ 'ਤੇ ਵਾਪਰੇ ਸੜਕ ਹਾਦਸੇ ਵਿੱਚ ਦੋ ਵਿਅਕਤੀਆਂ ਦੀ ਮੌਤ ਹੋ ਜਾਣ ਦੀ ਖਬਰ ਆਈ ਹੈ। ਇਸ ਸੜਕ ਉੱਤੇ ਹਾਦਸੇ ਆਮ ਹੀ ਹੁੰਦੇ ਰਹਿੰਦੇ ਹਨ।

ਮਿਲੀ ਜਾਣਕਾਰੀ ਅਨੁਸਾਰ ਰੁਲਦੂ ਸਿੰਘ ਪਿੰਡ ਬੁੱਢੇਵਾਲ ਤੇ ਗੁਰਭੇਜ ਸਿੰਘ ਪਿੰਡ ਜੰਡਿਆਲੀ ਮੋਟਰ ਸਾਈਕਲ 'ਤੇ ਮੋਰਿੰਡਾ ਵਿਖੇ ਦਵਾਈ ਲੈਣ ਜਾ ਰਹੇ ਸਨ ਕਿ ਚੰਡੀਗੜ੍ਹ-ਲੁਧਿਆਣਾ ਰੋਡ 'ਤੇ ਪਿੰਡ ਰਾਣਵਾਂ ਕੋਲ ਉਨ੍ਹਾਂ ਦੀ ਫਾਰਚੂਨਰ ਗੱਡੀ ਨਾਲ ਟੱਕਰ ਹੋ ਗਈ, ਜਿਸ ਕਾਰਨ ਦੋਵੇਂ ਗੰਭੀਰ ਜ਼ਖਮੀ ਹੋ ਗਏ। ਦੋਵਾਂ ਨੂੰ ਨੇੜੇ ਸਰਕਾਰੀ ਹਸਪਤਾਲ ਲਿਜਾਇਆ ਗਿਆ, ਜਿੱਥੇ ਡਾਕਟਰਾਂ ਨੇ ਦੋਵਾਂ ਨੂੰ ਮ੍ਰਿਤਕ ਕਰਾਰ ਦੇ ਦਿੱਤਾ। ਦੋਵੇਂ ਰਿਸ਼ਤੇਦਾਰੀ ਵਿੱਚ ਜੀਜਾ-ਸਾਲਾ ਸਨ। ਖਮਾਣੋਂ ਪੁਲਸ ਨੇ ਇਸ ਬਾਰੇ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਰੁਲਦੂ ਸਿੰਘ ਦੇ ਪਰਵਾਰਕ ਮੈਂਬਰਾਂ ਨੇ ਦੱਸਿਆ ਕਿ ਉਹ ਬੁੱਢੇਵਾਲ ਸ਼ੂਗਰ ਮਿਲ ਵਿੱਚ ਇਲੈਕਟ੍ਰੀਸ਼ਨਲ ਦੀ ਨੌਕਰੀ ਕਰਦਾ ਸੀ, ਉਸ ਦੇ ਦੋ ਬੱਚੇ ਹਨ।

## ਹਾਦਸੇ ਵਿੱਚ ਪਿਓ-ਧੀ ਦੀ ਮੌਤ, ਪਤਨੀ ਜ਼ਖਮੀ

ਮਲੋਟ, 27 ਮਈ (ਪੋਸਟ ਬਿਊਰੋ)- ਮਲੋਟ-ਅਬੋਹਰ ਰੋਡ ਉੱਤੇ ਕੱਲ੍ਹ ਸਵੇਰੇ ਮੋਟਰ ਸਾਈਕਲ ਤੇ ਕਾਰ ਦੀ ਟੱਕਰ ਵਿੱਚ ਇੱਕ ਪਿਤਾ ਅਤੇ ਉਸ ਦੀ ਧੀ ਦੀ ਮੌਤ ਹੋ ਗਈ ਤੇ ਉਸ ਦੀ ਪਤਨੀ ਗੰਭੀਰ ਜ਼ਖਮੀ ਹੋ ਗਈ। ਇਸ ਦੌਰਾਨ ਕਾਰ ਚਾਲਕ ਫਰਾਰ ਹੋ ਗਿਆ। ਘਟਨਾ ਸਥਾਨ 'ਤੇ ਪਹੁੰਚੀ ਥਾਣਾ ਮਲੋਟ ਪੁਲਸ ਨੇ ਜਾਂਚ ਸ਼ੁਰੂ ਕਰ ਦਿੱਤੀ ਹੈ।

ਪਿੰਡ ਤਪਾ ਖੇੜਾ ਦਾ ਅਰਵਿੰਦ ਕੁਮਾਰ ਮੋਟਰ ਸਾਈਕਲ 'ਤੇ ਪਤਨੀ ਪੂਜਾ ਤੇ ਧੀ ਰਾਸ਼ੀ ਨਾਲ ਅਬੋਹਰ ਜਾ ਰਿਹਾ ਸੀ। ਮਲੋਟ ਨੇੜੇ ਸਾਹਮਣੇ ਤੋਂ ਆਈ ਸਵਿਫਟ ਕਾਰ ਨਾਲ ਉਨ੍ਹਾਂ ਦਾ ਮੋਟਰ ਸਾਈਕਲ ਟਕਰਾ ਗਿਆ ਜਿਸ ਦੇ ਸਿੱਟੇ ਵਜੋਂ ਮੋਟਰ ਸਾਈਕਲ ਸਵਾਰ ਅਰਵਿੰਦ ਕੁਮਾਰ ਦੀ ਮੌਤ ਹੋ ਗਈ, ਉਸ ਦੀ ਪਤਨੀ ਪੂਜਾ ਤੇ ਬੇਟੀ ਰਾਸ਼ੀ ਜ਼ਖਮੀ ਹੋ ਗਈਆਂ, ਜਿਨ੍ਹਾਂ ਨੂੰ ਲੋਕਾਂ ਨੇ ਮਲੋਟ ਦੇ ਹਸਪਤਾਲ ਪਹੁੰਚਾ ਦਿੱਤਾ। ਓਥੇ ਬੇਟੀ ਰਾਸ਼ੀ ਦੀ ਹਾਲਤ ਗੰਭੀਰ ਦੇਖਦਿਆਂ ਉਸ ਨੂੰ ਅੰਮ੍ਰਿਤਸਰ ਰੈਫਰ ਕਰ ਦਿੱਤਾ, ਪਰ ਜਾਂਦੇ ਸਮੇਂ ਰਸਤੇ ਵਿੱਚ ਹੀ ਲੜਕੀ ਰਾਸ਼ੀ ਦੀ ਵੀ ਮੌਤ ਹੋ ਗਈ।

A/Z Drivers Needed/ਡਰਾਈਵਰਾਂ ਦੀ ਲੋੜ



- Team Drivers Needed Immediately
- Dedicated AutoPart Runs To Texas, Missouri, Kansas
- Permanent Schedule for whole year
- Always Go to same Shippers No Waiting at All
- Highest Pay Rate Package Plus HST
- New Model Volvo Trucks
- Paid Every Week On Friday
- 20,000 to 24,00 Miles in a Month
- Always Home At Weekends
- Can Work From Brampton, Woodstock or London

- Autoparts ਦੇ ਡੇਡੀਕੇਟਡ ਰਨ ਵਾਸਤੇ ਟੀਮ ਡਰਾਈਵਰਾਂ ਦੀ ਲੋੜ ਹੈ
- Texas, Missouri ਅਤੇ Kansas ਡੈਡੀਕੇਟਡ ਰਨ ਲਈ ਲੋੜ ਹੈ
- 2018 ਦੇ ਵੋਲਵੋ ਬਰੈਂਡ ਨੀਊ ਟਰੱਕ, ਵੀਕਐਂਡ ਹਮੇਸ਼ਾ ਘਰ
- ਹਰ ਮਹੀਨੇ 20,000 ਤੋਂ 24,000 miles ਅਤੇ Pay Every Week

"ਨਵੇਂ ਡਰਾਈਵਰ ਵੀ ਅਪਲਾਈ ਕਰ ਸਕਦੇ ਹਨ"

New Drivers Are Also Welcome, We Give Paid Training With Full Time Job

For Further Information Contact: 6476253344






# ਰਾਹੁਲ ਗਾਂਧੀ ਕਾਂਗਰਸੀ ਸਰਕਾਰਾਂ ਵਾਲੇ ਰਾਜਾਂ ਉੱਤੇ ਅੱਗੇ ਤੋਂ ਅੱਖ ਰੱਖਣਗੇ

ਰਾਏਪੁਰ, 27 ਮਈ (ਪੋਸਟ ਬਿਊਰੋ)- ਕਾਂਗਰਸ ਸਰਕਾਰਾਂ ਵਾਲੇ ਰਾਜਾਂ ਵਿੱਚ ਵੀ ਕਾਂਗਰਸ ਦੀ ਕਰਾਰੀ ਹਾਰ ਨੇ ਸੰਗਠਨ ਵਿੱਚ ਬਦਲਾਅ ਤੇ ਸਰਕਾਰਾਂ ਦੇ ਕੰਮ ਦੀ ਨਵੇਂ ਸਿਰੇ ਤੋਂ ਸਮੀਖਿਆ ਦੀ ਜ਼ਰੂਰਤ 'ਤੇ ਅਗਵਾਈ ਦਾ ਧਿਆਨ ਖਿੱਚਿਆ ਹੈ। ਪਾਰਟੀ ਦੀ ਕੌਮੀ ਕਾਰਜ ਕਮੇਟੀ ਦੀ ਬੈਠਕ ਵਿੱਚ ਇਸ ਦੇ ਸੰਕੇਤ ਮੁੱਖ ਮੰਤਰੀਆਂ ਨੂੰ ਮਿਲੇ ਹਨ ਕਿ ਉਨ੍ਹਾਂ ਦੇ ਪ੍ਰਫਾਰਮੈਂਸ 'ਤੇ ਹਾਈ ਕਮਾਨ ਅੱਖ ਰੱਖੇਗੀ ਅਤੇ ਪ੍ਰਧਾਨ ਰਾਹੁਲ ਗਾਂਧੀ ਪੂਰਾ ਧਿਆਨ ਸੰਗਠਨ 'ਤੇ ਦੇਣਗੇ।



ਪਤਾ ਲੱਗਾ ਹੈ ਕਿ ਰਾਹੁਲ ਗਾਂਧੀ ਛੱਤੀਸਗੜ੍ਹ ਸਮੇਤ ਕਾਂਗਰਸ ਸਰਕਾਰਾਂ ਵਾਲੇ ਰਾਜਾਂ ਦੇ ਆਸਰੇ ਅਗਲੇ ਪੰਜ ਸਾਲ ਪਾਰਟੀ ਦੀ ਬ੍ਰਾਂਡਿੰਗ ਕਰਨਗੇ। ਇਸ ਕਾਰਨ ਰਾਜਾਂ ਦੀ ਕਾਂਗਰਸ ਸਰਕਾਰਾਂ ਨੂੰ ਨਾ ਕੇਵਲ ਕੰਮ ਕਰ ਕੇ ਦਿਖਾਉਣਾ ਹੋਵੇਗਾ, ਬਲਕਿ ਜਨਤਾ ਨਾਲ ਕੀਤੇ ਹਰ ਵਾਅਦੇ ਨੂੰ ਪੂਰਾ ਕਰਨਾ ਹੋਵ-ੇਗਾ। ਲੋਕ ਸਭਾ ਚੋਣਾਂ ਵਿੱਚ ਰਾਹੁਲ ਨੇ ਪੰਜ ਮਹੀਨੇ ਪਹਿਲਾਂ ਤਿੰਨ ਰਾਜਾਂ ਵਿੱਚ ਬਣੀ ਕਾਂਗਰਸ ਸਰਕਾਰ ਦੇ ਕੰਮ ਦੀ ਜੰਮ ਕੇ ਬ੍ਰਾਂਡਿੰਗ ਕੀਤੀ। ਖਾਸ ਕਰ ਕੇ ਛੱਤੀਸਗੜ੍ਹ ਤੇ ਮੱਧ ਪ੍ਰਦੇਸ਼ ਦਾ ਨਾਂਅ ਰਾਹੁਲ ਨੇ ਜ਼ਿਆਦਾਤਰ ਥਾਵਾਂ 'ਤੇ ਲਿਆ। ਦੂਸਰੇ ਰਾਜਾਂ ਦੇ ਕਿਸਾਨਾਂ ਨੂੰ ਦੱਸਿਆ ਕਿ ਕਾਂਗਰਸ ਸਰਕਾਰਾਂ ਵਾਲੇ ਰਾਜਾਂ ਵਿੱਚ ਕਿਸਾਨਾਂ ਦਾ ਕਰਜ਼ਾ ਮੁਆਫ ਕੀਤਾ ਗਿਆ ਹੈ। ਜਿਨ੍ਹਾਂ ਤਿੰਨ ਰਾਜਾਂ ਦੀ ਰਾਹੁਲ ਨੇ ਬ੍ਰਾਂਡਿੰਗ ਕੀਤੀ, ਕਾਂਗਰਸ ਦਾ ਪ੍ਰਦਰਸ਼ਨ ਓਥੇ ਨਿਰਾਸ਼ਾ ਜਨਕ ਰਿਹਾ। ਰਾਜਸਥਾਨ ਵਿੱਚ ਜ਼ੀਰੋ, ਮੱਧ ਪ੍ਰਦੇਸ਼ ਵਿੱਚ ਇੱਕ ਅਤੇ ਛੱਤੀਸਗੜ੍ਹ ਵਿੱਚ ਦੋ ਸੀਟਾਂ ਹੀ ਮਿਲ ਸਕੀਆਂ। ਰਾਹੁਲ ਨੇ ਸੰਕੇਤ ਦਿੱਤਾ ਹੈ ਕਿ ਉਹ ਰਾਜਾਂ ਦੀ ਕਾਂਗਰਸ ਸਰਕਾਰ ਦੇ ਕੰਮ 'ਤੇ ਨਜ਼ਰ ਰੱਖਣਗੇ। ਬੀਤੇ ਦਿਨੀਂ ਕਾਰਜਕਾਰੀ ਕਮੇਟੀ ਬੈਠਕ ਵਿੱਚ ਰਾਹੁਲ ਨੇ ਰਾਜਸਥਾਨ ਦੇ ਮੁੱਖ ਮੰਤਰੀ ਅਸ਼ੋਕ ਗਹਿਲੋਤ, ਮੱਧ ਪ੍ਰਦੇਸ਼ ਦੇ ਮੁੱਖ ਮੰਤਰੀ ਕਮਲਨਾਥ ਅਤੇ ਛੱਤੀਸਗੜ੍ਹ ਦੇ ਮੁੱਖ ਮੰਤਰੀ ਭੂਪੇਸ਼ ਬਘੇਲ ਨੂੰ ਕਿਹਾ ਹੈ ਕਿ ਉਹ ਪੂਰੀ ਤਰ੍ਹਾਂ ਨਾਲ ਚੰਗੀ ਅਤੇ ਜਨਹਿਤ ਵਾਲੀ ਸਰਕਾਰ ਚਲਾਉਣ 'ਤੇ ਧਿਆਨ ਦੇਣ।

# ਥਾਣੇ ਵਿੱਚ ਔਰਤ ਨੂੰ ਬੈਲਟ ਨਾਲ ਕੁੱਟਣ ਦੀ ਵੀਡੀਓ ਵਾਇਰਲ

## * ਦੋ ਪੁਲਿਸ ਵਾਲੇ ਸਸਪੈਂਡ, ਤਿੰਨ ਨੌਕਰੀ ਤੋਂ ਕੱਢੇ

ਫ਼ਰੀਦਾਬਾਦ, 27 ਮਈ (ਪੋਸਟ ਬਿਊਰੋ)- ਆਦਰਸ਼ ਨਗਰ ਥਾਣੇ ਵਿੱਚ ਪੁਲਿਸ ਵਾਲਿਆਂ ਵੱਲੋਂ ਥਾਣਾ ਕੰਪਲੈਕਸ ਵਿੱਚ ਇਕ ਔਰਤ ਨੂੰ ਬੈਲਟ ਨਾਲ ਕੁੱਟਣ ਦਾ ਵੀਡੀਓ ਵਾਇਰਲ ਹੋਣ ਦਾ ਨੋਟਿਸ ਲੈਂਦੇ ਹੋਏ ਪੁਲਿਸ ਕਮਿਸ਼ਨਰ ਨੇ ਦੋ ਹੈੱਡ ਕਾਂਸਟੇਬਲ ਬਲਦੇਵ ਤੇ ਰੋਹਿਤ ਨੂੰ ਸਸਪੈਂਡ ਕਰ ਦਿੱਤਾ ਅਤੇ ਤਿੰਨ ਐੱਸ ਪੀ ਓ ਕ੍ਰਿਸ਼ਨ, ਹਰਪਾਲ ਤੇ ਦਿਨੇਸ਼ ਨੂੰ ਨੌਕਰੀ ਤੋਂ ਕੱਢ ਦਿੱਤਾ ਹੈ। ਇਹ ਘਟਨਾ ਪਿਛਲੇ ਸਾਲ ਅਕਤੂਬਰ 2018 ਹੋਈ ਸੀ।



ਪਤਾ ਲੱਗਾ ਹੈ ਕਿ ਆਦਰਸ਼ ਨਗਰ ਪੁਲਿਸ ਨੂੰ ਸੂਚਨਾ ਮਿਲੀ ਸੀ ਕਿ ਪਾਰਕ ਵਿਚ ਇਕ ਆਦਮੀ ਅਤੇ ਔਰਤ ਕੁਝ ਗ਼ਲਤ ਕੰਮ ਕਰ ਰਹੇ ਹਨ। ਜਦੋਂ ਪੁਲਿਸ ਪਹੁੰਚੀ ਤਾਂ ਉਸ ਨੂੰ ਦੇਖ ਕੇ ਆਦਮੀ ਦੌੜ ਗਿਆ ਤੇ ਔਰਤ ਫੜੀ ਗਈ। ਉਸ ਨੂੰ ਥਾਣੇ ਲਿਆ ਕੇ ਪੁੱਛਗਿੱਛ ਵਿਚ ਪੁਲਿਸ ਵਾਲਿਆਂ ਨੇ ਦੁਰ-ਵਿਹਾਰ ਕੀਤਾ ਤੇ ਬੈਲਟ ਨਾਲ ਕੁੱਟਿਆ ਸੀ। ਇਸੇ ਕੁੱਟ ਦੀ ਇਕ ਵੀਡੀਓ ਅੱਜ ਕੱਲ੍ਹ ਵਾਇਰਲ ਹੋਈ ਹੈ। ਚਾਰ ਮਿੰਟ 24 ਸੈਕਿੰਡ ਦੀ ਵੀਡੀਓ ਵਿਚ ਪੁਲਿਸ ਵਾਲੇ ਔਰਤ ਨੂੰ ਬੈਲਟ ਨਾਲ ਕੁੱਟਦੇ ਨਜ਼ਰ ਆਉਂਦੇ ਹਨ ਅਤੇ ਦੇਖ ਕੇ ਲਗਦਾ ਹੈ ਕਿ ਥਾਣੇ ਵਿਚ ਔਰਤ ਦੀ ਕੁੱਟਮਾਰ ਸ਼ਾਮ ਨੂੰ ਹੋਈ ਸੀ। ਔਰਤ ਕੁਝ ਕਹਿੰਦੀ ਹੈ, ਪਰ ਪੁਲਿਸ ਵਾਲੇ ਉਸ ਨੂੰ ਕੁੱਟਣਾ ਬੰਦ ਨਹੀਂ ਕਰਦੇ। ਪੁਲਿਸ ਕਮਿਸ਼ਨਰ ਸੰਜੇ ਕੁਮਾਰ ਅਨੁਸਾਰ ਉਨ੍ਹਾਂ ਦੇ ਨੋਟਿਸ ਵਿਚ ਮਾਮਲਾ ਆਉਣ ਪਿੱਛੋਂ ਇਸ ਬਾਰੇ ਤੁਰੰਤ ਕਾਰਵਾਈ ਕੀਤੀ ਗਈ ਹੈ। ਵਧੀਕ ਐੱਸ ਐੱਚ ਓ ਰਜਿੰਦਰ ਸਿੰਘ ਦੀ ਸ਼ਿਕਾਇਤ ਉੱਤੇ ਹੈੱਡ ਕਾਂਸਟੇਬਲ ਬਲਦੇਵ ਤੇ ਰੋਹਿਤ ਅਤੇ ਤਿੰਨ ਐੱਸ ਪੀ ਓ ਕ੍ਰਿਸ਼ਨ, ਹਰਪਾਲ ਤੇ ਦਿਨੇਸ਼ ਦੇ ਖ਼ਿਲਾਫ਼ ਕੇਸ ਉਸੇ ਥਾਣੇ ਵਿਚ ਦਰਜ ਕੀਤਾ ਗਿਆ ਹੈ, ਜਿਸ ਵਿਚ ਇਹ ਪੁਲਿਸ ਵਾਲੇ ਤਾਇਨਾਤ ਸਨ।

## ਯੂਨੈਸਕੋ ਦੀ ਹੈਰੀਟੇਜ ਸੂਚੀ ਵਿੱਚ ਓਰਛਾ ਦੇ ਇਤਿਹਾਸਕ ਟਿਕਾਣੇ ਸ਼ਾਮਲ ਹੋਣਗੇ

ਨਵੀਂ ਦਿੱਲੀ, 27 ਮਈ (ਪੋਸਟ ਬਿਊਰੋ)- ਬੁੰਦੇਲਾ ਰਾਜਵੰਸ਼ ਦੀ ਅਨੋਖੀ ਵਾਸਤੂ ਸ਼ਿਲਪ ਨੂੰ ਪੇਸ਼ ਕਰਦੀਆਂ ਮੱਧ ਪ੍ਰਦੇਸ਼ ਦੇ ਓਰਛਾ ਦੀਆਂ ਇਤਿਹਾਸਕ ਵਿਰਾਸਤਾਂ ਨੂੰ ਯੂ ਐੱਨ ਸਿਖਿਅਕ, ਵਿਗਿਆਨੀ ਅਤੇ ਸੰਸਕ੍ਰਿਤਕ ਸੰਗਠਨ (ਯੂਨੈਸਕੋ) ਦੀਆਂ ਵਿਰਾਸਤਾਂ ਦੀ ਅਸਥਾਈ ਸੂਚੀ ਵਿੱਚ ਸ਼ਾਮਲ ਕੀਤਾ ਗਿਆ ਹੈ।

ਭਾਰਤੀ ਪੁਰਾਤੱਤਵ ਸਰਵੇਖਣ (ਏ ਐਸ ਆਈ) ਦੇ ਇੱਕ ਅਫਸਰ ਨੇ ਦੱਸਿਆ ਕਿ ਓਰਛਾ ਦੀਆਂ ਇਨ੍ਹਾਂ ਪ੍ਰਾਚੀਨ ਅਤੇ ਇਤਿਹਾਸਕ ਵਿਰਾਸਤਾਂ ਦੀ ਚੋਣ ਕਰ ਕੇ ਇਤਿਹਾਸਕ ਤੱਥਾਂ ਦੇ ਵੇਰਵੇ ਨਾਲ (ਏ ਐੱਸ ਆਈ) ਨੇ ਯੂਨੈਸਕੋ ਨੂੰ 15 ਅਪ੍ਰੈਲ 2019 ਨੂੰ ਪ੍ਰਸਤਾਵ ਭੇਜਿਆ ਸੀ। ਕਿਸੇ ਇਤਿਹਾਸਕ ਵਿਰਾਸਤ ਜਾਂ ਸਥਾਨ ਦਾ, ਵਿਸ਼ਵ ਵਿਰਾਸਤ ਸਥਾਨਾਂ ਦੀ ਸੂਚੀ ਵਿੱਚ ਜਗ੍ਹਾ ਪਾਉਣ ਤੋਂ ਪਹਿਲਾਂ ਅਸਥਾਈ ਸੂਚੀ ਵਿੱਚ ਸ਼ਾਮਲ ਹੋਣਾ ਜ਼ਰੂਰੀ ਹੈ। ਅਸਥਾਈ ਸੂਚੀ ਵਿੱਚ ਸ਼ਾਮਲ ਹੋਣ ਤੋਂ ਬਾਅਦ ਨਿਯਮਾਂ ਮੁਤਾਬਕ ਵੱਖ ਵੱਖ ਰਸਮਾਂ ਪੂਰੀਆਂ ਕਰ ਕੇ ਮੁੱਖ ਪ੍ਰਸਤਾਵ ਯੂਨੈਸਕੋ ਨੂੰ ਭੇਜਿਆ ਜਾਵੇਗਾ। ਇਸ ਤੋਂ ਪਹਿਲਾਂ (ਏ ਐੱਸ ਆਈ) ਦੇ ਪ੍ਰਸਤਾਵ ਵਿੱਚ ਓਰਛਾ ਦੀਆਂ ਇਤਿਹਾਸਕ ਵਿਰਾਸਤਾਂ ਨੂੰ ਸੰਸਕ੍ਰਿਤਕ ਵਿਰਾਸਤ ਦੇ ਵਰਗ ਵਿੱਚ ਸ਼ਾਮਲ ਕੀਤੇ ਜਾਣ ਦੀ ਬੇਨਤੀ ਕੀਤੀ ਗਈ ਸੀ।

ਓਰਛਾ ਮੱਧ ਪ੍ਰਦੇਸ਼ ਦੇ ਟੀਕਮਗੜ੍ਹ ਜ਼ਿਲ੍ਹੇ ਤੋਂ 80 ਕਿਲੋਮੀਟਰ ਅਤੇ ਝਾਂਸੀ ਤੋਂ 15 ਕਿਲੋਮੀਟਰ ਦੂਰ ਬੇਤਵਾ ਨਦੀ ਦੇ ਕੰਢੇ ਉਤੇ ਹੈ। ਬੁੰਦੇਲਾ ਰਾਜਾ ਪ੍ਰਤਾਪ ਸਿੰਘ ਨੇ ਇੰਜੀਨੀਅਰਿੰਗ ਤੇ ਸਿੰਚਾਈ ਨਾਲ ਜੁੜੇ ਕਈ ਪ੍ਰੋਜੈਕਟਾਂ ਦਾ ਡਿਜ਼ਾਈਨ ਤਿਆਰ ਕਰਨ ਵਿੱਚ ਅਹਿਮ ਭੂਮਿਕਾ ਨਿਭਾਈ ਸੀ। ਬੁੰਦੇਲਾ ਰਾਜ ਦੌਰਾਨ ਹੀ ਓਰਛਾ ਵਿੱਚ ਬੁੰਦੇਲੀ ਰਾਜਗੀਰੀ ਕਲਾ ਦਾ ਵਿਕਾਸ ਹੋਇਆ। ਓਰਛਾ ਵਿੱਚ ਬੁੰਦੇਲੀ ਰਾਜਗੀਰੀ ਦੇ ਨਮੂਨੇ ਸਪੱਸ਼ਟ ਮਿਲਦੇ ਹਨ, ਜਿਸ ਵਿੱਚ ਇਥੋਂ ਦੀਆਂ ਇਮਾਰਤਾਂ, ਮੰਦਰ, ਮਹਿਲ, ਬਗੀਚੇ ਸ਼ਾਮਲ ਹਨ। ਇਨ੍ਹਾਂ ਵਿੱਚ ਰਾਜਪੂਤ ਤੇ ਮੁਗ਼ਲ ਰਾਜਗੀਰੀ ਦਾ ਮਿਸ਼ਰਣ ਦੇਖਣ ਨੂੰ ਮਿਲਦਾ ਹੈ।

## ਕੇਰਲਾ ਦੇ ਚਰਚ ਦੇ ਮੁਖੀ ਉੱਤੇ ਜਾਅਲਸਾਜ਼ੀ ਕਰਨ ਦਾ ਦੋਸ਼

ਕੋਚੀ, 27 ਮਈ (ਪੋਸਟ ਬਿਊਰੋ)- ਕੇਰਲਾ ਦੇ ਪ੍ਰਭਾਵਸ਼ਾਲੀ ਸਿਰੀ-ਮਾਲਾ-ਬਾਰ ਕੈਥੋਲਿਕ ਚਰਚ 'ਤੇ ਸੰਕਟ ਛਾ ਗਿਆ ਹੈ, ਕਿਉਂਕਿ ਆਰਕਿਓਡੀਸੀ (ਪ੍ਰਮੁੱਖ ਪਾਦਰੀ ਦੇ ਪ੍ਰਬੰਧ ਖੇਤਰ) ਦੇ ਪਾਦਰੀਆਂ ਨੇ ਕੱਲ੍ਹ ਸਮੂਹਿਕ ਪ੍ਰਾਰਥਨਾ ਦੌਰਾਨ ਇੱਕ ਪੱਤਰ ਪੜ੍ਹਿਆ, ਜਿਸ ਵਿੱਚ ਪਾਦਰੀਆਂ ਦੇ ਗਰੁੱਪ ਉੱਤੇ ਕੇਸ ਬਾਰੇ ਚਰਚਾਂ ਦੇ ਪ੍ਰਮੁੱਖ ਕਾਰਡੀਨਲ ਜਾਰਜ ਏਲੇਨੇਚੇਰੀ 'ਤੇ ਦੋਸ਼ ਲਾਇਆ ਗਿਆ ਹੈ। ਪਾਦਰੀਆਂ ਦਾ ਇਹ ਕਦਮ ਏਲੇਨੇਚੇਰੀ ਦੇ ਖਿਲਾਫ ਜਾਅਲੀ ਬੈਂਕ ਦਸਤਾਵੇਜ਼ ਬਣਾਉਣ ਬਾਰੇ 24 ਸਾਲਾ ਨੌਜਵਾਨ ਦੀ ਗਿਰਫਤਾਰੀ ਦੇ ਬਾਅਦ ਸਾਹਮਣੇ ਆਇਆ ਹੈ।

ਅਲੇਨੇਚੇਰੀ ਏਥੇ ਏਰਨਾਕੁਲਮ-ਅੰਗਾਮਾਲੀ ਚਰਚ ਦੇ ਪ੍ਰਮੁੱਖ ਆਰਕਬਿਸ਼ਪ ਹਨ। ਏਰਨਾਕੁਲਮ ਖੇਤਰ ਦੇ ਵਿਕਰ ਜਨਰਲ (ਰੋਮਨ ਕੈਥੋਲਿਕ ਚਰਚ ਬਿਸ਼ਪ ਦੇ ਸਹਾਇਕ) ਅੰਗਾਮਾਲੀ ਆਰਕਿਓਕੋਸੀ, ਫਾਦਰ ਵਰਗੀਸ ਪੋਟਾਕਲ ਵੱਲੋਂ ਜਾਰੀ ਪੱਤਰ ਵਿੱਚ ਕਿਹਾ ਗਿਆ ਹੈ ਕਿ ਸਿਰੀ ਮਾਲਾਬਾਰ ਚਰਚ ਦੀ ਧਰਮ ਸਭਾ ਵੱਲੋਂ ਜਾਅਲਸਾਜ਼ੀ ਵਿੱਚ ਬਿਸ਼ਪ ਜੈਕਬ ਐਮ ਅਤੇ ਸੀਨੀਅਰ ਪਾਦਰੀ ਫਾਦਰ ਪਾਲ ਟੀ ਨੂੰ ਦੋਸ਼ੀ ਬਣਾਇਆ ਗਿਆ ਹੈ। ਇਸ ਪੱਤਰ ਮੁਤਾਬਕ ਦੋਸ਼ੀ ਬਣਾਏ ਗਏ ਪਾਦਰੀਆਂ ਨੂੰ ਹਰ ਸੰਭਵ ਮਦਦ ਦਿੱਤੀ ਜਾਏਗੀ। ਪੱਤਰ ਵਿੱਚ ਇੱਕ ਹੋਰ ਪਾਦਰੀ ਦੇ ਕੇਸ ਦਾ ਜ਼ਿਕਰ ਕਰਦੇ ਹੋਏ ਕਿਹਾ ਗਿਆ ਹੈ ਕਿ ਕੋਈ ਵੀ ਪਾਦਰੀ ਕਾਰਡੀਨਲ ਦੇ ਖ਼ਿਲਾਫ਼ ਕਾਗ਼ਜ਼ਾਤ ਦੀ ਜਾਅਲਸਾਜ਼ੀ ਵਿੱਚ ਸ਼ਾਮਲ ਨਹੀਂ ਹੈ।

# ਕਾਲਾ ਧਨ ਸਫੈਦ ਕਰਨ ਲਈ ਸਰਕਾਰ ਐਲੀਫੈਂਟ ਬਾਂਡ ਕੱਢੇਗੀ

ਨਵੀਂ ਦਿੱਲੀ, 27 ਮਈ (ਪੋਸਟ ਬਿਊਰੋ)- ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਵਿੱਚ ਬਣ ਰਹੀ ਨਵੀਂ ਸਰਕਾਰ ਬਾਜ਼ਾਰ ਵਿੱਚ ਨਕਦੀ ਦੀ ਕਮੀ ਦੂਰ ਕਰਨ ਲਈ ਐਲੀਫੈਂਟ ਬਾਂਡ ਲਿਆ ਸਕਦੀ ਹੈ। ਇਸ ਬਾਂਡ ਨਾਲ ਕਾਲਾ ਧਨ ਸਫੈਦ ਕੀਤਾ ਜਾ ਸਕੇਗਾ। ਜੇ ਕੋਈ ਵਿਅਕਤੀ ਐਲੀਫੈਂਟ ਬਾਂਡ ਦੇ ਤਹਿਤ ਇੱਕ ਕਰੋੜ ਦੇ ਕਾਲੇ ਧਨ ਨੂੰ ਸਫੈਦ ਕਰਨਾ ਚਾਹੇ ਤਾਂ 50 ਲੱਖ ਰੁਪਏ ਉਸ ਨੂੰ ਮਿਲਣਗੇ, ਪਰ ਉਹ ਸਫੈਦ ਧਨ ਹੋਵੇਗਾ। 50 ਲੱਖ ਰੁਪਏ ਸਰਕਾਰ ਦੇ ਖਾਤੇ ਵਿੱਚ ਪੈ ਜਾਣਗੇ। ਮੰਨਿਆ ਜਾ ਰਿਹਾ ਹੈ ਕਿ ਬਾਜ਼ਾਰ ਵਿੱਚ ਅਜੇ ਵੀ ਭਾਰੀ ਮਾਤਰਾ ਵਿੱਚ ਬਲੈਕਮਨੀ ਹੈ ਅਤੇ ਇਹ ਪਤਾ ਲਗਾਉਣਾ ਕਾਫੀ ਮੁਸ਼ਕਲ ਹੈ ਕਿ ਕਾਲਾ ਧਨ ਕਿਨ੍ਹਾਂ-ਕਿਨ੍ਹਾਂ ਲੋਕਾਂ ਦੇ ਕੋਲ ਹੈ।



ਵਪਾਰਕ ਤੇ ਉਦਯੋਗ ਮੰਤਰਾਲੇ ਦੇ ਸੂਤਰਾਂ ਮੁਤਾਬਕ ਸਰਕਾਰ ਵੱਲੋਂ ਬਣਾਈ ਉਚ ਪੱਧਰੀ ਕਮੇਟੀ ਨੇ ਐਲੀਫੈਂਟ ਬਾਂਡ ਲਿਆਉਣ ਦੀ ਸਿਫਾਰਸ਼ ਕੀਤੀ ਹੈ। ਇਹ ਕਮੇਟੀ ਆਪਣੀ ਰਿਪੋਰਟ 22 ਮਈ ਨੂੰ ਮੰਤਰਾਲੇ ਨੂੰ ਸੌਂਪ ਚੁੱਕੀ ਹੈ। ਇਸ ਕਮੇਟੀ ਵਿੱਚ ਅਰਥ ਸ਼ਾਸਤਰੀ ਸੁਰਜੀਤ ਦਾਸ, ਹਰਸ਼ਵਰਧਨ ਸਿੰਘ, ਸੀ ਆਈ ਆਈ ਦੇ ਚੰਦਰਜੀਤ ਬੈਨਰਜੀ ਸਮੇਤ ਹੋਰ ਅਫਸਰ ਸ਼ਾਮਲ ਸਨ। ਵਪਾਰਕ ਅਤੇ ਉਦਯੋਗ ਮੰਤਰਾਲੇ ਕਮੇਟੀ ਦੀ ਇਹ ਸਿਫਾਰਸ਼ 'ਤੇ ਫੈਸਲੇ ਲੈਣ ਦਾ ਅਧਿਕਾਰ ਵਿੱਤ ਮੰਤਰਾਲੇ ਦੇ ਕੋਲ ਹੈ। ਐੱਨ ਡੀ ਏ ਸਰਕਾਰ 2016 ਵਿੱਚ ਕਾਲਾ ਧਨ ਸਫੈਦ ਕਰਨ ਲਈ ਦੋ ਯੋਜਨਾਵਾਂ ਲਿਆਈ ਸੀ। ਇਨ੍ਹਾਂ ਵਿੱਚ 70,150 ਕਰੋੜ ਰੁਪਏ ਮਿਲੇ ਸਨ। ਸਭ ਤੋਂ ਪਹਿਲਾਂ ਆਈ ਡੀ ਐਸ ਲਿਆਈ ਤਾਂ 65,250 ਕਰੋੜ ਰੁਪਏ ਮਿਲੇ ਸਨ। ਫਿਰ ਸਰਕਾਰ ਪੀ ਐੱਮ ਜੀ ਕੇ ਵਾਈ ਲਿਆਈ ਸੀ। ਇਸ ਵਿੱਚ 25 ਫੀਸਦੀ ਧਨ ਨੂੰ ਸਰਕਾਰੀ ਸ਼ੇਅਰਾਂ ਵਿੱਚ ਚਾਰ ਸਾਲ ਦੇ ਲਈ ਰੱਖਣਾ ਸੀ। ਇਥੇ ਵੀ ਸਰਕਾਰ ਨੂੰ ਕੇਵਲ 4,900 ਕਰੋੜ ਰੁਪਏ ਹੀ ਮਿਲੇ।

## ਸਪਾਈਸ ਜੈੱਟ 100 ਜਹਾਜ਼ ਪਾਉਣ ਵਾਲੀ ਚੌਥੀ ਭਾਰਤੀ ਹਵਾਈ ਕੰਪਨੀ ਬਣੀ

ਮੁੰਬਈ, 27 ਮਈ (ਪੋਸਟ ਬਿਊਰੋ)- ਘਰੇਲੂ ਹਵਾਈ ਕੰਪਨੀ ਸਪਾਈਸ ਜੈਟ ਨੇ ਆਪਣੇ ਬੇੜੇ 'ਚ ਇੱਕ ਬੋਇੰਗ 737 ਜਹਾਜ਼ ਸ਼ਾਮਲ ਕਰਨ ਦਾ ਕੱਲ੍ਹ ਐਲਾਨ ਕੀਤਾ। ਇਸ ਨਾਲ ਕੰਪਨੀ ਦੇ ਬੇੜੇ ਵਿੱਚ ਜਹਾਜ਼ਾਂ ਦੀ ਗਿਣਤੀ 100 'ਤੇ ਪਹੁੰਚ ਗਈ ਹੈ। ਸਪਾਈਸ ਜੈਟ ਚੌਥੀ ਅਜਿਹੀ ਭਾਰਤੀ ਕੰਪਨੀ ਹੈ, ਜਿਸ ਦੇ ਬੇੜੇ ਵਿੱਚ ਜਹਾਜ਼ਾਂ ਦੀ ਗਿਣਤੀ 100 'ਤੇ ਪਹੁੰਚੀ ਹੈ। ਇਸ ਤੋਂ ਪਹਿਲਾਂ ਏਅਰ ਇੰਡੀਆ, ਬੰਦ ਹੋ ਗਈ ਜੈੱਟ ਏਅਰਵੇਜ਼ ਤੇ ਇੰਡੀਗੋ ਦੇ ਬੇੜੇ ਵਿੱਚ 100 ਤੋਂ ਵੱਧ ਜਹਾਜ਼ ਸਨ। ਮੌਜੂਦਾ ਸਮੇਂ ਵਿੱਚ ਅੱਠ ਘਰੇਲੂ ਹਵਾਈ ਕੰਪਨੀਆਂ ਕੋਲ ਸਾਂਝੇ ਤੌਰ 'ਤੇ 595 ਜਹਾਜ਼ ਹਨ।

## ਗਰਭਵਤੀ ਔਰਤ ਦੀ ਜਾਨ ਬਚਾਉਣ ਵਾਸਤੇ ਮੁਸਲਿਮ ਨੌਜਵਾਨ ਨੇ ਰੋਜ਼ਾ ਤੋੜਿਆ

ਨਾਗੌਰ, 27 ਮਈ (ਪੋਸਟ ਬਿਊਰੋ)- ਰਾਜਸਥਾਨ ਦੇ ਨਾਗੌਰ ਵਿੱਚ ਇਕ ਮੁਸਲਿਮ ਨੌਜਵਾਨ ਨੇ ਇੱਕ ਜ਼ਿੰਦਗੀ ਬਚਾਉਣ ਲਈ ਆਪਣਾ ਰੋਜ਼ਾ ਤੋੜ ਦਿੱਤਾ ਹੈ। ਜ਼ਿੰਦਗੀ ਤੇ ਮੌਤ ਵਿਚਾਲੇ ਝੂਲਦੀ ਹਿੰਦੂ ਗਰਭਵਤੀ ਔਰਤ ਨੂੰ 22 ਸਾਲਾ ਨੌਜਵਾਨ ਨੇ ਖ਼ੂਨ ਦੇਣ ਲਈ ਆਪਣਾ ਰੋਜ਼ਾ ਤੋੜਿਆ ਤਾਂ ਹਰ ਕੋਈ ਹੈਰਾਨ ਰਹਿ ਗਿਆ ਹੈ।

ਅਸ਼ਰਫ ਖਾਨ ਨੇ ਦੱਸਿਆ ਕਿ ਉਹ ਭਾਰਤੀ ਫੌਜ ਵਿੱਚ ਜਾ ਕੇ ਦੇਸ਼ ਦੀ ਸੇਵਾ ਕਰਨਾ ਚਾਹੁੰਦਾ ਹੈ। ਇਸ ਲਈ ਉਹ ਤਿਆਰੀ ਕਰ ਰਿਹਾ ਹੈ। ਉਨ੍ਹਾਂ ਨੇ ਦੱਸਿਆ ਕਿ ਸ਼ਨੀਵਾਰ ਨੂੰ ਸੋਸ਼ਲ ਮੀਡੀਆ ਵਿੱਚ ਇਕ ਮੈਸੇਜ਼ ਸੀ ਕਿ ਇਕ ਗਰਭਵਤੀ ਔਰਤ ਨੂੰ ਖ਼ੂਨ ਦੀ ਸਖ਼ਤ ਲੋੜ ਹੈ। ਸਾਵਿਤਰੀ ਦੇਵੀ ਨਾਂ ਦੀ ਔਰਤ ਹਸਪਤਾਲ ਵਿੱਚ ਸੀ। ਉਸ ਨੂੰ ਬੀ ਨੈਗੇਟਿਵ ਬਲੱਡ ਦੀ ਲੋੜ ਸੀ ਤੇ ਉਸ ਦਾ ਹੀਮੋਗਲੋਬਿਨ ਲਗਾਤਾਰ ਘਟ ਰਿਹਾ ਸੀ। ਉਹ ਚੁਰੂ ਜ਼ਿਲੇ ਦੇ ਸੁਜਾਨਗੜ੍ਹ ਵਿਚ ਜ਼ਿਲਾ ਹਸਪਤਾਲ ਵਿੱਚ ਸੀ। ਅਸ਼ਰਫ਼ ਨੇ ਦੱਸਿਆ, 'ਮੈਂ ਜਦੋਂ ਮੈਸੇਜ਼ ਦੇਖਿਆ ਤਾਂ ਤੁਰੰਤ ਫੈਸਲਾ ਲਿਆ ਕਿ ਮੈਂ ਉਸ ਨੂੰ ਖ਼ੂਨ ਡੋਨੇਟ ਕਰਾਂਗਾ। ਮੈਂ ਮੈਸੇਜ਼ ਵਿੱਚ ਲਿਖੇ ਨੰਬਰ ਸੰਪਰਕ ਕੀਤਾ ਅਤੇ ਦੱਸਿਆ ਕਿ ਮੇਰਾ ਰੋਜ਼ਾ ਹੈ, ਇਸ ਲਈ ਮੈਂ ਸ਼ਾਮ ਵੇਲੇ ਰੋਜ਼ਾ ਖੋਲ੍ਹਣ ਤੋਂ ਬਾਅਦ ਬਲੱਡ ਦੇਣ ਆਵਾਂਗਾ, ਪਰ ਪਰਿਵਾਰ ਨੇ ਦੱਸਿਆ ਕਿ ਡਾਕਟਰਾਂ ਨੇ ਬਲੱਡ ਦੀ ਤੁਰੰਤ ਲੋੜ ਦੱਸੀ ਹੈ। ਸਾਵਿਤਰੀ ਦੀ ਸਿਹਤ ਖਰਾਬ ਹੋ ਰਹੀ ਹੈ।' ਅਸ਼ਰਫ ਨੂੰ ਸਮਝ ਨਹੀਂ ਆ ਰਿਹਾ ਸੀ ਕਿ ਕੀ ਕਰੇ। ਉਸ ਨੇ ਇਕ ਪਲ ਸੋਚਿਆ ਅਤੇ ਫਿਰ ਤੈਅ ਕੀਤਾ ਕਿ ਉਹ ਔਰਤ ਨੂੰ ਤੁਰੰਤ ਖ਼ੂਨ ਦੇਣ ਜਾਵੇਗਾ, ਇਸ ਲਈ ਭਾਵੇਂ ਰੋਜ਼ਾ ਵੀ ਤੋੜਨਾ ਪਏ। ਉਹ ਹਸਪਤਾਲ ਗਿਆ ਅਤੇ ਔਰਤ ਨੂੰ ਬਲੱਡ ਦੇਣ ਲਈ ਆਪਣਾ ਰੋਜ਼ਾ ਤੋੜ ਦਿੱਤਾ।

# 433 ਸਾਲ ਪਿੱਛੋਂ ਬੀਰਬਲ ਦੀ ਸਾਰ ਲਈ

ਜਮਨਾਨਗਰ, 27 ਮਈ (ਪੋਸਟ ਬਿਊਰੋ)- ਲਗਭਗ 433 ਸਾਲ ਬਾਅਦ ਕਿਸੇ ਸਰਕਾਰ ਨੇ ਮੁਗਲ ਬਾਦਸ਼ਾਹ ਅਕਬਰ ਦੇ ਨੌਂ ਰਤਨਾਂ ਵਿੱਚੋਂ ਇੱਕ ਬੀਰਬਲ ਦੀ ਸਾਰ ਲੈਂਦੇ ਹੋਏ ਉਸ ਦੇ ਜੱਦੀ ਪਿੰਡ ਬੂੜੀਆ ਵਿੱਚ ਯਾਦਗਾਰ ਬਣਾਉਣ ਅਤੇ ਉਸ ਦੀਆਂ ਹੋਰ ਨਿਸ਼ਾਨੀਆਂ ਦੀ ਸਾਂਭ ਸੰਭਾਲ ਦੀ ਕੋਸ਼ਿਸ਼ ਸ਼ੁਰੂ ਕਰ ਦਿੱਤੀ ਹੈ।

ਮੁੱਖ ਮੰਤਰੀ ਮਨੋਹਰ ਲਾਲ ਖੱਟਰ ਨੇ ਯੋਧਾ ਸਮਾਰਕ ਕਮੇਟੀ ਵੱਲੋਂ ਆਯੋਜਤ ਇੱਕ ਪ੍ਰੋਗਰਾਮ ਵਿੱਚ ਐਲਾਨ ਕੀਤਾ ਸੀ ਕਿ ਸਰਕਾਰ ਬੂੜੀਆ ਵਿੱਚ ਬੀਰਬਲ ਦੀ ਯਾਦਗਾਰ ਬਣਾਏਗੀ ਤੇ ਉਨ੍ਹਾਂ ਨਾਲ ਜੁੜੀਆਂ ਯਾਦਾਂ ਨੂੰ ਵਿਰਾ-ਸਤ ਵਜੋਂ ਸੰਭਾਲ ਕੇ ਰੱਖੇਗੀ। ਉਨ੍ਹਾ ਨੇ ਕਿਹਾ ਕਿ ਬੀਰਬਲ ਆਮ ਆਦਮੀ ਨਹੀਂ ਸਨ, ਉਹ ਵਿਸ਼ਵ ਪ੍ਰਸਿੱਧ ਹਸਤੀ ਸਨ। ਬੀਰਬਲ ਮੁਗਲ ਸਮਰਾਟ ਅਕਬਰ ਦੇ ਮੁੱਖ ਸਲਾਹਕਾਰ ਸਨ। ਸ਼ਨੀਵਾਰ ਆਰ ਐੱਸ ਐੱਸ ਦੀ ਰਾਸ਼ਟਰੀ ਕਾਰਜਕਾਰਨੀ ਦੇ ਮੈਂਬਰ ਇੰਦਰੇਸ਼ ਨੇ ਬੂੜੀਆ ਅਤੇ ਹੋਰਨਾਂ ਇਤਿਹਾਸਕ ਸਥਾਨਾਂ ਦਾ ਦੌਰਾ ਕੀਤਾ ਅਤੇ ਕੱਲ੍ਹ ਹੋਏ ਸਨਮਾਨ ਸਮਾਰੋਹ ਵਿੱਚ ਉਨ੍ਹਾਂ ਨੇ ਹੀ ਇਹ ਮੁੱਦਾ ਉਠਾਇਆ ਸੀ ਜਿਸ ਦੇ ਜਵਾਬ ਵਿੱਚ ਮੁੱਖ ਮੰਤਰੀ ਮਨੋਹਰ ਲਾਲ ਨੇ ਇਸ ਬਾਰੇ ਕੰਮ ਕਰਨ ਦੀ ਗੱਲ ਕਹੀ ਸੀ। ਇਸ ਮੌਕੇ ਸੂਰਜ ਮੰਦਿਰ ਅਮਾਦਲਪੁਰ, ਸੁਗ ਵਿੱਚ ਸਤੀਆਂ ਦੇ ਮੰਦਰ, ਜ਼ਿਲ੍ਹੇ ਦੇ ਹੋਰ ਹਿੱਸਿਆਂ ਵਿੱਚ ਬੁੱਧ ਸਤੂਪ ਤੇ ਬੁੱਧ ਵਿਹਾਰ ਅਤੇ ਹੋਰ ਇਤਿਹਾਸਕ ਵਿਰਾਸਤਾਂ ਦੀ ਸੰਭਾਲ ਦੀ ਗੱਲ ਕਹੀ। ਉਨ੍ਹਾਂ ਕਿਹਾ ਕਿ ਉਹ ਇਸ ਖੇਤਰ ਦੇ ਬਾਰੇ ਬਹੁਤ ਕੁਝ ਜਾਣਦੇ ਹਨ, ਕਿਉਂਕਿ ਉਨ੍ਹਾਂ ਦਾ ਪ੍ਰਚਾਰਕ ਦੇ ਰੂਪ ਵਿੱਚ ਜ਼ਿਆਦਾ ਸਮਾਂ ਇਥੇ ਹੀ ਗੁਜ਼ਰਿਆ ਹੈ।

# ਸੱਤ ਸਾਲ ਪਿੱਛੋਂ ਤਲਾਕ ਰੱਦ, ਦੂਸਰੀ ਪਤਨੀ ਤੇ ਬੱਚੇ ਦਾ ਭਵਿੱਖ ਹਵਾ ਵਿੱਚ ਲਟਕਿਆ

ਨਵੀਂ ਦਿੱਲੀ, 27 ਮਈ (ਪੋਸਟ ਬਿਊਰੋ)- ਕਈ ਵਾਰ ਅਦਾਲਤ ਦੇ ਹੁਕਮ ਸੰਬੰਧਾਂ ਨੂੰ ਸੁਲਝਾਉਣ ਦੇ ਥਾਂ ਹੋਰ ਉਲਝਾ ਦਿੰਦੇ ਹਨ। ਇਸ ਦੀ ਇੱਕ ਮਿਸਾਲ ਇਹ ਮਾਮਲਾ ਹੈ ਜਿਸ ਵਿੱਚ ਉਤਰਾਖੰਡ ਹਾਈ ਕੋਰਟ ਨੇ ਸੱਤ ਸਾਲ ਬਾਅਦ ਤਲਾਕ ਦੀ ਡਿਕਰੀ ਰੱਦ ਕਰ ਕੇ ਮੁਕੱਦਮਾ ਨਵੇਂ ਸਿਰੇ ਤੋਂ ਤੈਅ ਕਰਨ ਦੇ ਲਈ ਮਾਮਲੇ ਨੂੰ ਫੈਮਿਲੀ ਕੋਰਟ ਨੂੰ ਵਾਪਸ ਭੇਜ ਦਿੱਤਾ। ਇਸ ਫੈਸਲੇ ਨਾਲ ਪੁਰਾਣਾ ਵਿਆਹ ਦੁਬਾਰਾ ਬਹਾਲ ਹੋ ਗਿਆ, ਪ੍ਰੰਤੂ ਫੈਸਲਾ ਸੰਬੰਧਾਂ ਨੂੰ ਸੁਲਝਾਉਣ ਦੀ ਥਾਂ ਉਲਝਾ ਗਿਆ ਹੈ। ਪਤੀ ਨੇ ਤਲਾਕ ਦੇ ਬਾਅਦ ਦੂਸਰਾ ਵਿਆਹ ਕਰ ਲਿਆ ਸੀ ਅਤੇ ਉਸ ਤੋਂ ਇੱਕ ਬੱਚਾ ਵੀ ਹੈ। ਇਸ ਦੇ ਬਾਅਦ ਪਤੀ ਸੁਪਰੀਮ ਕੋਰਟ ਪਹੁੰਚਿਆ ਅਤੇ ਹਾਈ ਕੋਰਟ ਦਾ ਹੁਕਮ ਰੱਦ ਕਰਨ ਦੀ ਅਪੀਲ ਕੀਤੀ ਹੈ। ਉਸ ਦੀ ਦਲੀਲ ਹੈ ਕਿ ਉਸ ਨੇ ਤਲਾਕ ਦੇ ਦੋ ਸਾਲ ਬਾਅਦ ਕਾਨੂੰਨੀ ਤੌਰ 'ਤੇ ਵਿਆਹ ਕੀਤਾ ਹੈ। ਅਜਿਹੇ ਵਿੱਚ ਬੇਕਸੂਰ ਦੂਸਰੀ ਪਤਨੀ ਅਤੇ ਬੱਚੇ ਨੂੰ ਬੇਆਸਰਾ ਕਿਵੇਂ ਛੱਡਿਆ ਜਾ ਸਕਦਾ ਹੈ। ਸੁਪਰੀਮ ਕੋਰਟ ਨੇ ਪਤੀ ਦੀ ਅਰਜ਼ੀ 'ਤੇ ਨੋਟਿਸ ਜਾਰੀ ਕੀਤਾ ਹੈ। ਓਧਰ ਪਹਿਲੀ ਪਤਨੀ ਵੀ ਸੁਪਰੀਮ ਕੋਰਟ ਪਹੁੰਚੀ ਤੇ ਉਸ ਨੇ ਨਵੇਂ ਸਿਰੇ ਤੋਂ ਸ਼ੁਰੂ ਹੋਇਆ ਤਲਾਕ ਦਾ ਕੇਸ ਉਤਰਾਖੰਡ ਦੇ ਹਰਿਦੁਆਰ ਦੀ ਅਦਾਲਤ ਤੋਂ ਕੋਲਕਾਤਾ ਟਰਾਂਸਫਰ ਕਰਨ ਨੂੰ ਕਿਹਾ ਹੈ ਕਿਉਂਕਿ ਉਹ ਕੋਲਕਾਤਾ ਵਿੱਚ ਰਹਿੰਦੀ ਹੈ। ਉਸ ਦੀ ਅਰਜ਼ੀ 'ਤੇ ਵੀ ਕੋਰਟ ਤੋਂ ਨੋਟਿਸ ਜਾਰੀ ਹੋ ਚੁੱਕਾ ਹੈ। ਦੋਵੇਂ ਕੇਸ ਇਕੱਠੇ 12 ਜੁਲਾਈ ਨੂੰ ਸੁਣੇ ਜਾਣਗੇ।




ਸੁਪਰੀਮ ਕੋਰਟ ਵਿੱਚ ਸੁਣਵਾਈ ਦੇ ਲਈ ਇਹ ਕੇਸ ਮਈ ਦੇ ਦੂਸਰੇ ਹਫਤੇ ਵਿੱਚ ਲੱਗਾ ਸੀ।

ਵਰਨਣ ਯੋਗ ਹੈ ਕਿ ਬੰਗਾਲ ਦੇ ਵਸਨੀਕ ਵਰੁਣ (ਨਕਲੀ ਨਾਂਅ) ਤੇ ਪ੍ਰਮਿਲਾ (ਨਕਲੀ ਨਾਂਅ) ਦਾ ਵਿਆਹ 2008 ਵਿੱਚ ਹੋਇਆ ਸੀ। ਕੁਝ ਦਿਨ ਬਾਅਦ ਦੋਵਾਂ ਦਾ ਝਗੜਾ ਹੋਣ ਲੱਗਾ। ਅਪ੍ਰੈਲ 2009 ਵਿੱਚ ਪਤਨੀ ਪੇਕੇ ਗਈ ਅਤੇ ਫਿਰ ਨਹੀਂ ਵਾਪਸ ਨਹੀਂ ਆਈ। ਇਸ ਦੌਰਾਨ ਉਸ ਨੇ ਅਗਸਤ 2009 ਵਿੱਚ ਇੱਕ ਬੇਟੀ ਨੂੰ ਜਨਮ ਦਿੱਤਾ। ਪਤੀ ਨੇ ਸਤੰਬਰ 2010 ਵਿੱਚ ਹਰਿਦੁਆਰ ਵਿੱਚ ਤਲਾਕ ਦਾ ਕੇਸ ਕਰ ਦਿੱਤਾ। ਕੋਰਟ ਨੇ 22 ਮਾਰਚ 2011 ਨੂੰ ਪਤੀ ਦੇ ਹੱਕ ਵਿੱਚ ਇਕਤਰਫਾ ਤਲਾਕ ਦੀ ਡਿਕਰੀ ਪਾਸ ਕਰ ਦਿੱਤੀ। ਪਤਨੀ ਨੇ ਚਾਰ ਜਨਵਰੀ 2013 ਨੂੰ ਅਰਜ਼ੀ ਦਿੱਤੀ, ਪਰ ਅਦਾਲਤ ਨੇ ਦੇਰ ਨਾਲ ਅਰਜ਼ੀ ਦੇ ਆਧਾਰ ਉੱਤੇ ਮੰਗ ਰੱਦ ਕਰ ਦਿੱਤੀ। ਪਤਨੀ ਹਾਈ ਕੋਰਟ ਪਹੁੰਚੀ ਤਾਂ ਹਾਈ ਕੋਰਟ ਨੇ 15 ਨਵੰਬਰ 2018 ਨੂੰ ਤਲਾਕ ਦੀ ਡਿਕਰੀ ਰੱਦ ਕਰ ਦਿੱਤੀ। ਪਤੀ ਵੱਲੋਂ ਪੇਸ਼ ਵਕੀਲ ਨੇ ਹਾਈ ਕੋਰਟ ਦੇ ਹੁਕਮ ਦਾ ਵਿਰੋਧ ਕਰਦੇ ਹੋਏ ਕਿਹਾ ਕਿ ਫੈਮਿਲੀ ਕੋਰਟ ਨੇ 22 ਮਾਰਚ 2011 ਨੂੰ ਉਸਦੇ ਹੱਕ ਵਿੱਚ ਤਲਾਕ ਦੀ ਇਕਤਰਫਾ ਡਿਕਰੀ ਜਾਰੀ ਕੀਤੀ ਸੀ, ਕਿਉਂਕਿ ਕਈ ਨੋਟਿਸ ਤੇ ਅਖ਼ਬਾਰ ਵਿੱਚ ਛਪਵਾਉਣ ਪਿੱਛੋਂ ਵੀ ਪਤਨੀ ਵੱਲੋਂ ਕੋਈ ਪੇਸ਼ ਨਹੀਂ ਹੋਇਆ ਸੀ। ਕਾਨੂੰਨ ਮੁਤਾਬਕ ਇਸ ਦੇ ਖਿਲਾਫ ਨੱਬੇ ਦਿਨਾਂ ਵਿੱਚ ਅਪੀਲ ਹੋਣੀ ਚਾਹੀਦੀ ਸੀ। ਜਦ ਨੱਬੇ ਦਿਨ ਵਿੱਚ ਅਪੀਲ ਨਾ ਹੋਈ ਅਤੇ ਤਲਾਕ ਨੂੰ ਦੋ ਸਾਲ ਬੀਤ ਗਏ ਤਾਂ ਕਲਾਈਂਟ ਨੇ ਕਾਨੂੰਨੀ ਰਾਏ ਲੈਣ ਪਿੱਛੋਂ ਦੂਸਰਾ ਵਿਆਹ ਕੀਤਾ ਸੀ।







# ਸਵਿੱਟਜ਼ਰਲੈਂਡ ਨੇ ਬੈਂਕਿੰਗ ਜਾਣਕਾਰੀ ਸਾਂਝੀ ਕਰਨ ਦੇ ਕੰਮ ਵਿੱਚ ਤੇਜ਼ੀ ਲਿਆਂਦੀ

ਬਰਨ, 27 ਮਈ (ਪੋਸਟ ਬਿਊਰੋ)- ਸਵਿੱਟਜ਼ਰਲੈਂਡ ਨੇ ਭਾਰਤੀਆਂ ਦੇ ਬੈਂਕ ਖਾਤਿਆਂ ਦੀ ਜਾਣਕਾਰੀ ਸਾਂਝਾ ਕਰਨ ਦੀ ਪ੍ਰਕਿਰਿਆ ਵਿੱਚ ਤੇਜ਼ੀ ਲਿਆਉਂਦੇ ਹੋਏ ਕਰੀਬ ਇੱਕ ਦਰਜਨ ਭਾਰਤੀਆਂ ਨੂੰ ਪਿਛਲੇ ਹਫਤੇ ਨੋਟਿਸ ਜਾਰੀ ਕੀਤੇ ਹਨ। ਇਸ ਬਾਰੇ ਸਵਿੱਟਜ਼ਰਲੈਂਡ ਦੇ ਅਧਿਕਾਰੀਆਂ ਨੇ ਮਾਰਚ ਤੋਂ ਲੈ ਕੇ ਸਵਿਸ ਬੈਂਕਾਂ ਦੇ ਖਾਤੇ ਰੱਖਣ ਵਾਲੇ ਆਪਣੇ ਭਾਰਤੀ ਗਾਹਕਾਂ ਨੂੰ 25 ਨੋਟਿਸ ਜਾਰੀ ਕੀਤੇ ਹਨ, ਜਿਸ ਵਿੱਚ ਉਨ੍ਹਾਂ ਨੂੰ ਭਾਰਤ ਨਾਲ ਆਪਣੇ ਵੇਰਵੇ ਸਾਂਝੇ ਕਰਨ ਦੇ ਖਿਲਾਫ ਅਪੀਲ ਲਈ ਇੱਕ ਆਖਰੀ ਮੌਕਾ ਦਿੱਤਾ ਗਿਆ ਹੈ।

ਮਿਲੀ ਸੂਚਨਾ ਅਨੁਸਾਰ ਸਵਿਸ ਬੈਂਕਾਂ ਦੇ ਵਿਦੇਸ਼ੀ ਗਾਹਕਾਂ ਦੀ ਜਾਣਕਾਰੀ ਸਾਂਝਾ ਕਰਨ ਲਈ ਸਵਿੱਟਜ਼ਰਲੈਂਡ ਸਰਕਾਰ ਦੇ ਨੋਡਲ ਵਿਭਾਗ ਫੈਡਰਲ ਟੈਕਸ ਐਡਮਿਨਿਸਟਰੇਸ਼ਨ (ਐੱਫ ਟੀ ਏ) ਵੱਲੋਂ ਜਾਰੀ ਕੀਤੇ ਨੋਟਿਸਾਂ ਤੋਂ ਪਤਾ ਲੱਗਾ ਹੈ ਕਿ ਬੀਤੇ ਮਹੀਨਿਆਂ ਵਿੱਚ ਸਵਿਸ ਸਰਕਾਰ ਨੇ ਕਈ ਦੇਸ਼ਾਂ ਨਾਲ ਜਾਣਕਾਰੀਆਂ ਸਾਂਝਾ ਕਰਨ ਦੀਆਂ ਕੋਸ਼ਿਸ਼ਾਂ ਵਧਾ ਦਿੱਤੀਆਂ ਹਨ, ਪਰ ਬੀਤੇ ਕੁਝ ਹਫਤਿਆਂ 'ਚ ਭਾਰਤ ਨਾਲ ਸੰਬੰਧਤ ਕੇਸਾਂ ਵਿੱਚ ਵਾਧਾ ਧਿਆਨ ਦੇਣ ਯੋਗ ਹੈ। 21 ਮਈ ਨੂੰ 11 ਭਾਰਤੀਆਂ ਨੂੰ ਅਜਿਹੇ ਨੋਟਿਸ ਜਾਰੀ ਹੋਏ ਹਨ। ਸਵਿਸ ਸਰਕਾਰ ਦੇ ਗਜ਼ਟ ਨੋਟੀਫਿਕੇਸ਼ਨ 'ਚ ਉਨ੍ਹਾਂ 'ਚੋਂ ਕਈਆਂ ਦੇ ਪੂਰੇ ਨਾਵਾਂ ਦੀ ਸੁਧਾਈ ਕੀਤੀ ਗਈ ਹੈ, ਨਾਂਅ ਦੇ ਸ਼ੁਰੂ ਦੇ ਅੱਖਰ, ਕੌਮੀਅਤ ਤੇ ਜਨਮ ਤਰੀਕਾਂ ਨੂੰ ਜਨਤਕ ਕੀਤਾ ਗਿਆ ਹੈ। ਜਿਨ੍ਹਾਂ ਦੋ ਭਾਰਤੀਆਂ ਦੇ ਪੂਰੇ ਨਾਂਅ ਦਿੱਤੇ ਹਨ, ਉਨ੍ਹਾਂ 'ਚੋਂ ਇੱਕ ਕ੍ਰਿਸ਼ਨ ਭਗਵਾਨ ਰਾਮਚੰਦ (ਜਨਮ ਤਰੀਕ ਮਈ 1949) ਤੇ ਕਲਪੇਸ਼ ਹਰਸ਼ਦ ਕਿਨਾਰੀਵਾਲਾ (ਜਨਮ ਤਰੀਕ ਸਤੰਬਰ 1972) ਸ਼ਾਮਲ ਹਨ। ਉਨ੍ਹਾਂ ਬਾਰੇ ਕੋਈ ਹੋਰ ਜਾਣਕਾਰੀ ਦਾ ਖੁਲਾਸਾ ਨਹੀਂ ਕੀਤਾ ਗਿਆ।

# ਪਾਕਿਸਤਾਨ ਵਿੱਚ 'ਗੁਰੂ ਨਾਨਕ ਮਹਿਲ' ਢਾਹ ਦਿੱਤਾ ਗਿਆ

## * ਕੀਮਤੀ ਸਾਮਾਨ ਚੋਰੀ, ਪ੍ਰਧਾਨ ਮੰਤਰੀ ਤੋਂ ਕਾਰਵਾਈ ਦੀ ਮੰਗ



ਲਾਹੌਰ, 27 ਮਈ (ਪੋਸਟ ਬਿਊਰੋ)- ਪਾਕਿਸਤਾਨ ਦੇ ਪੰਜਾਬ ਰਾਜ ਵਿੱਚ ਕੁਝ ਸਥਾਨਕ ਲੋਕਾਂ ਨੇ ਸਦੀਆਂ ਪੁਰਾਣੇ 'ਗੁਰੂ ਨਾਨਕ ਮਹਿਲ' ਦਾ ਵੱਡਾ ਹਿੱਸਾ ਤੋੜ ਦਿੱਤਾ ਅਤੇ ਮਹਿਲ ਦੇ ਕੀਮਤੀ ਖਿੜਕੀਆਂ-ਦਰਵਾਜ਼ੇ ਵੇਚ ਦਿੱਤੇ ਹਨ। ਦੱਸਿਆ ਜਾ ਰਿਹਾ ਹੈ ਕਿ ਔਕਾਫ਼ ਵਿਭਾਗ ਦੇ ਅਧਿਕਾਰੀਆਂ ਦੀ ਸ਼ਹਿ ਉਤੇ ਸਥਾਨਕ ਲੋਕਾਂ ਨੇ ਇਹ ਕੰਮ ਕੀਤਾ ਹੈ।

ਅਖਬਾਰ 'ਡਾਨ' ਦੀ ਰਿਪੋਰਟ ਅਨੁਸਾਰ ਇਸ ਚਾਰ ਮੰਜ਼ਿਲਾ ਇਮਾਰਤ ਦੀਆਂ ਕੰਧਾਂ ਉਤੇ ਸਿੱਖ ਧਰਮ ਦੇ ਮੋਢੀ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਇਲਾਵਾ ਹਿੰਦੂ ਰਾਜਿਆਂ ਤੇ ਰਾਜਕੁਮਾਰਾਂ ਦੀਆਂ ਤਸਵੀਰਾਂ ਲੱਗੀਆਂ ਸਨ। ਇਲਾਕੇ ਦੇ ਲੋਕਾਂ ਨੇ ਪ੍ਰਧਾਨ ਮੰਤਰੀ ਇਮਰਾਨ ਖ਼ਾਨ ਨੂੰ ਭੰਨ-ਤੋੜ ਲਈ ਜ਼ਿੰਮੇਵਾਰ ਲੋਕਾਂ ਉੱਤੇ ਕਾਰਵਾਈ ਲਈ ਬੇਨਤੀ ਕੀਤੀ ਹੈ। ਰਿਪੋਰਟ ਮੁਤਾਬਕ ਰਾਜਧਾਨੀ ਲਾਹੌਰ ਤੋਂ ਕਰੀਬ 100 ਕਿਲੋਮੀਟਰ ਦੂਰ ਨਾਰੋਵਾਲ ਸ਼ਹਿਰ ਵਿੱਚ ਚਾਰ ਸਦੀਆਂ ਪਹਿਲਾਂ 'ਬਾਬਾ ਗੁਰੂ ਨਾਨਕ ਮਹਿਲ' ਬਣਾਇਆ ਗਿਆ ਸੀ। ਇੱਥੇ ਦੁਨੀਆ ਭਰ ਦੇ ਸਿੱਖ ਆਉਂਦੇ ਹਨ। ਪਤਾ ਲੱਗਾ ਹੈ ਕਿ ਔਕਾਫ਼ ਦੇ ਅਧਿਕਾਰੀਆਂ ਨੂੰ ਇਸ ਮਹਿਲ ਦੇ ਮਾਲਿਕ ਦੀ ਜਾਣਕਾਰੀ ਨਹੀਂ ਹੈ। ਇਕ ਸਥਾਨਕ ਨਿਵਾਸੀ ਮੁਹੰਮਦ ਅਸਲਮ ਨੇ ਕਿਹਾ ਕਿ ਇਸ ਪੁਰਾਣੀ ਇਮਾਰਤ ਨੂੰ ਬਾਬਾ ਗੁਰੂ ਨਾਨਕ ਮਹਿਲ ਕਿਹਾ ਜਾਂਦਾ ਹੈ ਤੇ ਉਨ੍ਹਾਂ ਉਸ ਨੂੰ ਮਹਿਲ ਨਾਂ ਦਿੱਤਾ ਸੀ। ਇਕ ਹੋਰ ਸਥਾਨਕ ਨਿਵਾਸੀ ਮੁਹੰਮਦ ਅਸ਼ਰਫ਼ ਨੇ ਕਿਹਾ ਕਿ ਵਿਭਾਗ ਦੇ ਅਫਸਰਾਂ ਨੂੰ ਦੱਸਿਆ ਸੀ ਕਿ ਕੁਝ ਪ੍ਰਭਾਵਸ਼ਾਲੀ ਲੋਕ ਇਮਾਰਤ ਵਿੱਚ ਭੰਨਤੋੜ ਕਰ ਰਹੇ ਹਨ, ਪਰ ਕੋਈ ਕਾਰਵਾਈ ਨਹੀਂ ਕੀਤੀ ਗਈ।

# ਪਾਕਿਸਤਾਨੀ ਫੌਜ ਦੀ ਚੌਕੀ ਉੱਤੇ ਭੀੜ ਦਾ ਹਮਲਾ, ਤਿੰਨ ਜਣਿਆਂ ਦੀ ਮੌਤ



ਇਸਲਾਮਾਬਾਦ, 27 ਮਈ (ਪੋਸਟ ਬਿਊਰੋ)- ਪਾਕਿਸਤਾਨ ਦੇ ਗੜਬੜ ਵਾਲੇ ਉੱਤਰੀ ਵਜ਼ੀਰਸਤਾਨ ਦੇ ਖੇਤਰ ਵਿੱਚ ਭੜਕੀ ਹੋਈ ਭੀੜ ਨੇ ਕੱਲ੍ਹ ਆਪਣੀ ਫੌਜ ਦੀ ਚੌਕੀ 'ਤੇ ਹਮਲਾ ਕਰ ਦਿੱਤਾ। ਖਾਰਕਮਰ ਚੌਕੀ 'ਤੇ ਹੋਏ ਇਸ ਹਮਲੇ ਵਿੱਚ ਤਿੰਨ ਲੋਕ ਮਾਰੇ ਗਏ ਅਤੇ ਪੰਜ ਫੌਜੀਆਂ ਸਮੇਤ ਕੁੱਲ 15 ਜ਼ਖਮੀ ਹੋ ਗਏ। ਪਾਕਿਸਤਾਨੀ ਫੌਜ ਨੇ ਦਾਅਵਾ ਕੀਤਾ ਹੈ ਕਿ ਹਮਲਾਵਰ ਭੀੜ ਪਾਕਿਸਤਾਨੀ ਪਾਰਲੀਮੈਂਟ ਮੈਂਬਰਾਂ ਅਲੀ ਵਜ਼ੀਰ ਅਤੇ ਮੋਹਸਿਨ ਜਾਵੇਦ ਦੀ ਅਗਵਾਈ ਵਾਲੇ ਸੰਗਠਨ ਪਸ਼ਤੂਨ ਤਹਾਫੁਜ ਮੂਵਮੈਂਟ (ਪੀ ਟੀ ਐੱਮ) ਨਾਲ ਜੁੜੀ ਹੋਈ ਸੀ।

ਪਾਕਿਸਤਾਨੀ ਫੌਜ ਦੀ ਮੀਡੀਆ ਵਿੰਗ ਇੰਟਰ ਸਰਵਿਸਿਜ਼ ਪਬਲਿਕ ਰਿਲੇਸ਼ਨਜ਼ (ਆਈ ਐੱਸ ਪੀ ਆਰ) ਨੇ ਦੱਸਿਆ ਕਿ ਸੰਗਠਨ ਵੱਲੋਂ ਕੀਤੀ ਫਾਇਰਿੰਗ ਨਾਲ ਪੰਜ ਫੌਜੀ ਜ਼ਖਮੀ ਹੋਏ ਹਨ। ਫੌਜ ਵੱਲੋਂ ਕੀਤੀ ਜਵਾਬੀ ਫਾਇਰਿੰਗ ਵਿੱਚ ਤਿੰਨ ਹਮਲਾਵਰ ਮਾਰੇ ਗਏ ਅਤੇ 10 ਜ਼ਖਮੀ ਹੋਏ ਹਨ। ਫੌਜ ਦਾ ਕਹਿਣਾ ਹੈ ਕਿ ਹਮਲਾਵਰਾਂ ਦਾ ਮਕਸਦ ਪਿੱਛੇ ਜਿਹੇ ਗ੍ਰਿਫਤਾਰ ਕੀਤੇ ਗਏ ਸ਼ੱਕੀ ਅੱਤਵਾਦੀਆਂ ਤੇ ਉਨ੍ਹਾਂ ਦੇ ਮਦਦਗਾਰਾਂ ਨੂੰ ਛੁਡਾਉਣ ਲਈ ਦਬਾਅ ਬਣਾਉਣ ਦਾ ਸੀ।

ਆਈ ਐੱਸ ਪੀ ਆਰ ਦੇ ਮੁਤਾਬਕ ਅਲੀ ਵਜ਼ੀਰ ਅਤੇ ਅੱਠ ਹੋਰਨਾਂ ਨੂੰ ਭੀੜ ਨੂੰ ਉਕਸਾਉਣ ਦੇ ਦੋਸ਼ ਵਿੱਚ ਗ੍ਰਿਫਤਾਰ ਕੀਤਾ ਗਿਆ ਅਤੇ ਮੋਹਸਿਨ ਜਾਵੇਦ ਦੀ ਤਲਾਸ਼ ਕੀਤੀ ਜਾ ਰਹੀ ਹੈ। ਘਟਨਾ ਦੇ ਬਾਅਦ ਤੋਂ ਉਹ ਫਰਾਰ ਹੈ। ਘਟਨਾ ਦੇ ਬਾਅਦ ਪਾਕਿਸਤਾਨ ਦੀ ਫੌਜ ਨੇ ਇਸ ਕਾਰਵਾਈ ਦੇ ਪਿੱਛੇ ਭਾਰਤੀ ਖੁਫੀਆ ਏਜੰਸੀਆਂ ਦਾ ਹੱਥ ਹੋਣ ਦਾ ਦੋਸ਼ ਵੀ ਲਗਾਇਆ ਹੈ।

# ਲਹਿੰਦੇ ਪੰਜਾਬ ਦੀ ਇੱਕ ਹੋਰ ਵੰਡ ਵਿਰੁੱਧ ਲਾਹੌਰ ਵਿੱਚ ਲੋਕਾਂ ਦਾ ਰੋਸ ਮੁਜ਼ਾਹਰਾ

ਲਾਹੌਰ, 27 ਮਈ (ਪੋਸਟ ਬਿਊਰੋ)- ਪੰਜਾਬ ਦੀ ਇੱਕ ਹੋਰ ਤਜਵੀਜ਼ ਸ਼ੁਦਾ ਵੰਡ ਦੇ ਵਿਰੁੱਧ ਪੰਜਾਬੀਆਂ ਨੇ 'ਪੰਜਾਬੀ ਪ੍ਰਚਾਰ' ਦੇ ਬੈਨਰ ਥੱਲੇ ਕੱਲ੍ਹ ਲਾਹੌਰ ਪ੍ਰੈੱਸ ਕਲੱਬ ਦੇ ਸਾਹਮਣੇ ਰੋਸ ਮੁਜ਼ਾਹਰਾ ਕੀਤਾ। ਇਸ ਵਿੱਚ ਪਾਕਿਸਤਾਨ ਪੰਜਾਬੀ ਅਦਬੀ ਬੋਰਡ, ਦਿਲ ਦਰਿਆ ਪਾਕਿਸਤਾਨ, ਪੰਜਾਬੀ ਅਦਬੀ ਬੈਠਕ, ਪੰਜਾਬੀ ਖੋਜ ਘਰ, ਲੋਕਾਈ, ਪੰਜਾਬੀ ਅਦਬੀ ਸੰਗਤ, ਸਾਡਾ ਪੰਜਾਬ ਤੇ ਪਾਕਿਸਤਾਨ ਮਜ਼ਦੂਰ ਕਿਸਾਨ ਪਾਰਟੀ (ਪੰਜਾਬ) ਦੇ ਮੈਂਬਰ ਸ਼ਾਮਲ ਹੋਏ।

'ਡਾਅਨ' ਦੀ ਰਿਪੋਰਟ ਅਨੁਸਾਰ ਇਸ ਮੌਕੇ ਇਕੱਠ ਨੂੰ ਸੰਬੋਧਨ ਕਰਦਿਆਂ ਪੰਜਾਬੀ ਪ੍ਰਚਾਰ ਸੰਸਥਾ ਦੇ ਪ੍ਰਧਾਨ ਅਹਿਮਦ ਰਜ਼ਾ ਨੇ ਕਿਹਾ ਕਿ ਕੁਝ ਰਾਜਸੀ ਸ਼ਕਤੀਆਂ ਦੀ ਪੰਜਾਬ ਨੂੰ ਪ੍ਰਸ਼ਾਸਕੀ ਪੱਧਰ ਉੱਤੇ ਵੰਡਣ ਦੀ ਯੋਜਨਾ ਹੈ। ਜਿੱਥੋਂ ਤੱਕ ਪ੍ਰਸ਼ਾਸਨ ਦਾ ਸੰਬੰਧ ਹੈ, ਪੰਜਾਬ ਦਾ ਪ੍ਰਸ਼ਾਸਨ ਦੂਜੇ ਰਾਜਾਂ ਦੇ ਮੁਕਾਬਲੇ ਬਿਹਤਰ ਹੈ। ਉਨ੍ਹਾਂ ਕਿਹਾ ਕਿ ਰਾਜਾਂ ਦੇ ਸਾਧਨਾਂ ਦੀ ਬਰਾਬਰ ਵੰਡ ਕਰਨ ਦੀ ਥਾਂ ਪੰਜਾਬ ਨੂੰ ਵੰਡਣ ਦੀ ਇਹ ਗੰਭੀਰ ਸਾਜ਼ਿਸ਼ ਹੈ। ਕਵੀ ਮੁਸ਼ਤਾਕ ਸੂਫੀ ਨੇ ਕਿਹਾ ਕਿ ਪੰਜਾਬ ਦੀ ਭਾਸ਼ਾ ਨੂੰ ਵੰਡਣ ਲਈ ਸਾਜ਼ਿਸ਼ਾਂ ਘੜੀਆਂ ਜਾ ਰਹੀਆਂ ਹਨ। ਉਨ੍ਹਾਂ ਕਿਹਾ ਕਿ ਅਜਿਹੀ ਕਿਸੇ ਵੀ ਸਾਜ਼ਿਸ਼ ਨੂੰ ਕਾਮਯਾਬ ਨਹੀਂ ਹੋਣ ਦਿੱਤਾ ਜਾਵੇਗਾ। ਉਨ੍ਹਾਂ ਕਿਹਾ ਕਿ ਸਰਕਾਰ ਨੂੰ ਲੋਕਾਂ ਦੀਆਂ ਮੁਸ਼ਕਲਾਂ ਵਧਾਉਣ ਦੀ ਥਾਂ ਸਾਧਨ ਵਧਾਉਣੇ ਚਾਹੀਦੇ ਹਨ। ਕਵੀ ਬਾਬਾ ਨਜ਼ਮੀ ਨੇ ਕਿਹਾ ਕਿ ਪੰਜਾਬ ਆਪਣੀ ਕੌਮੀ ਪੱਧਰ ਦੇ ਬਰਾਬਰ ਪਛਾਣ ਰੱਖਦਾ ਹੈ ਅਤੇ ਇਸ ਪਛਾਣ ਨੂੰ ਖਤਮ ਕਰਨ ਦੀ ਆਗਿਆ ਨਹੀਂ ਦਿੱਤੀ ਜਾਵੇਗੀ। ਉਨ੍ਹਾਂ ਕਿਹਾ ਕਿ ਪੰਜਾਬ ਮਾਤ ਭੂਮੀ ਵਾਂਗ ਹੈ, ਇਸ ਦੀ ਵੰਡ ਦੀ ਕਿਸੇ ਕੀਮਤ ਉੱਤੇ ਆਗਿਆ ਨਹੀਂ ਦੇਵਾਂਗੇ, ਜੋ ਸਿੰਧ, ਪਖਤੂਨਖਵਾ ਤੇ ਬਲੋਚਿਸਤਾਨ ਨੂੰ ਉਥੋਂ ਦੇ ਵਾਸੀ ਪਵਿੱਤਰ ਧਰਤੀ ਦਾ ਦਰਜਾ ਦਿੰਦੇ ਹਨ ਤਾਂ ਪੰਜਾਬ ਨੂੰ ਇਹ ਦਰਜਾ ਕਿਉਂ ਨਹੀਂ ਦਿੱਤਾ ਜਾ ਸਕਦਾ। ਪ੍ਰੋਫੈਸਰ ਜਮੀਲ ਪਾਲ ਨੇ ਇਕੱਠ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਸਿਰਫ ਪੰਜਾਬ ਵਿੱਚ ਪ੍ਰਸ਼ਾਸਨਿਕ ਕੁਸ਼ਲਤਾ ਦਾ ਬਹਾਨਾ ਬਣਾ ਕੇ ਵੰਡ ਦਾ ਆਧਾਰ ਬਣਾਉਣਾ ਮੰਦ ਭਾਗਾ ਹੈ ਅਤੇ ਦੂਜੇ ਰਾਜਾਂ ਵਿੱਚ ਵੀ ਇਹੋ ਕਰਵਾਉਣੇ ਚਾਹੀਦੇ ਹਨ। ਉਨ੍ਹਾਂ ਨੇ ਲਾਹੌਰ ਅਤੇ ਦੱਖਣੀ ਪੰਜਾਬ ਦੀ ਦੂਰੀ ਨੂੰ ਵੰਡ ਦਾ ਆਧਾਰ ਬਣਾਉਣ ਦਾ ਤਰਕ ਨੂੰ ਰੱਦ ਕਰਦਿਆਂ ਕਿਹਾ ਕਿ ਕਰਾਚੀ ਤੇ ਘੋਟਕੀ ਵਿੱਚ ਵੀ ਲੰਬਾ ਫਾਸਲਾ ਹੈ।

# ਆਸਟਰੇਲੀਅਨ ਪ੍ਰਧਾਨ ਮੰਤਰੀ ਦੀ ਸਰਕਾਰ ਵਿੱਚ ਰਿਕਾਰਡ ਸੱਤ ਔਰਤਾਂ




*ਆਸਟਰੇਲੀਆ ਦੇ ਪ੍ਰਧਾਨ ਮੰਤਰੀ ਸਕਾਟ ਮਾਰੀਸਨ ਨਵੇਂ ਮੰਤਰੀ ਮੰਡਲ ਦਾ ਐਲਾਨ ਕਰਨ ਮੌਕੇ।*

ਮੈਲਬਰਨ, 27 ਮਈ (ਪੋਸਟ ਬਿਊਰੋ)- ਆਸਟਰੇਲੀਆ ਦੇ ਪ੍ਰਧਾਨ ਮੰਤਰੀ ਸਕਾਟ ਮਾਰੀਸਨ ਨੇ ਕੱਲ੍ਹ ਐਲਾਨ ਕੀਤਾ ਕਿ 22 ਮੈਂਬਰੀ ਉਨ੍ਹਾਂ ਦੇ ਨਵੇਂ ਮੰਤਰੀ ਮੰਡਲ ਵਿੱਚ ਰਿਕਾਰਡ ਸੱਤ ਔਰਤਾਂ ਹੋਣਗੀਆਂ। ਨਵਾਂ ਮੰਤਰੀ ਮੰਡਲ ਬੁੱਧਵਾਰ ਨੂੰ ਸਹੁੰ ਚੁੱਕੇਗਾ। ਪ੍ਰਧਾਨ ਮੰਤਰੀ ਮਾਰੀਸਨ ਦੀ ਅਗਵਾਈ ਵਾਲੇ ਸੱਤਾਧਾਰੀ ਕੰਜਰਵੇਟਿਵ ਗਠਜੋੜ ਨੇ ਐਗਜ਼ਿਟ ਪੋਲ ਦੇ ਨਤੀਜਿਆਂ ਨੂੰ ਨਕਾਰਦੇ ਹੋਏ ਵਿਰੋਧੀ ਧਿਰ ਲੇਬਰ ਪਾਰਟੀ ਨੂੰ ਕਰਾਰੀ ਹਾਰ ਦਿੱਤੀ, ਜਿਸ ਦੇ ਕਾਰਨ ਇਸ ਦੇ ਨੇਤਾ ਬਿਲ ਸ਼ਾਰਟਨ ਨੂੰ ਅਸਤੀਫਾ ਦੇਣਾ ਪਿਆ।

ਮਾਰੀਸਨ ਨੇ ਐਲਾਨ ਕੀਤਾ ਕਿ ਲਿੰਡਾ ਰੇਨਾਲਡਸ ਰੱਖਿਆ ਮੰਤਰੀ ਹੋਵੇਗੀ, ਬ੍ਰਿਗੇਟ ਮੈਕੇਂਜੀ ਦੇਸ਼ ਦੀ ਪਹਿਲੀ ਮਹਿਲਾ ਖੇਤੀਬਾੜੀ ਮੰਤਰੀ ਹੋਵੇਗੀ। ਰਾਜਧਾਨੀ ਕੈਨਬਰਾ ਤੋਂ ਮੀਡੀਆ ਖਬਰਾਂ ਦੇ ਹਵਾਲੇ ਨਾਲ ਮਾਰੀਸਨ ਨੇ ਕਿਹਾ, ਮੈਨੂੰ ਆਪਣੇ ਮੰਤਰਾਲੇ ਤੋਂ ਬਹੁਤ ਉਮੀਦਾਂ ਹਨ ਤੇ ਹਰ ਕਿਸੇ ਦਾ ਸਪੱਸ਼ਟ ਟੀਚਾ ਹੈ। ਪੀਟਰ ਡਟਨ ਗ੍ਰਹਿ ਮੰਤਰਾਲੇ ਵਿੱਚ ਬਣੇ ਰਹਿਣਗੇ ਅਤੇ ਜੋਏ ਹੌਕੀ ਨੇ ਆਪਣਾ ਕਾਰਜਕਾਲ ਖਤਮ ਕਰਨ ਦੇ ਬਾਅਦ ਸੀਨੇਟਰ ਆਰਥਰ ਸਿਨੋਡਿਨੋਸ ਅਮਰੀਕਾ ਵਿੱਚ ਨਵੇਂ ਰਾਜਦੂਤ ਹੋਣਗੇ। ਮੇਲਿਸਾ ਪ੍ਰਾਈਸ ਦੀ ਜਗ੍ਹਾ ਸੁਸਨ ਲੀ ਵਾਤਵਰਣ ਮੰਤਰੀ ਹੋਵੇਗੀ।

# ਵਿਕਰਮਾਸਿੰਘੇ ਨੇ ਆਈ ਐਸ ਨੂੰ ਨੱਪਣ ਦਾ ਪ੍ਰਣ ਕੀਤਾ



ਕੋਲੰਬੋ, 27 ਮਈ (ਪੋਸਟ ਬਿਊਰੋ)- ਸ੍ਰੀਲੰਕਾ ਦੇ ਪ੍ਰਧਾਨ ਮੰਤਰੀ ਰਨਿਲ ਵਿਕਰਮਾਸਿੰਘੇ ਨੇ ਦੇਸ਼ ਵਿੱਚ ਪੈਰ ਪਸਾਰ ਰਹੇ ਇਸਲਾਮਕ ਸਟੇਟ (ਆਈ ਐਸ) ਅੱਤਵਾਦ ਨੂੰ ਰੋਕਣ ਦਾ ਪ੍ਰਣ ਕੀਤਾ ਅਤੇ ਕਿਹਾ ਕਿ ਸੁਰੱਖਿਆ ਪ੍ਰਬੰਧ ਪੁਖਤਾ ਕੀਤੇ ਜਾ ਰਹੇ ਹਨ। ਉਨ੍ਹਾਂ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਕੱਟੜਵਾਦ ਦਾ ਸਮਰਥਨ ਨਾ ਕਰਨ।

ਵਿਕਰਮਾਸਿੰਘੇ ਨੇ ਕੱਲ੍ਹ ਸਮਾਜਕ ਜਥੇਬੰਦੀਆਂ ਦੇ ਨੁਮਾਇੰਦਿਆਂ ਤੇ ਟਰੇਡ ਵਰਕਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਸੁਰੱਖਿਆ ਬਲਾਂ ਤੇ ਪੁਲਸ ਨੇ ਕਰੜੀ ਕਾਰਵਾਈ ਕਰਦਿਆਂ ਈਸਟਰ ਮੌਕੇ ਹੋਏ ਧਮਾਕਿਆਂ ਲਈ ਜ਼ਿੰਮੇਵਾਰ ਸਾਰਿਆਂ ਨੂੰ ਗ੍ਰਿਫਤਾਰ ਕਰ ਲਿਆ ਹੈ। ਉਨ੍ਹਾਂ ਕਿਹਾ ਕਿ ਇਸ ਦਾ ਇਹ ਮਤਲਬ ਨਹੀਂ ਕਿ ਅੱਤਵਾਦ ਖਤਮ ਹੋ ਗਿਆ ਹੈ, ਸਗੋਂ ਕੁਝ ਵਿਸ਼ੇਸ਼ ਕਦਮ ਚੁੱਕਣ ਦੀ ਲੋੜ ਪਏਗੀ। ਪ੍ਰਧਾਨ ਮੰਤਰੀ ਨੇ ਕਿਹਾ ਕਿ ਅੱਤਵਾਦ ਵਿਰੋਧੀ ਰਣਨੀਤੀ 'ਤੇ ਵਿਚਾਰ ਕੀਤਾ ਜਾ ਰਿਹਾ ਹੈ ਤੇ ਪੂਰੀ ਕੋਸ਼ਿਸ਼ ਹੈ ਕਿ ਇਹ ਦੁਬਾਰਾ ਨਾ ਵਾਪਰੇ।

ਜ਼ਿਕਰ ਯੋਗ ਹੈ ਕਿ ਸ੍ਰੀਲੰਕਾ ਵਿੱਚ ਅੱਤਵਾਦੀਆਂ ਨੇ ਤਿੰਨ ਲਗਜ਼ਰੀ ਹੋਟਲਾਂ ਤੇ ਗਿਰਜਾਘਰਾਂ ਉੱਤੇ ਹਮਲਾ ਕੀਤਾ ਸੀ। ਇਨ੍ਹਾਂ ਲਈ ਇੱਕ ਸਥਾਨਕ ਜਿਹਾਦੀ ਗਰੁੱਪ ਨੂੰ ਜ਼ਿੰਮੇਵਾਰ ਮੰਨਿਆ ਗਿਆ ਸੀ ਤੇ ਇਸਲਾਮਕ ਸਟੇਟ ਨੇ ਵੀ ਹਮਲੇ ਦੀ ਜ਼ਿੰਮੇਵਾਰੀ ਲਈ ਸੀ। ਪ੍ਰਧਾਨ ਮੰਤਰੀ ਨੇ ਕਿਹਾ ਕਿ ਮੁਸਲਿਮ ਭਾਈਚਾਰੇ ਦੀ ਮਦਦ ਨਾਲ ਕਦਮ ਚੁੱਕੇ ਜਾ ਰਹੇ ਹਨ। ਸ਼ਰੀਆ ਯੂਨੀਵਰਸਿਟੀਆਂ ਬੰਦ ਕਰਨਾ ਤੇ ਨਾਂਅ ਦੇ ਬੋਰਡ ਸਿਰਫ ਤਿੰਨ ਮੁੱਖ ਭਾਸ਼ਾਵਾਂ ਵਿੱਚ ਲਾਉਣਾ ਇਨ੍ਹਾਂ ਵਿਚ ਸ਼ਾਮਲ ਹੈ। ਇਸ ਮੌਕੇ ਸਰਕਾਰ ਦੀ ਹਮਲੇ ਰੋਕਣ ਵਿੱਚ ਨਾਕਾਮੀ ਬਾਰੇ ਵੀ ਗੱਲ ਹੋਈ। ਮੁੱਖ ਤੌਰ 'ਤੇ ਬੁੱਧ ਧਰਮ ਵਾਲੇ ਸ੍ਰੀਲੰਕਾ ਵਿੱਚ 7.6 ਫੀਸਦੀ ਈਸਾਈ ਅਤੇ 10 ਫੀਸਦੀ ਮੁਸਲਿਮ ਹਨ।

# ਸ਼ਹਿਦ ਦੀਆਂ ਮੱਖੀਆਂ ਲਈ ਸੰਸਾਰ ਦਾ ਸਭ ਤੋਂ ਛੋਟਾ ਰੇਸਤਰਾਂ

ਸਟਾਕਹੋਮ, 27 ਮਈ (ਪੋਸਟ ਬਿਊਰੋ)- ਸਵੀਡਨ ਵਿੱਚ ਪਿੱਛੇ ਜਿਹੇ ਇੱਕ ਅਜਿਹਾ ਰੇਸਤਰਾਂ ਖੋਲ੍ਹਿਆ ਗਿਆ ਹੈ ਜਿੱਥੇ ਆਮ ਲੋਕ ਨਹੀਂ, ਸ਼ਹਿਦ ਦੀਆਂ ਮੱਖੀਆਂ ਆ ਸਕਣਗੀਆਂ। ਆਪਣੀ ਤਰ੍ਹਾਂ ਦੇ ਪਹਿਲੇ ਦੁਨੀਆ ਦੇ ਇਸ ਸਭ ਤੋਂ ਛੋਟੇ ਰੇਸਤਰਾਂ ਨੂੰ ਮੈਕਡੋਨਾਲਡ ਲਈ ਮਾਰਕੀਟਿੰਗ ਫਰਮ ਨੋਰਡ ਡੀ ਡੀ ਬੀ ਨੇ ਤਿਆਰ ਕੀਤਾ ਹੈ। ਮੈਕਹਾਈਵ ਅਸਲ ਵਿੱਚ ਸ਼ਹਿਦ ਦੀਆਂ ਮੱਖੀਆਂ ਦੇ ਲਈ ਤਿਆਰ ਬਾਕਸ ਹੈ ਜਿੱਥੇ ਉਹ ਆ ਕੇ ਆਪਣਾ ਘਰ ਬਣਾ ਸਕਦੀਆਂ ਹਨ। ਮੈਕਡੋਨਾਲਡ ਦੀ ਪਹਿਲ ਤੋਂ ਲੱਗਦਾ ਹੈ ਕਿ ਕੰਪਨੀ ਇਨ੍ਹਾਂ ਨੂੰ ਇਨਸਾਨੀ ਖਤਰਿਆਂ ਤੋਂ ਬਚਾਉਣ ਲਈ ਆਊਟਲੈਟਸ ਦੀਆਂ ਛੱਤਾਂ 'ਤੇ ਸ਼ਹਿਦ ਦੀਆਂ ਮੱਖੀਆਂ ਲਈ ਅਜਿਹੇ ਹੀ ਛੋਟੇ-ਛੋਟੇ ਘਰ ਬਣਾਏ ਸਨ, ਪਰ ਇਹ ਪਹਿਲਾ ਮੌਕਾ ਹੈ ਜਦ ਮੈਕਹਾਈਵ ਨੂੰ ਰੁੱਖਾਂ-ਪੌਦਿਆਂ ਨਾਲ ਘਿਰੇ ਘਾਹ ਦੇ ਮੈਦਾਨ ਵਿੱਚ ਰੱਖਿਆ ਗਿਆ ਹੈ। ਸਵੀਡਨ ਵਿੱਚ ਮੈਕਡੋਨਾਲਡ ਦੇ ਮਾਰਕੀਟਿੰਗ ਡਾਇਰੈਕਟਰ ਕ੍ਰਿਸਟੋਫਰ ਰਾਨਬਲਾਡ ਦੇ ਮੁਤਾਬਕ ਇਹ ਕੰਪਨੀ ਦੀ ਅੱਜ ਤੱਕ ਦੀ ਸਭ ਤੋਂ ਅਨੋਖੀ ਰਚਨਾ ਹੈ। ਇਸ ਦੇ ਬਣਨ ਨਾਲ ਸ਼ਹਿਦ ਦੀਆਂ ਮੱਖੀਆਂ ਨੂੰ ਆਪਣਾ ਘਰ ਬਣਾਉਣ ਵਿੱਚ ਪ੍ਰੇਸ਼ਾਨੀ ਨਹੀਂ ਹੋਵੇਗੀ। ਅਸਲ ਵਿੱਚ ਸ਼ਹਿਦ ਦੀਆਂ ਮੱਖੀਆਂ ਪੈਸਟੀਸਾਈਡ ਦੇ ਪ੍ਰਭਾਵ ਵਾਲ ਖੇਤਾਂ ਵਿੱਚ ਬੈਠਦੀਆਂ ਤਾਂ ਇਸ ਦੇ ਅਸਰ ਨਾਲ ਮਰ ਜਾਂਦੀਆਂ ਹਨ।

# ਬੁਲਟ ਪਰੂਫ ਵਾਹਨਾਂ ਦੀ ਖ਼ਰੀਦ ਬਾਰੇ ਨਵਾਜ਼ ਸ਼ਰੀਫ਼ ਕੋਲੋਂ ਜੇਲ੍ਹ ਵਿੱਚ ਪੁੱਛਗਿੱਛ



ਲਾਹੌਰ, 27 ਮਈ (ਪੋਸਟ ਬਿਊਰੋ)- ਭ੍ਰਿਸ਼ਟਾਚਾਰ ਦੇ ਦੋਸ਼ ਹੇਠ ਜੇਲ੍ਹ ਦੀ ਸਜ਼ਾ ਕੱਟ ਰਹੇ ਪਾਕਿਸਤਾਨ ਦੇ ਸਾਬਕਾ ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ਼ ਨਵੇਂ ਕੇਸ ਵਿੱਚ ਫਸ ਗਏ ਹਨ। ਭ੍ਰਿਸ਼ਟਾਚਾਰ ਰੋਕੂ ਏਜੰਸੀ ਕੌਮੀ ਜਵਾਬਦੇਹੀ ਬਿਊਰੋ (ਐੱਨ ਏ ਬੀ) ਨੇ ਨਾਜਾਇਜ਼ ਤਰੀਕੇ ਨਾਲ 30 ਤੋਂ ਵੱਧ ਬੁਲਟ ਪਰੂਫ ਵਾਹਨਾਂ ਦੀ ਖ਼ਰੀਦ ਕਰਨ ਦੇ ਕੇਸ ਵਿਚ ਸੋਮਵਾਰ ਨੂੰ 69 ਸਾਲਾ ਸ਼ਰੀਫ਼ ਤੋਂ ਜੇਲ੍ਹ ਵਿੱਚ ਪੁੱਛਗਿੱਛ ਕੀਤੀ ਹੈ।

ਮਿਲੀ ਜਾਣਕਾਰੀ ਅਨੁਸਾਰ ਇਸ ਪੁੱਛਗਿੱਛ ਲਈ ਐੱਨ ਏ ਬੀ ਦੀ ਚਾਰ ਮੈਂਬਰੀ ਟੀਮ ਕੋਟ ਲਖਪਤ ਜੇਲ੍ਹ ਨੂੰ ਗਈ ਸੀ। ਐੱਨ ਏ ਬੀ ਮੁਤਾਬਕ ਸਾਲ 2016 ਵਿੱਚ 19ਵੇਂ ਸਾਰਕ ਸੰਮੇਲਨ ਵਿੱਚ ਆਏ ਮਹਿਮਾਨਾਂ ਦੇ ਲਈ 34 ਬੁਲਟ ਪਰੂਫ ਕਾਰਾਂ ਜਰਮਨੀ ਤੋਂ ਖਰੀਦੀਆਂ ਗਈਆਂ ਸਨ। ਕਿਸੇ ਵੀ ਕਾਰ ਦੀ ਕਸਟਮ ਡਿਊਟੀ ਦਾ ਭੁਗਤਾਨ ਨਹੀਂ ਸੀ ਕੀਤਾ। ਇਹੀ ਨਹੀਂ, ਸ਼ਰੀਫ਼ ਨੇ ਇਨ੍ਹਾਂ ਵਿੱਚੋਂ 20 ਕਾਰਾਂ ਨੂੰ ਆਪਣੇ ਵਾਹਨਾਂ ਦੇ ਕਾਫਿਲੇ ਵਿੱਚ ਰੱਖ ਲਿਆ ਸੀ। ਸ਼ਰੀਫ਼ ਅਤੇ ਉਨ੍ਹਾਂ ਦੀ ਬੇਟੀ ਮਰੀਅਮ ਨੇ ਇਨ੍ਹਾਂ ਵਾਹਨਾਂ ਨੂੰ ਨਿੱਜੀ ਤੌਰ ਉੱਤੇ ਵਰਤਿਆ। ਇਸ ਬਾਰੇ ਸਾਬਕਾ ਪ੍ਰਧਾਨ ਮੰਤਰੀ ਤੇ ਨਵਾਜ਼ ਸ਼ਰੀਫ਼ ਦੀ ਪਾਰਟੀ ਪਾਕਿਸਤਾਨ ਮੁਸਲਿਮ ਲੀਗ-ਨਵਾਜ਼ (ਪੀ ਐੱਮ ਐੱਲ-ਐੱਨ) ਦੇ ਆਗੂ ਸ਼ਾਹਿਦ ਖਾਕਾਨ ਅੱਬਾਸੀ ਦੇ ਬਿਆਨ ਪਹਿਲਾਂ ਦਰਜ ਹੋ ਚੁੱਕੇ ਹਨ। ਐੱਨ ਏ ਬੀ ਦਾ ਕਹਿਣਾ ਹੈ ਕਿ ਵਿਦੇਸ਼ ਮੰਤਰਾਲੇ ਦੇ ਅਫਸਰਾਂ ਨੇ ਵੀ ਸ਼ਰੀਫ਼ ਪਰਿਵਾਰ ਨੂੰ ਬੁਲਟ ਪਰੂਫ ਵਾਹਨ ਅਲਾਟ ਕਰਨ ਵਿੱਚ ਅਧਿਕਾਰਾਂ ਦੀ ਦੁਰਵਰਤੋਂ ਕੀਤੀ ਸੀ। ਸ਼ਰੀਫ਼ ਅਲ-ਅਜੀਜ਼ੀਆ ਸਟੀਲ ਮਿੱਲ ਕੇਸ ਦੀ ਸਜ਼ਾ ਕੱਟ ਰਹੇ ਹਨ, ਜਿਸ ਵਿੱਚ ਐੱਨ ਏ ਬੀ ਕੋਰਟ ਨੇ ਪਿਛਲੇ ਸਾਲ 24 ਦਸੰਬਰ ਨੂੰ ਉਨ੍ਹਾਂ ਨੂੰ ਸੱਤ ਸਾਲ ਜੇਲ੍ਹ ਦੀ ਸਜ਼ਾ ਸੁਣਾਈ ਸੀ। ਪਨਾਮਾ ਪੇਪਰ ਕੇਸ ਵਿੱਚ ਸੁਪਰੀਮ ਕੋਰਟ ਵੱਲੋਂ ਸੰਵਿਧਾਨਕ ਅਹੁਦੇ ਲਈ ਅਯੋਗ ਠਹਿਰਾਏ ਜਾਣ ਪਿੱਛੋਂ ਨਵਾਜ਼ ਸ਼ਰੀਫ਼ ਨੂੰ ਜੁਲਾਈ 2017 'ਚ ਪ੍ਰਧਾਨ ਮੰਤਰੀ ਦਾ ਅਹੁਦਾ ਛੱਡਣਾ ਪਿਆ ਸੀ।

FIRST CHOICE FINANCIAL LIMITED
TRUCK LOANS
ਟੱਰਕ ਲੋਨ ਅਪਰੂਵਲ ਸਿਰਫ 2 ਘੰਟਿਆਂ ਦੇ ਅੰਦਰ-ਅੰਦਰ
ਹਰ ਤਰ੍ਹਾਂ ਦੇ ਨਵੇਂ ਤੇ ਪੁਰਾਣੇ ਟੱਰਕ ਤੇ ਟ੍ਰੇਲਰ ਦੀ Financing
- Low Down payment/Flexible Terms
- Large Inventory of New Trucks & Trailers
- Quick Approvals
- Honest Service
- Best Rate in Town
- Offices all over Canada
For more Information Contact
Rajdeep: 647.707.4167
Office: 905.678.2424

Honesty, Reliability, Commitment
Hira Randhawa
Broker
HomeLife SilverCity
- 1 yr Home Warranty
- 40% Discount on Brand Name
- Appliances & Furniture
- Free Evaluation & Lowest Commission
www.hirarandhawa.com
hirarandhawa@yahoo.ca
"OPEN HOUSE UNTIL SOLD"
For all your Real Estate needs: 416.319.0551 or 905.913.8585
$634,900 Sandalwood & Conestoga — Stunning Detached Home With Single Car Garage, 3 Bedroom, 2 Washrooms, Fully Renovated Top To Bottom To Thousands Spent On Renovation, Nestled On A Quiet, Family Friendly Street Close To Park, School, Hwy 410, Shopping, School & Other Amenities.
$729,900 Dixie/Octillo — Immaculate 3 Bedroom Semi With 1 Br Fin Basement On A 30 Ft Lot . Hardwood Flooring (No Carpet In Entire House), Separate Living/Family, Eat-In-Kitchen, 2 Full Washrooms On 2nd Floor, Extended Driveway ,Concrete Work On Side And Backyard And Much More!
$739,913 Charleston Side Rd/Main St. — Detached Home On Well Landscaped. Huge Corner Lot W/Private Backyard In Historic Town Of Alton With Finished Double Car Garage. 3 Bedroom Upstairs, 2 Full Washrooms W/4 Pc Bath, Master Bedroom, New Roof 2018 & etc.
$775,000 Charolais/Chinguacousy Rd — Renovated Bungalow, 3 Good Size Bedrooms Plus Den + 2 Bed Finished Basement W/Separate Entrance With Appliances, New Upgraded Kitchen + 3 Newly Renovated Bathrooms + New Hardwood Floors Very Close To Hwy, etc.

Call For:
RESP, SUPER -VISA,& TRAVEL
Insurance
H.Randhawa
416-319-0551

MICHELIN Hankook Continental ROADLUX BFGoodrich AEOLUS COMPASAL
Chevron Delo
Special OIL CHANGE Rates
BEST TRUCK REPAIR & TIRE CENTRE
We also Specialize in Engine, AC, Transmission, Differential Rebuild, Safety Inspection & All Kinds of Electric Work
ਕਾਰਾਂ ਤੇ ਟਰਕਾਂ ਦੀ ਸਸਤੀ ਏ-ਸੀ ਰਿਪੇਅਰ। ਟਰੱਕਾਂ ਦੇ ਟਾਇਰਾਂ ਤੇ ਭਾਰੀ ਸੇਲ
SPECIAL ON TRUCK ALIGNMENT
BRAND NEW MACHINES 2018
Brake & Drum -Made in U.S - On Special Sale!
Special Sale 4 CAT Batteries $550 with Installation
Special Sale on Smartway Approved Tires $245 each
www.besttruckrepairandtire.ca | Email: ranjitbesttruck@yahoo.ca
7 ਦਿਨ ਖੁੱਲਾ
Spring Sale
1715 Sismet Rd, Mississauga | Call Ranjit: 416.624.8351 | Tel: 905.625.0055

ਰਹਿਤ ਮਰਿਆਦਾ ਦਾ ਮਾਮਲਾ

# ਸਤਿਕਾਰ ਕਮੇਟੀ ਨੇ ਸ੍ਰੀ ਚੰਦ ਕੁਟੀਆ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਤਿੰਨ ਸਰੂਪ ਚੁੱਕੇ

ਭੋਗਪੁਰ, 27 ਮਈ (ਪੋਸਟ ਬਿਊਰੋ)- ਇਥੋਂ ਥੋੜ੍ਹੀ ਦੂਰ ਸ੍ਰੀ ਚੰਦ ਉਦਾਸੀਨ ਕੁਟੀਆ ਪਿੰਡ ਲੜੋਈ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਪ੍ਰਕਾਸ਼ ਕਰਨ ਲਈ ਸ੍ਰੀ ਅਕਾਲ ਤਖਤ ਸਾਹਿਬ ਤੋਂ ਪ੍ਰਵਾਨਤ ਰਹਿਤ ਮਰਿਆਦਾ ਦੇ ਉਲਟ ਮਨਮਤ ਦੀ ਸ਼ਿਕਾਇਤ ਉੱਤੇ ਕੱਲ੍ਹ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ ਕਮੇਟੀ ਨੇ 15-20 ਸਿੰਘਾਂ ਦੇ ਜਥੇ ਸਮੇਤ ਆ ਕੇ ਕੁਟੀਆ ਵਿੱਚ ਪ੍ਰਕਾਸ਼ ਕੀਤੇ ਗਏ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਤਿੰਨ ਸਰੂਪ ਪੂਰਨ ਮਰਿਆਦਾ ਨਾਲ ਪਿੰਡ ਦੇ ਗੁਰ-ਦੁਆਰਾ ਸਾਹਿਬ ਬਾਬਾ ਮੱਖਣ ਸ਼ਾਹ ਲੁਬਾਣਾ ਵਿਖੇ ਪੁਚਾ ਦਿੱਤੇ ਹਨ।

ਪਤਾ ਲੱਗਾ ਹੈ ਕਿ ਸਤਿਕਾਰ ਕਮੇਟੀ ਨੂੰ ਸੂਚਨਾ ਮਿਲੀ ਕਿ ਪਿੰਡ ਲੜੋਈ ਦੀ ਬਾਬਾ ਸ੍ਰੀ ਚੰਦ ਉਦਾਸੀਨ ਕੁਟੀਆ ਦੇ ਮੁਖੀ ਸੰਤ ਹਰਚਰਨ ਦਾਸ ਨੇ ਅੰਮ੍ਰਿਤ ਨਹੀਂ ਛਕਿਆ ਅਤੇ ਕੁਟੀਆ ਵਿੱਚ ਰੱਖੇ ਪਾਵਨ ਸਰੂਪਾਂ ਦਾ ਰਹਿਤ ਮਰਿਆਦਾ ਅਨੁਸਾਰ ਸਤਿਕਾਰ ਨਹੀਂ ਕੀਤਾ ਜਾ ਰਿਹਾ। ਇਸ ਕੁਟੀਆ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਪਿਛਲੇ 40 ਸਾਲਾਂ ਤੋਂ ਪ੍ਰਕਾਸ਼ ਕੀਤੇ ਹੋਏ ਹਨ। ਕੁਟੀਆ ਵਿੱਚ ਸੰਤ ਹਰਚਰਨ ਦਾਸ ਆਪਣੀ ਬੀਮਾਰ ਪਤਨੀ ਨਾਲ ਰਹਿ ਰਿਹਾ ਹੈ। ਸਤਿਕਾਰ ਕਮੇਟੀ ਦੇ ਜਥੇ ਨੇ ਸੰਦੀਪ ਸਿੰਘ ਟਾਂਡਾ ਦੀ ਅਗਵਾਈ ਹੇਠ ਪਿੰਡ ਲੜੋਈ ਪਹੁੰਚ ਕੇ ਸਾਰੀ ਘਟਨਾ ਦੀ ਘੋਖ ਕਰਦੇ ਹੋਏ ਕੁਟੀਆ ਦੇ ਮੁਖੀ ਹਰਚਰਨ ਸਿੰਘ ਦਾਸ ਤੋਂ ਪੁੱਛਗਿੱਛ ਕਰ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਰੂਪਾਂ ਨੂੰ ਕੁਟੀਆ ਤੋਂ ਚੁੱਕ ਕੇ ਪਿੰਡ ਵਿੱਚ ਹੀ ਬਾਬਾ ਮੱਖਣ ਸਾਹ ਲੁਬਾਣਾ ਵਿਖੇ ਪੁਚਾ ਹੈ।

## ਗੁਰੂ ਗ੍ਰੰਥ ਸਾਹਿਬ ਦੀ ਬੀੜ ਨਾ ਦੇਣ ਦੇ ਵਿਰੁੱਧ ਸਿੱਖ ਸੰਗਠਨਾਂ ਦਾ ਰੋਸ ਧਰਨਾ

ਰਾਜਪੁਰਾ, 27 ਮਈ (ਪੋਸਟ ਬਿਊਰੋ)- ਰਾਜਪੁਰਾ-ਪਟਿਆਲਾ ਜੀ ਟੀ ਰੋਡ 'ਤੇ ਕੱਲ੍ਹ ਪਿੰਡ ਨਰੜੂ ਦੇ ਲੋਕਾਂ ਨੇ ਸਰਪੰਚ ਜਤਿੰਦਰ ਕੌਰ, ਦਮਦਮੀ ਟਕਸਾਲ ਰਾਜਪੁਰਾ ਦੇ ਮੁਖੀ ਬਾਬਾ ਬਰਜਿੰਦਰ ਸਿੰਘ ਪਰਵਾਨਾ, ਯੂਨਾਈਟਿਡ ਸਿੱਖ ਜਥੇਬੰਦੀ ਦੇ ਪ੍ਰਧਾਨ ਜਸਵਿੰਦਰ ਸਿੰਘ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੀੜ ਨਾ ਦੇਣ ਦੇ ਰੋਸ ਵਿੱਚ ਸੜਕ ਉੱਤੇ ਰੋਸ ਧ੍ਰਨਾ ਦਿੱਤਾ। ਇਸ ਮੌਕੇ ਧਰਨਾਕਾਰੀਆਂ ਦੀ ਪੁਲਸ ਨਾਲ ਝੜਪ ਵੀ ਹੋਈ ਤੇ ਫਿਰ ਸ਼ਾਮ ਨੂੰ ਐਸ ਪੀ ਹਰਮੀਤ ਸਿੰਘ ਹੁੰਦਲ, ਡੀ ਐੱਸ ਪੀ ਕ੍ਰਿਸ਼ਨ ਕੁਮਾਰ ਪਾਂਥੇ, ਡਿਊਟੀ ਮੈਜਿਸਟਰੇਟ ਪ੍ਰਵੀਨ ਕੁਮਾਰ ਨੂੰ ਮੰਗ ਪੱਤਰ ਦੇ ਕੇ ਧਰਨਾ ਚੁੱਕ ਲਿਆ। ਇਸ ਬਾਰੇ ਪਰਮਜੀਤ ਸਿੰਘ ਪਰਵਾਨਾ, ਮਨਪ੍ਰੀਤ ਸਿੰਘ ਨਰੜੂ ਤੇ ਸਰਪੰਚ ਜਤਿੰਦਰ ਕੌਰ ਨਰੜੂ ਨੇ ਦੱਸਿਆ ਕਿ ਪਿੰਡ ਨਰੜੂ ਦੇ ਇਤਿਹਾਸਕ ਗੁਰਦੁਆਰਾ ਸਾਹਿਬ ਦੀ ਕਮੇਟੀ ਦੇ ਮੈਂਬਰਾਂ ਨੇ ਗ੍ਰੰਥੀ ਸੁਰਿੰਦਰ ਸਿੰਘੇ ਨੂੰ ਅਹੁਦੇ ਤੋਂ ਹਟਾ ਦਿੱਤਾ ਸੀ।

## ਚੰਦਰਾਣੀ ਮਰਮੂ ਭਾਰਤ ਦੀ ਸਭ ਤੋਂ ਘੱਟ ਉਮਰ ਦੀ ਲੋਕ ਸਭਾ ਦੀ ਮੈਂਬਰ ਬਣੀ



ਭੁਵਨੇਸ਼ਵਰ, 27 ਮਈ (ਪੋਸਟ ਬਿਊਰੋ)- ਲੋਕ ਸਭਾ ਵਿੱਚ 33 ਫੀਸਦੀ ਮਹਿਲਾ ਪਾਰਲੀਮੈਂਟ ਮੈਂਬਰਾਂ ਨੂੰ ਭੇਜਣ ਦੇ ਨਾਲ ਉੜੀਸਾ ਨੇ ਸਭ ਤੋਂ ਘੱਟ ਉਮਰ ਦੀ ਮਹਿਲਾ ਪਾਰਲੀਮੈਂਟ ਮੈਂਬਰ ਨੂੰ ਵੀ ਲੋਕ ਸਭਾ ਵਿੱਚ ਭੇਜਿਆ ਹੈ।

25 ਸਾਲਾ ਚੰਦਰਾਣੀ ਮਰਮੂ ਇੰਜੀਨੀਅਰਿੰਗ ਗ੍ਰੈਜੂਏਟ ਹੈ। ਉਹ ਬੀਜੂ ਜਨਤਾ ਦਲ ਦੇ ਟਿਕਟ 'ਤੇ ਕਿਉਂਝਰ ਲੋਕ ਸਭਾ ਸੀਟ ਤੋਂ ਜਿੱਤੀ ਹੈ। ਇਹ ਸੀਟ ਅਨੁਸੂਚਿਤ ਕਬੀਲਿਆਂ ਲਈ ਰਾਖਵੀਂ ਹੈ। 25 ਸਾਲ 11 ਮਹੀਨੇ ਦੀ ਮਰਮੂ ਨੇ 67,822 ਵੋਟਾਂ ਦੇ ਫਰਕ ਨਾਲ ਏਥੋਂ ਭਾਜਪਾ ਦੇ ਦੋ ਵਾਰ ਦੇ ਪਾਰਲੀਮੈਂਟ ਮੈਂਬਰ ਅਨੰਤ ਨਾਇਕ ਨੂੰ ਹਰਾਇਆ ਹੈ। ਕੁਝ ਮਹੀਨੇ ਪਹਿਲਾਂ ਮਰਮੂ ਕਿਸੇ ਆਮ ਲੜਕੀ ਦੀ ਤਰ੍ਹਾਂ ਭੁਬਨੇਸ਼ਵਰ ਦੀ ਐੱਸ ਓ ਏ ਯੂਨੀਵਰਸਿਟੀ ਤੋਂ ਬੀ ਟੈਕ ਪੂਰਾ ਕਰਨ ਪਿੱਛੋਂ ਨੌਕਰੀ ਲੱਭ ਰਹੀ ਸੀ ਅਤੇ ਮੁਕਾਬਲੇ ਦੇ ਟੈਸਟ ਦੀ ਤਿਆਰੀ ਕਰ ਰਹੀ ਸੀ। ਉਸ ਨੇ ਕਿਹਾ ਕਿ ਮੈਂ ਕਦੇ ਸੋਚਿਆ ਨਹੀਂ ਸੀ ਕਿ ਮੈਂ ਰਾਜਨੀਤੀ ਕਰਾਂਗੀ ਅਤੇ ਪਾਰਲੀਮੈਂਟ ਮੈਂਬਰ ਬਣਾਂਗੀ। ਮਰਮੂ ਨੇ ਉਨ੍ਹਾਂ ਨੂੰ ਮੌਕਾ ਦੇਣ ਲਈ ਕਿਉਂਝਰ ਦੇ ਲੋਕਾਂ ਅਤੇ ਬੀਜੂ ਜਨਤਾ ਦਲ ਦੇ ਮੁਖੀ ਨਵੀਨ ਪਟਨਾਇਕ ਦਾ ਸ਼ੁਕਰੀਆ ਅਦਾ ਕੀਤਾ ਹੈ। ਵਰਨਣ ਯੋਗ ਹੈ ਕਿ ਉਨ੍ਹਾਂ ਦੇ ਨਾਨਾ ਹਰੀਹਰ ਸੋਰੇਨ 1980-1989 ਤੱਕ ਦੋ ਵਾਰ ਕਾਂਗਰਸ ਵੱਲੋਂ ਪਾਰਲੀਮੈਂਟ ਮੈਂਬਰ ਰਹੇ ਸਨ।

ਇੰਡੀਅਨ ਨੈਸ਼ਨਲ ਲੋਕਦਲ ਦੇ ਦੁਸ਼ਿਅੰਤ ਚੌਟਾਲਾ 16ਵੀਂ ਲੋਕ ਸਭਾ ਵਿੱਚ ਸਭ ਤੋਂ ਘੱਟ ਉਮਰ ਦਾ ਪਾਰਲੀਮੈਂਟ ਮੈਂਬਰ ਸੀ, ਉਸ ਨੂੰ 2014 ਵਿੱਚ ਹਿਸਾਰ ਲੋਕ ਸਭਾ ਸੀਟ (ਹਰਿਆਣਾ) ਤੋਂ 26 ਸਾਲ ਦੀ ਉਮਰ ਵਿੱਚ ਚੁਣਿਆ ਗਿਆ ਸੀ। ਉੜੀਸਾ ਵਿੱਚ ਕੁੱਲ 21 ਪਾਰਲੀਮੈਂਟ ਸੀਟਾਂ ਵਿੱਚੋਂ ਸੱਤ ਮਹਿਲਾ ਚੁਣੀਆਂ ਗਈਆਂ ਹਨ। ਇਹ ਗਿਣਤੀ ਰਾਜ ਵਿੱਚ ਕੁੱਲ ਪਾਰਲੀਮੈਂਟ ਮੈਂਬਰਾਂ ਦਾ ਤੀਜਾ ਹਿੱਸਾ ਹੈ।

# ਚੋਣਾਂ ਖਤਮ ਹੋਣ ਪਿੱਛੋਂ ਏਅਰਪੋਰਟ ਬਾਰੇ ਸਰਗਰਮੀ ਫੇਰ ਸ਼ੁਰੂ



ਲੁਧਿਆਣਾ, 27 ਮਈ (ਪੋਸਟ ਬਿਊਰੋ)- ਲੋਕ ਸਭਾ ਚੋਣਾਂ ਖਤਮ ਹੁੰਦੇ ਸਾਰ ਹੀ ਹਲਵਾਰਾ ਇੰਟਰਨੈਸ਼ਨਲ ਏਅਰਪੋਰਟ ਬਣਾਉਣ ਲਈ ਪੰਜਾਬ ਸਰਕਾਰ ਸਰਗਰਮ ਹੋ ਗਈ ਹੈ ਅਤੇ ਟਰਮੀਨਲ ਵਾਸਤੇ ਜ਼ਮੀਨ ਐਕੁਆਇਰ ਕਰਨ ਦਾ ਕੰਮ ਸ਼ੁਰੂ ਕਰ ਲਿਆ ਹੈ। ਜ਼ਮੀਨ ਐਕੁਆਇਰ ਤੋਂ ਪਹਿਲਾਂ ਦੀਆਂ ਸਾਰੀਆਂ ਰਸਮਾਂ ਹੋ ਗਈਆਂ ਹਨ ਤੇ ਫਾਈਨਲ ਰਿਪੋਰਟ 'ਤੇ ਮਾਹਰ ਕਮੇਟੀ ਦੀ ਮੀਟਿੰਗ ਪਿੱਛੋਂ ਕਿਸਾਨਾਂ ਨੂੰ ਪੈਸੇ ਦੇ ਕੇ ਉਨ੍ਹਾਂ ਦੀ ਜ਼ਮੀਨ ਐਕੁਆਇਰ ਕਰ ਲਈ ਜਾਵੇਗੀ। ਸਰਕਾਰ ਨੇ ਕਿਸਾਨਾਂ ਦੀ ਜ਼ਮੀਨ ਐਕੁਆਇਰ ਕਰਨ ਲਈ 31 ਦਸੰਬਰ 2019 ਤੱਕ ਦੀ ਡੈੱਡਲਾਈਨ ਮਿਥੀ ਹੈ।

ਆਵਾਸ ਅਤੇ ਸ਼ਹਿਰੀ ਵਿਕਾਸ ਵਿਭਾਗ ਦੀ ਵਧੀਕ ਮੁੱਖ ਸਕੱਤਰ ਵਿਨੀ ਮਹਾਜਨ ਨੇ ਆਪਣੇ ਅਧੀਨ ਅਫਸਰਾਂ ਨੂੰ ਡੈੱਡਲਾਈਨ ਬਾਰੇ ਦੱਸ ਦਿੱਤਾ ਹੈ। ਕੇਂਦਰ ਤੇ ਸੂਬਾ ਸਰਕਾਰ ਮਿਲ ਕੇ ਹਲਵਾਰਾ ਇੰਟਰਨੈਸ਼ਨਲ ਏਅਰਪੋਰਟ ਬਣਾਉਣ ਜਾ ਰਹੇ ਹਨ। ਸਰਕਾਰ ਘਰੇਲੂ ਉਡਾਣਾਂ ਲਈ ਏਅਰਫੋਰਸ ਦੇ ਰਨਵੇ ਦੀ ਵਰਤੋਂ ਕਰੇਗੀ, ਜਦ ਕਿ ਏਅਰਫੋਰਸ ਸਟੇਸ਼ਨ ਦੇ ਨਾਲ ਦੀ ਜ਼ਮੀਨ ਉਤੇ ਏਅਰਪੋਰਟ ਟਰਮੀਨਲ ਬਣਾਇਆ ਜਾਵੇਗਾ। ਇਸ ਦੇ ਲਈ ਪੰਜਾਬ ਸਰਕਾਰ 161 ਏਕੜ ਜ਼ਮੀਨ ਐਕੁਆਇਰ ਕਰੇਗੀ, ਜਿਸ ਦੇ ਲਈ ਪੰਜਾਬ ਸਰਕਾਰ ਪੰਜਾਬ ਯੂਨੀਵਰਸਿਟੀ ਤੋਂ ਸੋਸ਼ਲ ਇੰਪੈਕਟ ਸਰਵੇ ਕਰਵਾ ਚੁੱਕੀ ਹੈ। ਇਸ ਸਰਵੇ ਵਿੱਚ ਜ਼ਮੀਨ ਮਾਲਕਾਂ ਅਤੇ ਹੋਰ ਲੋਕਾਂ ਨੇ ਕੋਈ ਇਤਰਾਜ਼ ਨਹੀਂ ਕੀਤਾ। ਪਤਾ ਲੱਗਾ ਹੈ ਕਿ ਸੋਸ਼ਲ ਇੰਪੈਕਟ ਸਰਵੇ ਪੂਰਾ ਕਰ ਕੇ ਰਿਪੋਰਟ ਬਣ ਚੁੱਕੀ ਹੈ। ਏਅਰਪੋਰਟ ਟਰਮੀਨਲ ਬਾਰੇ ਮਾਹਰ ਕਮੇਟੀ ਦੀ ਮਨਜ਼ੂਰੀ ਤੋਂ ਬਾਅਦ ਸਰਕਾਰ ਜ਼ਮੀਨ ਐਕੁਆਇਰ ਦਾ ਨੋਟਿਸ ਜਾਰੀ ਕਰ ਕੇ ਜ਼ਮੀਨ ਆਪਣੇ ਕਬਜ਼ੇ ਵਿੱਚ ਲੈ ਲਵੇਗੀ।

# ਨਜ਼ਰੀਆ ਬਦਲਣ ਕਾਰਨ ਗੋਦ ਲੈਣ ਵਾਲੇ ਬੱਚਿਆਂ ਵਿੱਚ ਕੁੜੀਆਂ ਦੀ ਮੰਗ ਵਧੀ

ਨਵੀਂ ਦਿੱਲੀ, 27 ਮਈ (ਪੋਸਟ ਬਿਊਰੋ)- ਭਾਰਤ ਵਿਚ ਸਾਲ 2018-19 ਵਿੱਚ 2,398 ਕੁੜੀਆਂ ਸਣੇ 4,000 ਤੋਂ ਵੱਧ ਬੱਚਿਆਂ ਨੂੰ ਗੋਦ ਲਿਆ ਗਿਆ ਹੈ। ਇਨ੍ਹਾਂ ਬੱਚਿਆਂ ਦੀ ਗਿਣਤੀ ਪਿਛਲੇ 5 ਸਾਲਾਂ ਵਿੱਚ ਸਭ ਤੋਂ ਵੱਧ ਸੀ।

ਸੈਂਟਰਲ ਅਡਾਪਸ਼ਨ ਰਿਸੋਰਸ ਅਥਾਰਿਟੀ (ਕਾਰਾ) ਵਲੋਂ ਜਾਰੀ ਅੰਕੜਿਆਂ ਮੁਤਾਬਕ ਸਾਲ 2018-19 ਵਿਚ ਕੁੱਲ 4,027 ਬੱਚਿਆਂ ਨੂੰ ਗੋਦ ਲਿਆ ਗਿਆ, ਜਿਸ ਵਿੱਚੋਂ ਕਰੀਬ 3,374 ਬੱਚੇ ਦੇਸ਼ ਵਿਚ ਅਤੇ 653 ਬੱਚੇ ਦੇਸ਼ ਤੋਂ ਬਾਹਰ ਗੋਦ ਲਏ ਗਏ। ਜਾਰੀ ਅੰਕੜਿਆਂ ਦੇ ਮੁਤਾਬਕ 2017-18 ਵਿਚ 3,927 ਬੱਚੇ, 2016-17 ਵਿੱਚ ਕੁੱਲ 3,788 ਬੱਚੇ ਅਤੇ 2015-16 ਵਿੱਚ 3,677 ਬੱਚੇ ਗੋਦ ਲਏ ਗਏ ਸਨ।

ਮਹਿਲਾ ਤੇ ਬਾਲ ਵਿਕਾਸ ਮੰਤਰਾਲੇ ਦੇ ਅਧਿਕਾਰੀ ਨੇ ਦੱਸਿਆ ਕਿ ਲੋਕਾਂ ਦਾ ਕੁੜੀਆਂ ਵੱਲ ਨਜ਼ਰੀਆ ਬਦਲ ਰਿਹਾ ਹੈ ਤੇ ਇਹ ਗੱਲ ਏਥੋਂ ਸਾਬਤ ਹੁੰਦੀ ਹੈ ਕਿ ਹਰ ਸਾਲ ਮੁੰਡਿਆਂ ਦੇ ਮੁਕਾਬਲੇ ਕੁੜੀਆਂ ਵੱਧ ਗੋਦ ਲਈਆਂ ਜਾਂਦੀਆਂ ਹਨ। ਅੰਕੜਿਆਂ ਮੁਤਾਬਕ ਸਭ ਤੋਂ ਵੱਧ ਬੱਚੇ ਮਹਾਰਾਸ਼ਟਰ ਤੋਂ 845 ਬੱਚੇ ਗੋਦ ਲਏ ਗਏ ਹਨ, ਜਿੱਥੇ 477 ਕੁੜੀਆਂ ਹਨ। ਅਧਿਕਾਰੀ ਦੇ ਮੁਤਾਬਕ ਮਹਾਰਾਸ਼ਟਰ ਵਿਚ ਸਭ ਤੋਂ ਵੱਧ ਗਿਣਤੀ ਵਿਚ ਬੱਚੇ ਗੋਦ ਲਏ ਗਏ।

# ਮੇਅਰ ਦੀ ਕਾਰਗੁਜ਼ਾਰੀ ਉੱਤੇ ਜਲੰਧਰ ਦੇ ਵਿਧਾਇਕ ਮੰਥਨ ਕਰਨ ਲੱਗੇ

ਜਲੰਧਰ, 27 ਮਈ (ਪੋਸਟ ਬਿਊਰੋ)- ਲੋਕ ਸਭਾ ਚੋਣਾਂ ਵਿੱਚ ਇਸ ਸ਼ਹਿਰ ਵਿੱਚ ਪਿਛੜਨ ਦੇ ਬਾਅਦ ਕਾਂਗਰਸ ਵਿੱਚ ਰਾਜਨੀਤਕ ਹਲਚਲ ਤੇਜ਼ ਹੋ ਗਈ ਹੈ। ਸਭ ਦੇ ਨਿਸ਼ਾਨੇ 'ਤੇ ਮੇਅਰ ਜਗਦੀਸ਼ ਰਾਜਾ ਹਨ। ਕਾਂਗਰਸ ਦੇ ਪਿਛੜਨ ਦਾ ਵੱਡਾ ਕਾਰਨ ਮੋਦੀ ਲਹਿਰ ਹੈ, ਪ੍ਰੰਤੂ ਲੋਕਲ ਬਾਡੀ ਵਿਭਾਗ ਦੀ ਕਾਰਗੁਜ਼ਾਰੀ ਵੀ ਖਰਾਬ ਰਹੀ ਹੈ।

ਅਜੇ ਤੱਕ ਮੇਅਰ ਦਾ ਬਚਾਅ ਕਰਦੇ ਰਹੇ ਚੌਧਰੀ ਸੰਤੋਖ ਸਿੰਘ ਵੀ ਚੋਣਾਂ ਵਿੱਚ ਕਮਜ਼ੋਰ ਜਿੱਤ ਪਿੱਛੋਂ ਕਹਿਣ ਲਈ ਮਜਬੂਰ ਹੋ ਗਏ ਕਿ ਨਗਰ ਨਿਗਮ ਦੇ ਖਰਾਬ ਕੰਮ ਦਾ ਨੁਕਸਾਨ ਹੋਇਆ ਅਤੇ ਉਹ ਖੁਦ ਨਿਗਮ ਉਤੇ ਨਜ਼ਰ ਰੱਖਣਗੇ। ਮੇਅਰ ਦੇ ਖਿਲਾਫ ਸਭ ਤੋਂ ਪਹਿਲਾਂ ਆਵਾਜ਼ ਉਠਾਉਣ ਵਾਲੇ ਕੈਂਟ ਹਲਕੇ ਦੇ ਵਿਧਾਇਕ ਪਰਗਟ ਸਿੰਘ ਨੇ ਸ਼ਹਿਰ ਵਿੱਚ ਹੋਏ ਨੁਕਸਾਨ 'ਤੇ ਮੰਥਨ ਦੀ ਤਿਆਰੀ ਸ਼ੁਰੂ ਕੀਤੀ ਹੈ। ਉਸ ਨੇ ਕਿਹਾ ਕਿ ਸਾਥੀ ਵਿਧਾਇਕਾਂ ਨਾਲ ਮੀਟਿੰਗ ਕਰ ਕੇ ਸ਼ਹਿਰ ਦੇ ਵਿਕਾਸ ਦੀ ਗੱਲ ਕਰਨਗੇ। ਵਿਧਾਇਕ ਪਰਗਟ ਸਿੰਘ ਨੇ ਮੁੱਖ ਮੰਤਰੀ ਦੇ ਸਾਹਮਣੇ ਵੀ ਕਿਹਾ ਸੀ ਕਿ ਕਮਜ਼ੋਰ ਮੇਅਰ ਦੇ ਕਾਰਨ ਨੁਕਸਾਨ ਹੋ ਰਿਹਾ ਹੈ। ਇਸ ਪਿੱਛੋਂ ਚੋਣ ਪ੍ਰਚਾਰ ਦੀ ਜਨਤਕ ਸਭਾ ਵਿੱਚ ਵੀ ਮੇਅਰ ਦੀ ਕਾਰਗੁਜ਼ਾਰੀ ਵਾਸਤੇ ਸਵਾਲ ਕੀਤੇ ਸਨ। ਵਿਧਾਇਕ ਸੁਸ਼ੀਲ ਰਿੰਕੂ ਵੀ ਮੇਅਰ ਦੇ ਕੰਮ ਤੋਂ ਸੰਤੁਸ਼ਟ ਨਹੀਂ। ਵਿਧਾਇਕ ਰਾਜਿੰਦਰ ਬੇਰੀ ਨੇ ਜ਼ਰੂਰ ਮੇਅਰ ਦਾ ਬਚਾਅ ਕੀਤਾ ਹੈ, ਜਦ ਕਿ ਵਿਧਾਇਕ ਬਾਵਾ ਹੈਨਰੀ ਨੇ ਕਦੇ ਇਸ 'ਤੇ ਕੋਈ ਪ੍ਰਤੀਕਿਰਿਆ ਨਹੀਂ ਜਤਾਈ।


AL EMPLOYMENT SERVICES INC

ਕੀ ਤੁਸੀਂ ਕੰਮ ਲੱਭ ਰਹੇ ਹੋ? ਤਾਂ ਅੱਜ ਹੀ ਕਾਲ ਕਰੋ!

- General Labour
- AZ-DZ Drivers
- Machine Operators
- Machine Mechanic
- Millwright's
- Shift Supervisor
- Forklift Driver
- Office Admin

(905) 564-2322 | (416) 700 0011
Monday-Friday (10am to 5:30pm)
6630 Tomken Rd., Mississauga, L5T 1N1



ਟੱਰਕ ਤੇ ਟ੍ਰੇਲਰ ਰਿਪੇਅਰ ਸ਼ਾਪ ਨੂੰ ਮਕੈਨਿਕਾਂ ਦੀ ਲੋੜ ਹੈ

- 6 ਦਿਨ ਕੰਮ ਸੋਮਵਾਰ ਤੋ ਸ਼ਨੀਵਾਰ
- Biweekly payment
- Homely Environment
- ਵਧੀਆ ਤਨਖਾਹ

Minimum 1 year experience & Trained mechanic



ਵਧੇਰੀ ਜਾਣਕਾਰੀ ਲਈ ਸੰਪਰਕ ਕਰੋ:
647.898.4042/416.505.6857
(Call from 9am to 6pm)






Matrimonial
ਰਿਸ਼ਤੇ ਹੀ ਰਿਸ਼ਤੇ

Starting at just $10
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202


## ਲੜਕੀ ਦੀ ਲੋੜ

ਜਟ ਸਿਖ ਢਿੱਲੋ ਲੜਕਾ, ਉਮਰ 25 ਸਾਲ, ਕੱਦ 5'-11'', ਇੰਡੀਆ ਫਗਵਾੜਾ (ਪੰਜਾਬ) ਵਿੱਚ ਰਹਿੰਦੇ ਲੜਕੇ ਲਈ ਕੇਨੈਡੀਅਨ ਪੀ-ਆਰ ਲੜਕੀ ਜਾਂ ਵੱਰਕ ਪਰਮਿਟ/ਸਟੂਡੈਂਟ ਲੜਕੀ ਦੀ ਲੋੜ ਹੈ। ਪੀ-ਆਰ /Study ਦਾ ਸਾਰਾ ਖਰਚਾ ਲੜਕੇ ਦਾ ਪਰਿਵਾਰ ਕਰੇਗਾ। ਲੜਕੇ ਦਾ ਭਰਾ ਕੇਨੈਡਾ ਵਿੱਚ ਵੇਲ ਸੈਟਲਡ ਹੈ। ਕਾਲ ਕਰੋ: 416-628-6468 ਜਾਂ 01191-94634-85326

ਜੱਟ ਸਿੱਖ ਸਰਦਾਰ, ਉਮਰ 26 ਸਾਲ, ਲੰਬਾਈ 5 ਫੁੱਟ 8 ਇੰਚ, B.tech ਪੜ੍ਹਿਆ, ਵੀਜ਼ਿਟਰ ਵਿਜੇ ਤੇ ਆਏ ਲੜਕੇ ਲਈ Student/PR/Citizen ਲੜਕੀ ਦੀ ਲੋੜ ਹੈ। ਲੜਕੇ ਦਾ ਭਰਾ ਕੈਨੇਡਾ ਵਿੱਚ PR ਹੈ। ਸੰਪਰਕ- 289-772-6056, 437-236-5093

ਜੱਟ ਸਿੱਖ ਲੜਕਾ ਉਮਰ 29 ਸਾਲ, ਕੱਦ 6'2'', MCOM, MBA & PGDCA ਅੰਮ੍ਰਿਤਧਾਰੀ ਵਿਜ਼ੀਟਰ ਵੀਜ਼ੇ ਤੇ ਆਏ ਲੜਕੇ ਲਈ PR/Citizen/Student ਲੜਕੀ ਦੀ ਲੋੜ ਹੈ । (Student ਦਾ ਖਰਚਾ ਵੀ ਕਰ ਸਕਦੇ ਹਾਂ) ਜਿਆਦਾ ਜਾਣਕਾਰੀ ਲਈ ਸੰਪਰਕ ਕਰੋ: 647-643-4154

ਜੱਟ ਸਿੱਖ ਲੜਕਾ, ਉਮਰ 40 ਸਾਲ, ਕੱਦ 5'5'', ਫਰਾਂਸ ਸਿਟੀਜ਼ਨ, ਇਕ 19 ਸਾਲਾਂ ਦੀ ਧੀ , ਪਤਨੀ ਦੀ ਮੌਤ ਨੂੰ 3 ਸਾਲ ਹੋ ਗਏ ਹਨ, ਕੈਨੇਡੀਅਨ PR ਜਾਂ ਸਿਟੀਜਨ ਲੜਕੀ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ : 437-770-4806

Khatriboy 5'-7", Age 30 yrs, M.sc. in Mechanical eng. PR in Canada ਲਈ WorkPermit ਜਾਂ PR ਹੋਈ ਪੜ੍ਹੀ ਲਿਖੀ ਲੜਕੀ ਦੀ ਜਰੂਰਤ ਹੈ। - CASTE NO-BAR. For more info. Call 416-917-8804


Check our Free E-paper at: www.canadianpunjabipost.ca
ਕੈਨੇਡੀਅਨ ਪੰਜਾਬੀ ਪੋਸਟ | Award winning news paper | Canadian Punjabi Post
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ ਕਾਲ ਕਰੋ: 905-793-2202


## ਲੜਕੀ ਦੀ ਲੋੜ

ਜੱਟ ਸਿੱਖ, ਉਮਰ 27 ਸਾਲ, ਕੱਦ 5'-11'', ਪੜ੍ਹਿਆ-ਲਿਖਿਆ, ਵੈਸ਼ਣੂ ਤੇ ਕੈਨੇਡਾ ਵਿੱਚ ਵੈਲ-ਸੈਟਲ ਲੱੜਕੇ ਲਈ ਪੜ੍ਹੀ-ਲਿਖੀ ਕੈਨੇਡੀਅਨ ਸਿਟੀਜ਼ਨ ਜਾਂ ਫ਼੍ਰ ਲੜਕੀ ਦੀ ਲੋੜ ਹੈ। ਸੰਪਰਕ ਕਰੋ: 647-290-8872 । 905-963-9134 ਜਾਂ ਈ-ਮੇਲ : mdeol84@yahoo.com

ਜੱਟ ਸਿੱਖ ਭੱਠਲ, ਉਮਰ 32 ਸਾਲ, ਕੱਦ 6 ਫੁੱਟ, BA ਪਾਸ, ਨਸ਼ਾ ਰਹਿਤ ਲੜਕੇ ਲਈ PR ਜਾਂ Citizen ਲੜਕੀ ਦੀ ਲੋੜ। ਲੜਕਾ ਵਰਕ ਪਰਮਿਟ ਤੇ ਵਧੀਆ ਜਪਬ ਕਰਦਾ ਹੈ, ਲੁਧਿਆਣਾ ਤੇ ਮੋਗਾ ਜਿਲ੍ਹੇ ਨੂੰ ਪਹਿਲ, ਡਿਵੋਰਸੀ ਤੇ ਵੀ ਗੌਰ ਕੀਤੀ ਜਾ ਸਕਦੀ ਹੈ, ਲੜਕੇ ਦੀ ਭੈਣ ਕੇਨੇਡਾ ਵਿੱਚ ਵੈੱਲ ਸੈਟਲਡ ਹੈ। ਸੰਪਰਕ ਕਰੋ: 416-846-4141, 647-293-3813 ਜਾਂ ਫੇਰ ਈ-ਮੇਲ ਕਰੋ jyot317@gmail.com

ਜੱਟ ਸਿੱਖ ਲੜਕਾ, ਉਮਰ 27 ਸਾਲ, ਕੱਦ 5'11'', ਨਸ਼ਿਆਂ ਤੋ ਦੂਰ, ਬੀ ਏ ਪਾਸ ਲਈ ਕਨੇਡੀਅਨ ਪੀ ਆਰ ਜਾਂ ਵੀਜ਼ਿਟਰ ਲੜਕੀ ਦੀ ਲੋੜ ਹੈ, ਸਟੂਡੈਂਟ ਤੇ ਵੀ ਗੋਰ ਕੀਤੀ ਜਾ ਸਕਦੀ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ: +647 339 0864

ਜੱਟ ਸਿੱਖ ਕੁਲਾਰ ਲੜਕਾ, ਉਮਰ 27 ਸਾਲ , ਕੱਦ 5'10'', Self Employed, ਵੱਰਕ ਵੀਜੇ ਤੇ ਆਏ ਲੜਕੇ ਲਈ, ਸੋਹਣੀ ਸੁਣਖੀ, ਲੰਮੀ ਤੇ ਪਤਲੀ P.R ਜਾਂ citizen ਲੜਕੀ ਦੀ ਲੋੜ ਹੈ। Student ਤੇ ਵੀ ਗੋਰ ਕੀਤੀ ਜਾ ਸਕਦੀ ਹੈ ਵਧੇਰੀ ਜਾਣਕਾਰੀ ਲਈ ਸੰਪਰਕ ਕਰੋ : 91-9888871813 । 306-612-4093 ਜਾਂ ਇ ਮੇਲ ਕਰੋ: kaurindergrewal@gmail.com


YOUR AD HERE
Check our Free E-paper at: www.canadianpunjabipost.ca
ਕੈਨੇਡੀਅਨ ਪੰਜਾਬੀ ਪੋਸਟ | Award winning news paper | Canadian Punjabi Post
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ ਕਾਲ ਕਰੋ: 905-793-2202


## ਲੜਕੇ ਦੀ ਲੋੜ

Canadian born punjabi tonk kshatriya girl, 35 yrs old, 5'3", certificate in accounting. Boy should be hindu punjabi (36 to 39 yrs), (5'9" to 5'11"), attractive, athletic, vegetarian, educated. Plz send biodata with recent pictures.
E -mail: matri.response2018@gmail. com 1 mnth

ਸਿੱਧੂ ਗੁਰਸਿਖ, ਉਮਰ 33 ਸਾਲ, B.Sc Science,ਇੰਡੀਆ, ਲੁਧਿਆਣਾ ਵਿੱਚ ਅਧਿਆਪਕ ਦੀ ਜੋਬ ਕਰ ਰਹੀ ਲੜਕੀ ਲਈ ਲੜਕੇ ਦੀ ਲੋੜ ਹੈ। Divorcee ਤੇ ਵੀ ਗੋਰ ਕੀਤੀ ਜਾ ਸਕਦੀ ਹੈ; ਸੰਪਰਕ ਕਰੋ: 416-358-9294 । 204-583-3970 । 9815410050 1 mnth

ਜੱਟ ਸਿੱਖ ਲੱੜਕੀ, ਉਮਰ 27 ਸਾਲ, ਕੱਦ 5'-5'', ਡਾਕਟਰ (M.D), ਕਨੇਡੀਅਨ ਸਿਟੀਜ਼ਨ, ਵਧੀਆ ਜੋਬ ਕਰਦੀ ਲੜਕੀ ਲਈ ਖਾਨਦਾਨੀ ਕੈਨੇਡੀਅਨ ਜਾਂ ਅਮੈਰਿਕਨ ਪੜ੍ਹੇ-ਲਿਖੇ ਡਾਕਟਰ ਜਾਂ ਵਧੀਆ ਨੌਕਰੀ ਕਰਦਾ ਸਿਟੀਜ਼ਨ ਲੜਕੇ ਦੀ ਚਾਹੀਦਾ ਹੈ। ਸੰਪਰਕ ਕਰੋ: 647-701-9163, 905-915-3043

ਜੱਟ ਸਿੱਖ ਲੜਕੀ ਉਮਰ 28 ਸਾਲ, ਮਾਸਟਰ ਡਿਗਰੀ ਪੰਜਾਬੀ ਯੂਨੀਵਰਸਿਟੀ, ਤਲਾਕਸ਼ੁਧਾ ਤੇ ਇਕ ਤਿੰਨ ਸਾਲਾਂ ਦੀ ਧੀ ਲਈ ਕੈਨੇਡੀਅਨ PR ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ : 416-725-2929

ਜਟ ਸਿਖ ਪਰਿਵਾਰਕ ਲੜਕੀ, ਉਮਰ 28 ਸਾਲ, ਕਦ 5'-4'', +2 ਕੀਤੀ ਹੋਨਹਾਰ ਲੜਕੀ ਲਈ P.R or Divorcee ਲੜਕਾ ਚਾਹੀਦਾ ਹੈ। ਲੜਕੀ ਇਥੇ ਕਨੇਡਾ ਆਈ ਹੋਈ ਹੈ। ਕਾਲ ਕਰੋ : 289-489-9321 ਜਾਂ 1-204-951-7136

## ਲੜਕੇ ਦੀ ਲੋੜ

ਜੱਟ ਸਿੱਖ ਲੱੜਕੀ, ਉਮਰ 28 ਸਾਲ, ਕੱਦ 5'-6'', Divorcee ਤੇ 4 ਸਾਲ ਦੀ ਧੀ, ਇੰਡੀਆ ਰਹਿ ਰਹੀ ਲੜਕੀ ਲਈ ਕੈਨੇਡੀਅਨ ਸਿਟੀਜ਼ਨ ਜਾਂ ਇਮੀਗ੍ਰੇਂਟ ਲੜਕੇ ਦੀ ਲੋੜ ਹੈ। Divorcee ਜਾਂ ਜਾਤ-ਪਾਤ ਤੇ ਵੀ ਗੌਰ ਕੀਤੀ ਜਾ ਸਕਦੀ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ: +91 9872665678 । 416-822-5229

ਜੱਟ ਸਿੱਖ ਗਿੱਲ ਲੜਕੀ ਸੋਹਣੀ ਸੁਣਖੀ, 1990 , ਕੱਦ 5'4'', ਵਿਜ਼ਟਰ ਵੀਜੇ ਤੇ ਆਈ ਖਾਨਦਾਨੀ ਲੜਕੀ ਜ਼ਿਲ੍ਹਾ ਲੁਧਿਆਣਾ ਲਈ, ਵੈਸ਼ਨੂ , ਕੈਨੇਡੀਅਨ PR ਜਾਂ ਸਿਟੀਜ਼ਨ ਲੜਕੇ ਦੀ ਲੋੜ ਹੈ। ਲੜਕੀ ਆਪਣੇ ਤਾਏ, ਤਾਈ ਕੋਲ ਰਹਿ ਰਹੀ ਹੈ। ਤਲਾਕਸ਼ੁਧਾ ਤੇ ਵੀ ਗੌਰ ਕੀਤੀ ਜਾ ਸਕਦੀ ਹੈ। ਇਕ ਭਰਾ ਜੋ ਕਿ ਕੈਨੇਡਾ ਵਿੱਚ ਵੈਲ ਸੇਟਲਡ ਹੈ। ਸੰਪਰਕ ਕਰੋ : 647-267-0656 । 416-509-7252

ਜੱਟ ਸਿੱਖ ਲੱੜਕੀ, ਉਮਰ 28 ਸਾਲ, ਕੱਦ 5'-3'', ਬੀ.ਡੀ.ਐਸ (ਡੈਨਟਿਸਟ), ਅਮੈਰਿਕਨ ਸਿਟੀਜ਼ਨ, ਵਧੀਆ ਜੋਬ ਕਰਦੀ ਲੜਕੀ ਲਈ ਖਾਨਦਾਨੀ ਕੈਨੇਡੀਅਨ ਜਾਂ ਅਮੈਰਿਕਨ ਪੜ੍ਹੇ-ਲਿਖੇ ਸਿਟੀਜ਼ਨ ਲੜਕੇ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ: 847-845-4866, 847-845-6195

ਜੱਟ ਸਿੱਖ ਲੜਕੀ, ਉਮਰ 33 ਸਾਲ, ਇਕ ਬੱਚੀ ਸਾਢੇ 3 ਸਾਲ, ਲਈ ਲੜਕੇ ਦੀ ਲੋੜ ਹੈ। ਲੜਕੀ ਵਿਜ਼ਟਰ ਵੀਜ਼ੇ 'ਤੇ ਕੈਨੇਡਾ ਆਈ ਹੋਈ ਹੈ। ਵਧੇਰੇ ਜਾਣਕਾਰੀ ਲਈ ਸੰਪਰਕ ਕਰੋ: 647-239-4939, 734-377-4076


Check our Free E-paper at: www.canadianpunjabipost.ca
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ ਕਾਲ ਕਰੋ: 905-793-2202
ਕੈਨੇਡੀਅਨ ਪੰਜਾਬੀ ਪੋਸਟ | Award winning news paper | Canadian Punjabi Post





Cell n Tell Distribution Inc.
1-401 Traders Blvd E, Mississauga, ON

Requires F/T Permanent Position, "Cellular Telephone Technician " to diagnose faults, Install, arrange, remove, maintain cellphones and related equipment. Ability to work on circuit boards, wiring and associated hardware. Inspect and test cellular equipment. Repair or replace defective and damages parts, wiring and associated equipment.

- $29 per hr
- Experience: 3-5 years
- Education has to be secondary high school or equivalent experience

Email Resume at umar.w@cellntell.com



ਫੋਨਾਂ ਦੇ ਸਸਤੇ ਪਲਾਨ ਗਾਰੰਟਿਡ

ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਉਗੇ ਹੈਰਾਨ,
ਇਕ ਵਾਰੀ ਅਜਮਾਉ ਤੇ ਫਿਰ ਹੋਰਾਂ ਨੂੰ ਵੀ ਲਿਆਓ
15 ਸਾਲਾਂ ਤੋ ਇਕੋ ਨਾਮ-ਇਕੋ ਦੁਕਾਨ
(905)790-9999
2565 Steeles Ave. E, Brampton (Steeles/Torbram)



Cell n Tell Distribution Inc.
1-401 Traders Blvd E, Mississauga, ON

Requires F/T Permanent Position, 30 Hrs P/Week " Wholesale Establishment Manager" to study market research and trends to determine consumer demand, potential sales volumes and effect of competitors operation on sales. Determine merchandise and services to be sold, Implement Price and credit policies, locate and select and procure merchandise for resale. Develop and implement marketing strategies. Plan budgets and monitor revenues and expenses. Resolve problems, customer complaints and supply shortages, plan, organize, direct, control evaluate daily operations.

- $50 per hr
- Experience: 5 years or more
- Education: Bachelors Degree Business/Commerce

Email Resume at umar.w@cellntell.com



STARLANE PAINTING
Residential • Commercial • Industrial
• Hotel • Motel • Exterior
• Interior • Spray Painting
• Office Painting • Drywall Fixing
ਘਰ ਹੋਵੇ ਜਾਂ ਹੋਵੇ ਦੁਕਾਨ ਅਸੀ ਵਧਾਈਏ ਰੰਗਾਂ ਨਾਲ ਉਸ ਦੀ ਸ਼ਾਨ
7 Days A Week
Call For FREE Estimate
ਹਰ ਤਰ੍ਹਾਂ ਦੀ ਵਧੀਆਂ ਪੇਂਟਿੰਗ ਲਈ 20 ਸਾਲਾਂ ਤੋਂ ਵੀ ਵੱਧ ਤਜਰਬੇਕਾਰ ਹਰਜੀਤ ਨੂੰ ਕਾਲ ਕਰੋ



ਹਰਜੀਤ ਘਨੌਆ
416.230.4000 • 647.409.1092
www.STARLANEPAINTING.com

# ਕਰੀਬੀ ਦੇ ਕਤਲ ਪਿੱਛੋਂ ਸਮ੍ਰਿਤੀ ਨੇ ਅਰਥੀ ਨੂੰ ਮੋਢਾ ਦਿੱਤਾ




ਅਮੇਠੀ, 27 ਮਈ (ਪੋਸਟ ਬਿਊਰੋ)- ਉੱਤਰ ਪ੍ਰਦੇਸ਼ ਦੇ ਅਮੇਠੀ ਲੋਕ ਸਭਾ ਹਲਕੇ ਤੋਂ ਚੁਣੀ ਗਈ ਸਮ੍ਰਿਤੀ ਈਰਾਨੀ ਦੇ ਇੱਕ ਨੇੜਲੇ ਸਾਥੀ ਸੁਰਿੰਦਰ ਸਿੰਘ ਦੀ ਸ਼ਨੀਵਾਰ ਦੇਰ ਰਾਤ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਗਈ।

ਪੁਲਸ ਸੂਤਰਾਂ ਨੇ ਕੱਲ੍ਹ ਦੱਸਿਆ ਕਿ ਬਰੋਲਾ ਪਿੰਡ ਦੇ ਸਾਬਕਾ ਪ੍ਰਧਾਨ ਸੁਰਿੰਦਰ ਦੇ ਘਰ ਕੁਝ ਬਦਮਾਸ਼ ਦਾਖਲ ਹੋਏ ਅਤੇ ਵਾਰਦਾਤ ਪਿੱਛੋਂ ਫਰਾਰ ਹੋ ਗਏ। ਬਦਮਾਸ਼ ਇੱਕ ਮੋਟਰ ਸਾਈਕਲ 'ਤੇ ਆਏ ਸਨ। ਪੁਲਸ ਨੇ ਘਟਨਾ ਪਿੱਛੋਂ ਇਲਾਕੇ ਵਿੱਚ ਪੈਦਾ ਹੋਏ ਖਿਚਾਅ ਨੂੰ ਧਿਆਨ ਵਿੱਚ ਰੱਖ ਕੇ ਵੱਡੀ ਗਿਣਤੀ 'ਚ ਫੋਰਸ ਤੈਨਾਤ ਕੀਤੀ। ਸੁਰਿੰਦਰ ਸਿੰਘ ਨੇ ਅਮੇਠੀ ਹਲਕੇ ਵਿੱਚ ਸਮ੍ਰਿਤੀ ਈਰਾਨੀ ਦੇ ਹੱਕ ਵਿੱਚ ਧੂੰਆਂਧਾਰ ਪ੍ਰਚਾਰ ਕੀਤਾ ਸੀ, ਜਿਸ ਕਾਰਨ ਭਾਜਪਾ ਦੀ ਉਮੀਦਵਾਰ ਸਮ੍ਰਿਤੀ ਨੇ ਕਾਂਗਰਸ ਦੇ ਉਮੀਦਵਾਰ ਰਾਹੁਲ ਗਾਧੀ ਨੂੰ ਹਰਾ ਦਿੱਤਾ ਸੀ। ਸੁਰਿੰਦਰ ਸਿੰਘ ਦੇ ਅੰਤਿਮ ਸਸਕਾਰ ਵੇਲੇ ਸਮ੍ਰਿਤੀ ਨੇ ਅਰਥੀ ਨੂੰ ਮੋਢਾ ਦਿੱਤਾ। ਪੁਲਸ ਦਾ ਦਾਅਵਾ ਹੈ ਕਿ ਕਾਤਲਾਂ ਨੂੰ ਜਲਦੀ ਗ੍ਰਿਫਤਾਰ ਕਰ ਲਿਆ ਜਾਵੇਗਾ। ਪੁਲਸ ਮੁਖੀ ਨੇ ਦੱਸਿਆ ਕਿ ਕਤਲ ਸੰਬੰਧੀ ਸੱਤ ਮੁਲਜ਼ਮਾਂ ਨੂੰ ਹਿਰਾਸਤ ਵਿੱਚ ਲਿਆ ਗਿਆ ਹੈ।

# ਨਾਜਾਇਜ਼ ਸਬੰਧਾਂ ਦਾ ਅੜਿੱਕਾ ਬਣੇ ਪਤੀ ਦਾ ਪ੍ਰੇਮੀ ਨਾਲ ਮਿਲ ਕੇ ਕਤਲ

ਮਾਛੀਵਾੜਾ, 27 ਮਈ (ਪੋਸਟ ਬਿਊਰੋ)- ਪਿੰਡ ਮਾਣੇਵਾਲ ਵਿੱਚ ਇੱਕ ਔਰਤ ਨੇ ਪ੍ਰੇਮੀ ਨਾਲ ਮਿਲ ਕੇ ਨਾਜਾਇਜ਼ ਸੰਬੰਧਾਂ ਵਿੱਚ ਅੜਿੱਕਾ ਬਣੇ ਆਪਣੇ ਪਤੀ ਦੀ ਹੱਤਿਆ ਕਰ ਦਿੱਤੀ ਹੈ।




ਪੁਲਸ ਨੂੰ ਦਿੱਤੇ ਬਿਆਨ ਵਿੱਚ ਮ੍ਰਿਤਕ ਸੁਖਦੇਵ ਸਿੰਘ ਉਰਫ ਸੁੱਖਾ ਦੇ ਭਰਾ ਸ਼ਮਸ਼ੇਰ ਸਿੰਘ ਨੇ ਦੱਸਿਆ ਕਿ ਉਸ ਦੀ ਭਰਜਾਈ ਪਰਮਜੀਤ ਕੌਰ ਦੇ ਕਈਆਂ ਲੋਕਾਂ ਨਾਲ ਨਾਜਾਇਜ਼ ਸੰਬਧ ਸਨ, ਜਿਸ ਬਾਰੇ ਉਸ ਦਾ ਭਰਾ ਸੁਖਦੇਵ ਸਿੰਘ ਉਸ ਨੂੰ ਰੋਕਦਾ ਸੀ। ਕਰੀਬ ਦੋ ਸਾਲ ਪਹਿਲਾਂ ਪਰਮਜੀਤ ਕੌਰ ਨੇ ਨਿਜ਼ਾਮੂਦੀਨ ਵਾਸੀ ਗੜ੍ਹ ਮੋਟਾਪੋ ਜ਼ਿਲ੍ਹਾ ਕਰਨਾਲ ਦੇ ਨਾਲ ਨਿਕਾਹ ਕਰ ਲਿਆ ਅਤੇ ਉਸੇ ਕੋਲ ਰਹਿਣ ਲੱਗ ਗਈ ਸੀ। ਕਰੀਬ ਦੋ ਮਹੀਨੇ ਪਹਿਲਾਂ ਸੁਖਦੇਵ ਸਿੰਘ ਦੇ ਬੇਟੇ ਦੀ ਮੌਤ ਹੋਣ ਕਾਰਨ ਉਹ ਵਾਪਸ ਮਾਣੇਵਾਲ ਵਿੱਚ ਆ ਕੇ ਰਹਿਣ ਲੱਗ ਗਈ ਅਤੇ ਨਿਜ਼ਾਮੂਦੀਨ ਵੀ ਉਸ ਕੋਲ ਆਉਂਦਾ ਸੀ, ਜੋ ਉਸ ਦੇ ਪਤੀ ਸੁਖਦੇਵ ਸਿੰਘ ਨੂੰ ਪਸੰਦ ਨਹੀਂ ਸੀ। ਇਸ ਬਾਰੇ ਉਨ੍ਹਾਂ ਦਾ ਆਪਸ ਵਿੱਚ ਝਗੜਾ ਵੀ ਹੁੰਦਾ ਸੀ। ਸ਼ਨੀਵਾਰ ਰਾਤ ਪਰਮਜੀਤ ਕੌਰ ਅਤੇ ਉਸ ਦੇ ਪ੍ਰੇਮੀ ਨਿਜ਼ਾਮੂਦੀਨ ਨੇ ਆਪਣੇ ਕੁਝ ਸਾਥੀਆਂ ਨਾਲ ਮਿਲ ਕੇ ਨਾਜਾਇਜ਼ ਸੰਬੰਧਾਂ ਵਿਚ ਅੜਿੱਕਾ ਬਣੇ ਸੁਖਦੇਵ ਸਿੰਘ ਦੀ ਹੱਤਿਆ ਕਰ ਦਿੱਤੀ। ਪੁਲਸ ਨੇ ਸ਼ਮਸ਼ੇਰ ਸਿੰਘ ਦ ਬਿਆਨਾਂ ਉੱਤੇ ਪਰਮਜੀਤ ਕੌਰ, ਨਿਜ਼ਾਮੂਦੀਨ ਅਤੇ ਉਸ ਦੇ ਕੁਝ ਅਣਪਛਾਤੇ ਸਾਥੀਆਂ ਖਿਲਾਫ ਕਤਲ ਦਾ ਕੇਸ ਦਰਜ ਲਿਆ ਹੈ। ਕਤਲ ਪਿੱਛੋਂ ਪਰਮਜੀਤ ਕੌਰ ਨੇ ਖੂਨ ਨਾਲ ਲਥਪਥ ਹੋਏ ਕੱਪੜਿਆਂ ਅਤੇ ਬੈੱਡ ਦੀ ਚਾਦਰ ਨੂੰ ਬਦਲ ਕੇ ਉਸ ਨੂੰ ਪਾਣੀ ਵਿੱਚ ਡੁਬੋ ਦਿੱਤਾ ਸੀ ਤਾਂ ਕਿ ਕਿਸੇ ਨੂੰ ਸ਼ੱਕ ਨਾ ਹੋਵੇ। ਉਸ ਨੇ ਪਿੰਡ ਵਿੱਚ ਇਹ ਅਫਵਾਹ ਫੈਲਾਈ ਕਿ ਉਸ ਦਾ ਪਤੀ ਸ਼ਰਾਬ ਦੇ ਨਸ਼ੇ ਵਿੱਚ ਬੈਡ ਤੋਂ ਡਿੱਗ ਪਿਆ ਅਤੇ ਬੈੱਡ ਦੀ ਨੁੱਕਰ ਉਸ ਦੇ ਸਿਰ ਦੇ ਪਿੱਛੇ ਲੱਗੀ ਜਿਸ ਕਾਰਨ ਉਸ ਦੀ ਮੌਤ ਹੋ ਗਈ ਹੈ।

# ਚਾਲੀ ਕਰੋੜ ਰੁਪਏ ਦੇ ਝੋਨਾ ਘੋਟਾਲੇ ਦਾ ਦੋਸ਼ੀ ਅਫਸਰ ਗ੍ਰਿਫਤਾਰ

ਅੰਮ੍ਰਿਤਸਰ, 27 ਮਈ (ਪੋਸਟ ਬਿਊਰੋ)- ਜੰਡਿਆਲਾ ਗੁਰੂ ਦੀ ਵੀਰੂਮਲ ਮੁਲਖ ਰਾਜ ਰਾਈਸ ਸ਼ੈਲਰ ਵਿੱਚ ਹੋਏ ਝੋਨਾ ਘੋਟਾਲੇ ਦੇ ਮੁੱਖ ਦੋਸ਼ੀ ਅਤੇ ਓਦੋਂ ਦੇ ਡੀ ਐੱਫ ਐੱਸ ਸੀ, ਏ ਪੀ ਸਿੰਘ ਨੂੰ ਵਿਜੀਲੈਂਸ ਬਿਊਰੋ ਨੇ ਪਟਿਆਲਾ ਤੋਂ ਗ੍ਰਿਫਤਾਰ ਕਰ ਲਿਆ ਹੈ। ਇਸ ਕੇਸ ਵਿੱਚ ਉਹ ਭਗੌੜਾ ਸੀ ਅਤੇ ਵਿਜੀਲੈਂਸ ਗ੍ਰਿਫਤਾਰੀ ਲਈ ਛਾਪੇਮਾਰੀ ਕਰ ਰਹੀ ਸੀ। ਮਾਮਲੇ ਦੇ ਕੁਝ ਹੋਰ ਦੋਸ਼ਆਂ ਨੂੰ ਵਿਜੀਲੈਂਸ ਪਹਿਲਾਂ ਹੀ ਗ੍ਰਿਫਤਾਰ ਕਰ ਚੁੱਕੀ ਹੈ। ਇਸ ਵਿੱਚ ਰਾਈਸ ਮਿਲ ਦੇ ਮਾਲਕ ਗੁਲਸ਼ਨ ਜੈਨ, ਨਿਤਿਨ ਜੈਨ, ਨੀਤੂ ਜੈਨ ਪਤਨੀ ਨਿਤਿਨ ਜੈਨ, ਸੁਧੀਰ ਜੈਨ ਉਰਫ ਮੰਨੂ, ਸੋਫੀਆ ਜੈਨ ਪਤਨੀ ਸੁਧੀਰ ਜੈਨ ਵਾਸੀ ਰੇਲਵੇ ਰੋਡ ਜੰਡਿਆਲਾ ਗੁਰੂ ਦੇ ਖਿਲਾਫ ਕੇਸ ਦਰਜ ਕੀਤਾ ਗਿਆ ਸੀ। ਜਾਂਚ ਵਿਜੀਲੈਂਸ ਦੇ ਕੋਲ ਪਹੁੰਚੀ ਤਾਂ ਡੀ ਐੱਫ ਐੱਸ ਸੀ, ਏ ਪੀ ਸਿੰਘ, ਡੀ ਐੱਫ ਐੱਸ ਓ ਰਮਿੰਦਰ ਸਿੰਘ ਬਾਠ, ਏ ਐੱਫ ਐੱਸ ਓ ਵਿਪਨ ਸ਼ਰਮਾ, ਇੰਸਪੈਕਟਰ ਗੁਰਜਿੰਦਰ ਸਿੰਘ ਅਤੇ ਐੱਸ ਟੀ ਏ ਪਰਮਿੰਦਰ ਸਿੰਘ ਭਾਟੀਆ ਨੂੰ ਨਾਮਜ਼ਦ ਕੀਤਾ ਗਿਆ। ਏ ਪੀ ਸਿੰਘ ਅਤੇ ਜੈਨ ਪਰਵਾਰ ਨੂੰ ਛੱਡ ਕੇ ਸਾਰੇ ਦੋਸ਼ੀਆਂ ਨੂੰ ਵਿਜੀਲੈਂਸ ਨੇ ਗ੍ਰਿਫਤਾਰ ਕਰ ਲਿਆ ਸੀ। ਸ਼ੈਲਰ ਮਾਲਕ ਦਾ ਪੂਰਾ ਪਰਵਾਰ ਫਰਾਰ ਹੈ, ਜੋ ਵਿਦੇਸ਼ ਵਿੱਚ ਹੈ। ਵਿਜੀਲੈਂਸ ਬਿਊਰੋ ਦੇ ਅਨੁਸਾਰ ਦੋਸ਼ੀ ਏ ਪੀ ਸਿੰਘ ਦਾ ਰਿਮਾਂਡ ਹਾਸਲ ਕੀਤਾ ਜਾਏਗਾ, ਤਾਂ ਕਿ ਮਾਮਲੇ ਦੀ ਹੋਰ ਪਰਤਾਂ ਖੁੱਲ੍ਹ ਸਕਣ। ਵਿਜੀਲੈਂਸ ਦੇ ਬੁਲਾਰੇ ਅਨੁਸਾਰ ਦੋਸ਼ੀ ਡੀ ਐੱਫ ਐੱਸ ਸੀ ਨੇ ਕੁਝ ਅਧਿਕਾਰੀਆਂ ਤੇ ਰਾਈਸ ਮਿਲ ਮਾਲਕ ਨਾਲ ਘੋਟਾਲੇ ਦੀ ਸਾਜ਼ਿਸ਼ ਰਚੀ। ਦੋਸ਼ੀਆਂ ਨੇ 2017-18 ਦੇ ਝੋਨੇ ਦੇ ਸੀਜ਼ਨ ਦੌਰਾਨ ਪਨਗ੍ਰੇਨ ਏਜੰਸੀ ਤੋਂ ਕਰੀਬ 18 ਲੱਖ ਬੋਰੀਆਂ ਖਰੀਦੀਆਂ, ਜਿਸ ਵਿੱਚੋਂ ਅੱਠ ਲੱਖ ਬੋਰੀਆਂ ਦੇ ਫਰਜ਼ੀ ਬਿੱਲ ਬਣਾ ਕੇ ਭੇਜ ਦਿੱਤੇ। ਇਸ ਵਿੱਚ ਕਰੀਬ ਚਾਲੀ ਕਰੋੜ ਤੋਂ ਉਪਰ ਘੋਟਾਲਾ ਕੀਤਾ ਹੈ। ਇਸ ਬਾਰੇ ਸ਼ਿਕਾਇਤ ਸੰਸਦ ਮੈਂਬਰ ਗੁਰਜੀਤ ਸਿੰਘ ਔਜਲਾ ਨੇ ਕੀਤੀ ਸੀ। ਪੰਜ ਅਪਰੈਲ 2018 ਨੂੰ ਥਾਣਾ ਜੰਡਿਆਲਾ ਗੁਰੂ ਪੁਲਸ ਨੇ ਜੈਨ ਪਰਵਾਰ 'ਤੇ ਮਾਮਲਾ ਦਰਜ ਕੀਤਾ। ਇਸ ਦੇ ਬਾਅਦ ਹੋਈ ਜਾਂਚ ਵਿੱਚ ਵਿਭਾਗੀ ਅਧਿਕਾਰੀਆਂ ਦੇ ਨਾਂਅ ਵੀ ਸਾਹਮਣੇ ਆਏ ਅਤੇ ਉਨ੍ਹਾਂ ਨੂੰ ਵੀ ਨਾਮਜ਼ਦ ਕੀਤਾ ਗਿਆ।



# ਖੇਤ ਵਿੱਚ ਪਾਣੀ ਪੀਂਦੇ ਦੋ ਬੱਚਿਆਂ ਦੀ ਮੋਟਰ ਤੋਂ ਕਰੰਟ ਨਾਲ ਮੌਤ

ਡੇਰਾ ਬਾਬਾ ਨਾਨਕ, 27 ਮਈ (ਪੋਸਟ ਬਿਊਰੋ)- ਪਿੰਡ ਡਾਲਾ ਦੇ ਖੇਤ ਵਿੱਚ ਲੱਗੀ ਮੋਟਰ ਤੋਂ ਪਾਣੀ ਪੀਂਦੇ ਸਮੇਂ ਕਰੰਟ ਲੱਗਣ ਨਾਲ ਦੋ ਸਕੇ ਭਰਾਵਾਂ ਦੀ ਮੌਤ ਹੋ ਗਈ। ਇਸ ਕਰੰਟ ਦੀ ਲਪੇਟ ਵਿੱਚ ਆਏ ਹਰਪ੍ਰੀਤ ਸਿੰਘ (8) ਨੂੰ ਬਚਾਉਣ ਦੀ ਕੋਸ਼ਿਸ਼ ਵਿੱਚ ਸੁਖਪ੍ਰੀਤ ਸਿੰਘ (10) ਨੂੰ ਵੀ ਤੇਜ਼ ਕਰੰਟ ਲੱਗਾ ਅਤੇ ਦੋਵਾਂ ਦੀ ਮੌਕੇ 'ਤੇ ਮੌਤ ਹੋ ਗਈ। ਦੋਵਾਂ ਪੁੱਤਰਾਂ ਦੀ ਮੌਤ ਦੀ ਜਾਣਕਾਰੀ ਮਿਲਣ 'ਤੇ ਮਾਂ ਹਰਵਿੰਦਰ ਕੌਰ ਦੀ ਵੀ ਹਾਲਤ ਵਿਗੜ ਗਈ। ਉਸ ਨੂੰ ਹਸਪਤਾਲ ਲਿਜਾਇਆ ਗਿਆ। ਸੁਖਪ੍ਰੀਤ ਅਤੇ ਹਰਪ੍ਰੀਤ ਦੇ ਪਿਤਾ ਸਰਬਜੀਤ ਸਿੰਘ ਮਸਕਟ ਵਿੱਚ ਟਰੱਕ ਡਰਾਈਵਰ ਹਨ। ਉਨ੍ਹਾਂ ਦੇ ਵਾਪਸ ਆਉਣ 'ਤੇ ਦੋਵਾਂ ਪੁੱਤਰਾਂ ਦਾ ਸਸਕਾਰ ਕੀਤਾ ਜਾਏਗਾ।



ਬੱਚਿਆਂ ਦੇ ਦਾਦਾ ਜੋਗਿੰਦਰ ਸਿੰਘ ਨੇ ਦੱਸਿਆ ਕਿ ਸਵੇਰੇ ਉਹ ਖੇਤ ਵਿੱਚ ਟਰੈਕਟਰ ਨਾਲ ਬੁਆਈ ਕਰ ਰਹੇ ਸਨ। ਥੋੜ੍ਹੀ ਦੂਰ ਦੋਵੇਂ ਪੋਤਰੇ ਸੁਖਪ੍ਰੀਤ ਤੇ ਹਰਪ੍ਰੀਤ ਖੇਡ ਰਹੇ ਸਨ। ਓਥੇ ਨੇੜੇ ਲੱਗੀ ਪਾਣੀ ਦੀ ਮੋਟਰ ਤੋਂ ਹਰਪ੍ਰੀਤ ਸਿੰਘ ਪਾਣੀ ਪੀਣ ਲੱਗਾ ਤਾਂ ਉਸ ਨੂੰ ਕਰੰਟ ਲੱਗ ਗਿਆ। ਉਸ ਨੂੰ ਬਚਾਉਣ ਦੀ ਕੋਸ਼ਿਸ਼ ਵਿੱਚ ਸੁਖਪ੍ਰੀਤ ਨੂੰ ਵੀ ਤੇਜ਼ ਕਰੰਟ ਲੱਗਾ ਅਤੇ ਦੋਵੇਂ ਜ਼ਮੀਨ 'ਤੇ ਡਿੱਗ ਪਏ। ਜਦ ਤੱਕ ਉਹ ਮੋਟਰ ਤੱਕ ਜਾਂਦੇ, ਦੋਵਾਂ ਦੀ ਮੌਤ ਹੋ ਚੁੱਕੀ ਸੀ। ਸੁਖਪ੍ਰੀਤ ਸਿੰਘ ਚੌਥੀ ਵਿੱਚ ਪੜ੍ਹਦਾ ਸੀ ਅਤੇ ਹਰਪ੍ਰੀਤ ਪਹਿਲੀ ਕਲਾਸ ਵਿੱਚ ਸੀ। ਦੋਵਾਂ ਬੱਚਿਆਂ ਦੀ ਮੌਤ ਪਿੱਛੋਂ ਮਾਂ ਹਰਵਿੰਦਰ ਕੌਰ ਨੂੰ ਸਦਮਾ ਲੱਗਣ ਉਤੇ ਰਮਦਾਸ ਦੇ ਇੱਕ ਹਸਪਤਾਲ ਵਿੱਚ ਲਿਜਾਇਆ ਗਿਆ।

# ਥਾਣਾ ਪਤਾਰਾ ਤੋਂ ਰਿਵਾਲਵਰ ਗਾਇਬ, ਵੱਡੀ ਮੱਛੀ ਬਚਾਉਣ ਲਈ ਛੋਟੀ ਫਸਾ ਧਰੀ

ਜਲੰਧਰ, 27 ਮਈ (ਪੋਸਟ ਬਿਊਰੋ)- ਥਾਣਾ ਪਤਾਰਾ ਦੇ ਮਾਲਖਾਨੇ ਤੋਂ ਲਾਇਸੈਂਸੀ ਰਿਵਾਲਵਰ ਗਾਇਬ ਹੋਣ ਦੇ ਮਾਮਲੇ ਵਿੱਚ ਪੁਲਸ ਨੇ ਓਦੋਂ ਦੇ ਹਵਾਲਦਾਰ ਤੇ ਪੁਲਸ ਚੌਕੀ ਅਲਾਵਲਪੁਰ ਦੇ ਮੌਜੂਦਾ ਇੰਚਾਰਜ ਏ ਐੱਸ ਆਈ ਦਲਜੀਤ ਸਿੰਘ ਦੇ ਖਿਲਾਫ ਕੇਸ ਦਰਜ ਕੀਤਾ ਹੈ। ਇਸ ਦੇ ਬਾਅਦ ਦਲਜੀਤ ਸਿੰਘ ਫਰਾਰ ਦੱਸਿਆ ਗਿਆ ਹੈ। ਪੁਲਸ ਉਸ ਦੇ ਅੱਡਿਆਂ 'ਤੇ ਛਾਪੇਮਾਰੀ ਕਰ ਰਹੀ ਹੈ, ਪਰੰਤੂ ਉਸ ਦਾ ਕੋਈ ਸੁਰਾਗ ਨਹੀਂ ਮਿਲ ਸਕਿਆ।



ਦੂਸਰੇ ਪਾਸੇ ਚਰਚਾ ਹੈ ਕਿ ਦਲਜੀਤ ਸਿੰਘ ਨੂੰ ਬਲੀ ਦਾ ਬੱਕਰਾ ਬਣਾਇਆ ਗਿਆ ਹੈ। ਰਿਵਾਲਵਰ ਗਾਇਬ ਹੋਣ ਵੇਲੇ ਦਲਜੀਤ ਸਿੰਘ ਹੈਡ ਕਾਂਸਟੇਬਲ ਵਜੋਂ ਥਾਣਾ ਪਤਾਰਾ ਦਾ ਮੁਨਸ਼ੀ ਸੀ ਅਤੇ ਸੂਤਰਾਂ ਮੁਤਾਬਕ ਮੁਨਸ਼ੀ ਦੇ ਵੱਸ ਦੀ ਗੱਲ ਨਹੀਂ ਕਿ ਉਹ ਇਕੱਲਾ ਲਾਇਸੈਂਸੀ ਰਿਵਾਲਵਰ ਨੂੰ ਮਾਲਖਾਨੇ ਤੋਂ ਗਾਇਬ ਕਰ ਦੇਵੇ, ਇਸ ਵਿੱਚ ਓਦੋਂ ਦੇ ਇੰਸਪੈਕਟਰ ਜਾਂ ਡੀ ਐੱਸ ਪੀ ਲੈਵਲ ਤੱਕ ਦੇ ਪੁਲਸ ਅਧਿਕਾਰੀ ਦਾ ਸਾਥ ਹੋਵੇਗਾ। ਥਾਣਾ ਪਤਾਰਾ ਵਿੱਚ ਅਗਸਤ 2016 ਵਿੱਚ ਨਵੇਂ ਐੱਸ ਐੱਚ ਓ ਵਜੋਂ ਇੰਸਪੈਕਟਰ ਤਰਸੇਮ ਲਾਲ ਨੇ ਚਾਰਜ ਲਿਆ ਸੀ। ਉਸੇ ਪਿੱਛੋਂ ਮਾਲਖਾਨੇ ਤੋਂ ਰਿਵਾਲਵਰ ਗੁੰਮ ਹੋਣ ਦੀ ਗੱਲ ਪਤਾ ਲੱਗੀ ਅਤੇ ਐੱਸ ਐੱਸ ਪੀ ਦਿਹਾਤੀ ਦੇ ਹੁਕਮ ਉੱਤੇ ਇੰਸਪੈਕਟਰ ਤਰਸੇਮ ਲਾਲ ਨੇ ਜਾਂਚ ਕੀਤੀ ਤੇ ਫਿਰ ਇੰਸਪੈਕਟਰ ਤਰਸੇਮ ਲਾਲ ਰਿਟਾਇਰ ਹੋ ਗਏ। ਕਰੀਬ ਪੌਣੇ ਤਿੰਨ ਸਾਲ ਬਾਅਦ ਪੁਲਸ ਦੀ ਜਾਂਚ ਵਿੱਚ ਰਿਵਾਲਵਰ ਗਾਇਬ ਹੋਣ ਲਈ ਦਲਜੀਤ ਸਿੰਘ ਨੂੰ ਦੋਸ਼ੀ ਬਣਾ ਕੇ ਉਸ ਦੇ ਖਿਲਾਫ ਕੇਸ ਦਰਜ ਕੀਤਾ ਗਿਆ ਹੈ।

# ਨਗਰ ਪੰਚਾਇਤ ਤਲਵਾੜਾ ਅਤੇ ਭਾਦਸੋਂ ਦੀਆਂ ਚੋਣਾਂ ਲਈ ਐਲਾਨ

ਚੰਡੀਗੜ੍ਹ, 27 ਮਈ (ਪੋਸਟ ਬਿਊਰੋ)- ਪੰਜਾਬ ਰਾਜ ਦੇ ਚੋਣ ਕਮਿਸ਼ਨਰ ਜਗਪਾਲ ਸਿੰਘ ਸੰਧੂ ਨੇ ਅੱਜ ਨਗਰ ਪੰਚਾਇਤ ਤਲਵਾੜਾ ਅਤੇ ਭਾਦਸੋਂ ਦੀਆਂ ਆਮ ਚੋਣਾਂ ਅਤੇ ਨਗਰ ਨਿਗਮ/ ਮਿਊਂਸਪਲ ਕੌਂਸਲਾਂ/ ਨਗਰ ਪੰਚਾਇਤਾਂ ਦੇ 18 ਵਾਰਡਾਂ ਦੀਆਂ ਉੱਪ ਚੋਣਾਂ ਦਾ ਐਲਾਨ ਕਰ ਦਿੱਤਾ ਹੈ। ਸਬੰਧਤ ਨਗਰ ਨਿਗਮ ਅਤੇ ਨਗਰ ਕੌਂਸਲਾਂ/ ਨਗਰ ਪੰਚਾਇਤਾਂ ਦੇ ਖੇਤਰ ਵਿਚ ਚੋਣ ਜਾਬਤਾ ਇਸ ਦੇ ਨਾਲ ਹੀ ਲਾਗੂ ਹੋ ਗਿਆ ਹੈ, ਜੋ ਚੋਣ ਪ੍ਰਕ੍ਰਿਆ ਮੁੱਕਣ ਤੱਕ ਜਾਰੀ ਰਹੇਗਾ। ਇਸ ਸੰਬੰਧ ਵਿੱਚ ਜਗਪਾਲ ਸਿੰਘ ਸੰਧੂ ਨੇ ਕਿਹਾ ਕਿ ਇਨ੍ਹਾਂ ਚੋਣਾਂ ਦੀ ਨਾਮਜ਼ਦਗੀ ਦਾਖਲ ਕਰਨ ਦੀ ਪ੍ਰੀਕਿਰਿਆ 4 ਜੂਨ ਤੋਂ ਸ਼ੁਰੂ ਹੋਵੇਗੀ ਤੇ 11 ਜੂਨ 2019 ਤੱਕ ਨਾਮਜ਼ਦਗੀ ਪੱਤਰ ਭਰੇ ਜਾਣਗੇ। ਇਨ੍ਹਾਂ ਦੀ ਜਾਂਚ 12 ਜੂਨ ਨੂੰ ਹੋਵੇਗੀ, 13 ਜੂਨ ਨੂੰ ਨਾਮਜ਼ਦਗੀ ਪੱਤਰ ਵਾਪਸ ਲਏ ਜਾ ਸਕਣਗੇ ਤੇ ਇਸੇ ਦਿਨ ਚੋਣ ਨਿਸ਼ਾਨ ਅਲਾਟ ਕੀਤੇ ਜਾਣਗੇ। 21 ਜੂਨ ਨੂੰ ਸਵੇਰੇ 8 ਤੋਂ ਸ਼ਾਮ 4 ਵਜੇ ਤੱਕ ਵੋਟਾਂ ਪੈਣਗੀਆਂ ਤੇ ਇਸੇ ਦਿਨ ਚੋਣਾਂ ਪਿੱਛੋਂ ਗਿਣਤੀ ਕੀਤੀ ਜਾਵੇਗੀ। ਚੋਣ ਕਮਿਸ਼ਨਰ ਨੇ ਦੱਸਿਆ ਕਿ 1 ਜਨਵਰੀ 2019 ਤੱਕ ਸਾਰੇ ਯੋਗ ਵੋਟਰਾਂ ਦੀ ਸੂਚੀ ਅਪਡੇਟ ਕੀਤੀ ਗਈ ਹੈ।



ਨਾਲ ਹੀ ਉਪ ਚੋਣਾਂ ਹੋਣੀਆਂ ਹਨ ਅਤੇ ਨਗਰ ਨਿਗਮ ਅੰਮ੍ਰਿਤਸਰ ਦੇ ਵਾਰਡ ਨੰਬਰ; 50 ਅਤੇ 71, ਬਠਿੰਡਾ ਦੇ ਵਾਰਡ ਨੰ. 30, ਫਗਵਾੜਾ ਦੇ ਵਾਰਡ ਨੰ. 30 ਤੇ 35, ਮੋਗਾ ਦੇ ਵਾਰਡ ਨੰ. 20, ਨਗਰ ਕੌਂਸਲ ਉੜਮੁੜ ਟਾਂਡਾ ਵਾਰਡ ਨੰ. 4, ਸੰਗਰੂਰ ਦੇ ਵਾਰਡ ਨੰ.23, ਧੂਰੀ ਦੇ ਵਾਰਡ ਨੰ. 6, ਮਲੇਰਕੋਟਲਾ ਵਾਰਡ ਨੰ. 29, ਧਾਰੀਵਾਲ ਵਾਰਡ ਨੰ. 2, ਦੋਰਾਹਾ ਦੇ ਵਾਰਡ ਨੰ. 4, ਬੁਢਲਾਢਾ ਵਾਰਡ ਨੰ. 18, ਢਿੱਲਵਾਂ ਦੇ ਵਾਰਡ ਨੰ. 2 ਤੇ 11, ਫਿਰੋਜਪੁਰ ਦੇ ਵਾਰਡ ਨੰ. 8, ਅਬੋਹਰ ਵਾਰਡ ਨੰ. 22 ਅਤੇ ਨਗਰ ਪੰਚਾਇਤ ਲੋਹੀਆਂ ਖਾਸ ਦੇ ਵਾਰਡ ਨੰ. 6 ਵਿਖੇ ਉੱਪ ਚੋਣਾਂ ਹੋਣਗੀਆਂ।

# ਸਿੱਖ ਭਾਵਨਾਵਾਂ ਨੂੰ ਠੇਸ ਬਾਰੇ ਸਰਕਾਰ ਵੈੱਬਸਾਈਟ ਜ਼ੈਜ਼ਲ ਖਿਲਾਫ ਕਾਰਵਾਈ ਕਰੇ: ਲੌਂਗੋਵਾਲ

ਅੰਮ੍ਰਿਤਸਰ, 26 ਮਈ (ਪੋਸਟ ਬਿਊਰੋ)- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੇ ਆਨਲਾਈਨ ਖਰੀਦਦਾਰੀ ਨਾਲ ਸੰਬੰਧਤ ਵੈੱਬਸਾਈਟ ਜ਼ੈਜ਼ਲ ਡਾਟਕਾਮ ਵੱਲੋਂ ਸਿੱਖਾਂ ਦੀਆਂ ਧਾਰਮਿਕ ਭਾਵਨਾਵਾਂ ਨੂੰ ਠੇਸ ਲਾਉਣ ਦੇ ਦੋਸ਼ ਹੇਠ ਭਾਰਤ ਸਰਕਾਰ ਤੋਂ ਸਖਤ ਕਾਰਵਾਈ ਦੀ ਮੰਗ ਕੀਤੀ ਹੈ।



ਇਸ ਸੰਬੰਧ ਵਿੱਚ ਸ਼੍ਰੋਮਣੀ ਕਮੇਟੀ ਨੇ ਪੰਜਾਬ ਪੁਲਸ ਦੇ ਮੁਖੀ (ਡੀ ਜੀ ਪੀ) ਨੂੰ ਇੱਕ ਪੱਤਰ ਲਿਖਿਆ ਹੈ। ਅਸਲ ਵਿੱਚ ਇਸ ਵੈੱਬਸਾਈਟ ਵੱਲੋਂ ਵੇਚਣ ਲਈ ਪਾਏ ਗਏ ਵੱਖ-ਵੱਖ ਤਰ੍ਹਾਂ ਦੇ ਸਾਮਾਨ 'ਤੇ ਗੁਰਮੁਖੀ ਅੱਖਰਾਂ ਨੂੰ ਛਾਪਿਆਂ ਗਿਆ ਹੈ। ਕੱਪੜਿਆਂ, ਟੋਪੀਆਂ, ਬੈਗਾਂ, ਚੱਪਲਾਂ, ਮੋਬਾਈਲ ਕਵਰਾਂ ਆਦਿ ਉਤੇ ਗੁਰਮੁਖੀ ਅੱਖਰਾਂ ਦੇ ਨਾਲ-ਨਾਲ ਪਾਵਨ ਗੁਰਬਾਣੀ ਵਿੱਚੋਂ ੴ ਨੂੰ ਤੋੜ-ਮਰੋੜ ਕੇ ਲਿਖਣ ਕਾਰਨ ਸਿੱਖਾਂ ਵਿੱਚ ਰੋਸ ਹੈ। ਵੈੱਬਸਾਈਟ ਦੀ ਇਸ ਹਰਕਤ ਦਾ ਨੋਟਿਸ ਲੈਂਦਿਆਂ ਗੋਬਿੰਦ ਸਿੰਘ ਲੌਂਗੋਵਾਲ ਨੇ ਇਸ ਦੀ ਕਰੜੀ ਨਿੰਦਾ ਕੀਤੀ ਅਤੇ ਸੰਬੰਧਤ ਲੋਕਾਂ ਖਿਲਾਫ ਸਖਤ ਕਾਰਵਾਈ ਦੀ ਮੰਗ ਕੀਤੀ ਹੈ। ਉਨ੍ਹਾਂ ਨੇ ਕਿਹਾ ਕਿ ਕੁਝ ਸ਼ਰਾਰਤੀ ਲੋਕ ਜਾਣਬੁੱਝ ਕੇ ਸਿੱਖਾਂ ਦੀਆਂ ਧਾਰਮਿਕ ਭਾਵਨਾਵਾਂ ਨਾਲ ਖਿਲਵਾੜ ਕਰ ਰਹੇ ਹਨ। ਇਨ੍ਹਾਂ ਦੇ ਖਿਲਾਫ ਸਰਕਾਰਾਂ ਨੂੰ ਸਖਤ ਹੋਣਾ ਚਾਹੀਦਾ ਹੈ। ਇਸ ਤੋਂ ਪਹਿਲਾਂ ਵੀ ਕਈ ਵਾਰ ਅਜਿਹੇ ਕੇਸ ਆ ਚੁੱਕੇ ਸਨ ਤੇ ਇਸ ਵਾਰ ਫਿਰ ਸਿੱਖਾਂ ਦੀਆਂ ਭਾਵਨਾਵਾਂ ਨੂੰ ਠੇਸ ਲਾਈ ਗਈ ਹੈ।


ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

CLASSIFIEDS

Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

amar INTERMODAL • TRANSPORT • STORAGE
HIRING DRIVERS for Ontario and Montreal
Hiring Owner Operators Drivers
1 Year Prior Experience
Flexible in time
Good Salary
Contact Now
P: 905-893-2270 Ext 121
F: 905-893-9545
E: info@amartransport.com
W: www.amartransport.com
Lanes
Toronto local work
Montreal local work
Montreal Toronto highway work
7290 Major Mackenzie Drive Kleinberg, Ont. L0J 1C0

Call for Free Estimates
A-1 RENOVATION GTA INC
416-456-1462
$1,000
OVER 15 YEARS OF SERVICE
Professionals in Completing Basements within 3 Weeks
Services:
• Complete Basement
• Tiles
• Bathrooms
• Plumbing
• Laminate
• Hardwood Floor
• Painting
info@a1renovationgta.com
www.a1renovationgta.com
A-1 RENOVATION GTA INC.
22 Listcreek Road, Brampton L6p 2n6

GF1
Security Jobs - Security Guard Training - Licensing
Job Guaranteed after completion of the training
Weekend ਤੇ ਵੀ Security ਲਈ Training Classes ਲਗਾਈਆਂ ਜਾਂਦੀਆਂ ਹਨ
■ Ministry of Community Safety and Correctional Services approved. ■ We speak English, Hindi, Punjabi &Urdu.
■ Training by Professional Instructors. First Aid & CPR certification included. ■ Limited time offer:$199/-
We Also Provide All Level's of First Aid & CPR Training
• Emergency First Aid & CPR Level's A.B.C
• Standard First Aid & CPR Level's A.B.C.HCP
• Stay at Home Course
• Baby Sitting Course
• Little Rescuers
H.O: 1332 Khalsa Dr.,Unit 3,2nd Floor,Mississauga, L5S1W5
(Near Dixie Gurdwara)
647-710-7760
Email: info@gf1security.com
1085 Bellamy Rd (N)
Unit #210 Scarbrough (Toronto)
647-929-7736
Web: www.gf1security.com
REVIVE EMS
CANADIAN RED CROSS Training Partner

V4U LOGISTIC INC.
Delivering "Satisfaction"... On Time ...Every Time
NOW HIRING
A/Z Drivers Needed
For Canada To US Runs
Local City Drivers @ 22/hr
• General Freight
• Yard to Yard Work
• Up to 3500 miles/wk
• 2 Yr. Exp
• Clear CVOR & Abstract
For Owner Operator upto $1.62/mile
USA Driver $0.60/mile | Canada wide $0.50/mile
☆ Disability Insurance
☆ Travel Insurance
☆ Medical Benefits
☆ Dental Benefits
ਪਰਗਟ ਸਿੰਘ ਨੂੰ ਫੋਨ ਕਰੋ:
416-625-3096
ਟਰੱਕ ਮਕੈਨਿਕ ਦੀ ਵੀ ਲੋੜ ਹੈ

HOMELIFE SILVERCITY Realty Inc. Brokerage
Kulwinder Chhina
SALES REPRESENTATIVE
647.293.2327
www.Kulwinderchhina.com

MANN RENOVATION
ਘਰਾਂ ਦੀ ਰੈਨੋਵੇਸ਼ਨ ਜਿਵੇਂ ਬੇਸਮੈਂਟ ਬਨਾਉਣੀ, ਸਾਈਡ ਐਂਟਰੈਂਸ, ਵਾਸ਼ਰੂਮ ਬਨਾਉਣਾ, ਟਾਇਲਾਂ ਦਾ ਕੰਮ, ਕੰਕਰੀਟ ਆਦਿ । ਇਸ ਤੋਂ ਇਲਾਵਾ ਕਿਸੇ ਵੀ ਤਰ੍ਹਾਂ ਦਾ ਇਲੈਕਟ੍ਰੀਕਲ ਕੰਮ, ਪਲੰਬਿੰਗ ਦਾ ਕੰਮ ਕਰਵਾਉਣ ਲਈ ਕਾਲ ਕਰੋ :
416 839 0647, 905-598-4640

PESTAGON Ltd
PEST CONTROL SERVICES
* RESIDENTIAL * COMMERCIAL
LICENCED BY GOVERNMENT
INSURED & BONDED
EVERY SERVICE
WITH WARRANTY
SERVING GTA
CALL: 905-463-2153
Ants, Wasp, Centepede, Fleas, Bed Bugs

RESIDENTIAL - COMMERCIAL
PROPERTY - INDUSTRIAL
For all your Real Estate Need Call
416.262.2600
Email: karampunian@gmail.com
KARAM SINGH PUNIAN
Sales Representative
HomeLife Maple Leaf Realty Ltd.
80 Eastern Ave, Brampton, ON
Tel: 905.456.9090

# ਕਿਸ ਨੂੰ ਆਕਰਸ਼ਿਤ ਕਰਨ ਦੀ ਕੋਸ਼ਿਸ਼ ਕਰਨਗੇ ਰਿਤਿਕ



ਪਿਛਲੇ ਦਿਨੀਂ ਖਬਰ ਆਈ ਸੀ ਕਿ ਰਿਤਿਕ ਰੋਸ਼ਨ ਅਤੇ ਟਾਈਗਰ ਸ਼ਰਾਫ ਇਕੱਠੇ ਇੱਕ ਫਿਲਮ ਵਿੱਚ ਸਕਰੀਨ ਸ਼ੇਅਰ ਕਰਨਗੇ। ਇਸ ਫਿਲਮ ਦਾ ਨਾਂਅ ਹੈ 'ਫਾਈਟਰਜ਼ 2'। ਇਹ ਖਬਰ ਆਈ ਸੀ ਕਿ 'ਬੇਫਿਕਰੇ' ਫੇਮ ਵਾਣੀ ਕਪੂਰ ਦੀ ਇਸ ਫਿਲਮ ਵਿੱਚ ਟਾਈਗਰ ਸ਼ਰਾਫ ਨਾਲ ਰੋਮਾਂਟਿਕ ਜੋੜੀ ਬਣੇਗੀ, ਪ੍ਰੰਤੂ ਰਿਤਿਕ ਦੇ ਆਪੋਜ਼ਿਟ ਫੀਮੇਲ ਲੀਡ ਕੌਣ ਹੋਵੇਗੀ, ਇਹ ਪਤਾ ਨਹੀਂ ਲੱਗ ਸਕਿਆ ਸੀ।

ਸੂਤਰਾਂ ਨੇ ਦੱਸਿਆ ਹੈ ਕਿ ਇਸ ਫਿਲਮ ਵਿੱਚ ਵਾਣੀ ਕਪੂਰ ਦੇ ਨਾਲ ਇੱਕ ਹੋਰ ਅਭਿਨੇਤਰੀ ਹੋਵੇਗੀ, ਜੋ ਰਿਤਿਕ ਦੇ ਆਪੋਜ਼ਿਟ ਹੋਵੇਗੀ। ਇਸ ਅਭਿਨੇਤਰੀ ਨਾਲ ਰਿਤਿਕ ਰੋਮਾਂਟਿਕ ਸੀਨ ਕਰਨਗੇ, ਜੋ ਅਸਲ ਵਿੱਚ ਡ੍ਰੀਮ ਸੀਨ ਹੋਵੇਗਾ। ਫਿਲਮ ਦੀ ਕਹਾਣੀ ਫੌਜ ਉਤੇ ਆਧਾਰਤ ਹੈ ਅਤੇ ਰਿਤਿਕ ਫੌਜੀ ਅਫਸਰ ਬਣੇ ਹਨ। ਉਸ ਅਭਿਨੇਤਰੀ ਨੂੰ ਵੀ ਫੌਜ ਦੀ ਅਧਿਕਾਰੀ ਦੇ ਰੂਪ ਵਿੱਚ ਦਿਖਾਇਆ ਜਾਏਗਾ, ਜੋ ਰਿਤਿਕ ਦੀ ਜੂਨੀਅਰ ਹੋਵੇਗੀ। ਫਿਲਮ ਦੀ ਕਹਾਣੀ ਅਨੁਸਾਰ ਰਿਤਿਕ ਰੋਸ਼ਨ ਉਸ ਮਹਿਲਾ ਫੌਜੀ ਅਧਿਕਾਰੀ ਦੇ ਪਿਆਰ ਵਿੱਚ ਪੈਣਗੇ ਅਤੇ ਉਸ ਨੂੰ ਆਕਰਸ਼ਿਤ ਕਰਨ ਦੀ ਕੋਸ਼ਿਸ਼ ਕਰਦੇ ਹੋਏ ਦਿਖਾਈ ਦੇਣਗੇ, ਅਜੇ ਤੱਕ ਮੇਕਰਸ ਵੱਲੋਂ ਉਸ ਅਭਿਨੇਤਰੀ ਦੇ ਨਾਂਅ ਦਾ ਖੁਲਾਸਾ ਨਹੀਂ ਕੀਤਾ ਗਿਆ।

# 'ਹੇਰਾ ਫੇਰੀ 3' ਦੇ ਲਈ ਰੋਮਾਂਚਿਤ ਹਨ ਸੁਨੀਲ ਸ਼ੈੱਟੀ



ਅਭਿਨੇਤਾ ਸੁਨੀਲ ਸ਼ੈੱਟੀ ਹੁਣ ਬਹੁਤ ਘੱਟ ਫਿਲਮਾਂ ਕਰਦੇ ਹਨ। ਹਾਲੇ ਉਹ ਆਪਣੀ ਅਗਲੀ ਫਿਲਮ 'ਹੇਰਾ ਫੇਰੀ 3' ਨੂੰ ਲੈ ਕੇ ਉਤਸ਼ਾਹਤ ਹਨ। ਇਸ ਸਾਲ ਦੇ ਅਖੀਰ ਤੱਕ ਇਸ ਫਿਲਮ 'ਤੇ ਕੰਮ ਸ਼ੁਰੂ ਹੋ ਜਾਏਗਾ। ਵਰਨਣ ਯੋਗ ਹੈ ਕਿ 2000 ਵਿੱਚ ਪ੍ਰਿਯਦਰਸ਼ਨ ਦੇ ਨਿਰਦੇਸ਼ਨ ਵਾਲੀ ਫਿਲਮ 'ਹੇਰਾ ਫੇਰੀ' ਰਿਲੀਜ਼ ਹੋਈ ਸੀ, ਜਿਸ ਵਿੱਚ ਪਰੇਸ਼ ਰਾਵਲ ਤੇ ਅਕਸ਼ੈ ਕੁਮਾਰ ਵੀ ਸਨ। ਇਹ ਕਹਾਣੀ ਤਿੰਨ ਜਣਿਆਂ ਦੇ ਦੁਆਲੇ ਘੁੰਮਦੀ ਹੈ। ਇਸ ਪਿੱਛੋਂ ਇਨ੍ਹਾਂ ਤਿੰਨਾਂ ਨੂੰ ਲੈ ਕੇ 2006 ਵਿੱਚ 'ਫਿਰ ਹੇਰਾ ਫੇਰੀ' ਬਣਾਈ, ਜਿਸ ਦੇ ਨਿਰਦੇਸ਼ਕ ਸਨ ਨੀਰਜ ਵੋਰਾ। ਅੱਗੋਂ 'ਹੇਰਾ ਫੇਰੀ 3' ਬਣਾਈ ਜਾ ਰਹੀ ਹੈ ਸੁਨੀਲ ਸ਼ੈਟੀ ਨੇ ਦੱਸਿਆ, "ਪ੍ਰਿਯਦਰਸ਼ਨ ਨਾਲ ਗੱਲਬਾਤ ਚੱਲ ਰਹੀ ਹੈ। ਫਿਲਮ ਇਸ ਸਾਲ ਦੇ ਅਖੀਰ ਤੱਕ ਸ਼ੁਰੂ ਹੋ ਜਾਵੇਗੀ। ਮੈਂ ਇਸ ਦੇ ਲਈ ਕਾਫੀ ਉਤਸ਼ਾਹਤ ਹਾਂ।" ਉਨ੍ਹਾਂ ਨੇ ਦੱਸਿਆ ਕਿ ਲੋਕਾਂ ਨੂੰ ਇਸ ਫਿਲਮ ਵਿੱਚ ਇਮਾਨਦਾਰੀ, ਸਰਲਤਾ ਅਤੇ ਤਿੰਨ ਜਣਿਆਂ ਦਾ ਸੰਘਰਸ਼ ਬਹੁਤ ਪਸੰਦ ਆਇਆ। ਨਾਲ ਹੀ ਇਸ ਦੌਰਾਨ ਹੋਏ ਹਿਊਮਰ ਨੂੰ ਵੀ ਪਸੰਦ ਕੀਤਾ ਗਿਆ। ਉਨ੍ਹਾਂ ਨੇ ਕਿਹਾ, "ਮੈਨੂੰ 'ਫਿਰ ਹੇਰਾ ਫੇਰੀ' ਯਾਨੀ ਫਿਲਮ ਦਾ ਦੂਸਰਾ ਭਾਗ ਓਨਾ ਵਧੀਆ ਨਹੀਂ ਲੱਗਾ, ਪਰ ਮੈਂ ਪਹਿਲੇ ਭਾਗ ਨੂੰ ਖੂਬ ਇੰਜੁਆਏ ਕੀਤਾ। ਇਸ ਵਿੱਚ ਪ੍ਰਿਯਦਰਸ਼ਨ ਦਾ ਕਮਾਲ ਸੀ।" ਸੁਨੀਲ ਸ਼ੈੱਟੀ ਨੂੰ ਸਾਲ 2017 ਵਿੱਚ ਫਿਲਮ 'ਅ ਜੈਂਟਲਮੈਨ' ਵਿੱਚ ਦੇਖਿਆ ਗਿਆ ਸੀ।

# ਰਿਚਾ ਨੇ ਸੋਸ਼ਲ ਮੀਡੀਆ ਤੋਂ ਬਣਾਈ ਦੂਰੀ



ਫਿਲਮੀ ਸਿਤਾਰਿਆਂ ਦੇ ਲਈ ਆਪਣੇ ਪ੍ਰਸ਼ੰਸਕਾਂ ਨਾਲ ਸਿੱਧੇ ਸੰਪਰਕ ਸਾਧਣ ਦੇ ਲਈ ਸੋਸ਼ਲ ਮੀਡੀਆ ਬਿਹਤਰੀਨ ਰਾਹ ਬਣ ਗਿਆ ਹੈ, ਪਰ ਸੋਸ਼ਲ ਮੀਡੀਆ 'ਤੇ ਸਰਗਰਮ ਰਹਿਣ ਲਈ ਉਥੇ ਕਾਫੀ ਸਮਾਂ ਵੀ ਦੇਣਾ ਪੈਂਦਾ ਹੈ। ਕਈ ਵਾਰ ਸੋਸ਼ਲ ਮੀਡੀਆ 'ਤੇ ਕੀਤੀ ਗਈ ਪੋਸਟ ਨਾਲ ਟਰੋਲਿੰਗ ਦਾ ਸ਼ਿਕਾਰ ਵੀ ਹੋਣਾ ਪੈਂਦਾ ਹੈ। ਰਿਚਾ ਚੱਢਾ ਸਮਾਜਿਕ ਮੁੱਦਿਆਂ ਨੂੰ ਲੈ ਕੇ ਅੱਗੇ ਰਹੀ ਹੈ, ਪਰ ਆਪਣੀਆਂ ਫਿਲਮਾਂ ਦੇ ਕਾਰਨ ਉਸ ਨੇ ਵੀ ਕੁਝ ਸਮੇਂ ਲਈ ਸੋਸ਼ਲ ਮੀਡੀਆ ਤੋਂ ਦੂਰੀ ਬਣਾ ਲਈ ਹੈ। ਉਸ ਨੇ ਇੰਸਟਾਗ੍ਰਾਮ ਅਤੇ ਟਵਿੱਟਰ 'ਤੇ ਪੋਸਟ ਕੀਤੇ ਵੀਡੀਓ ਵਿੱਚ ਆਪਣੇ ਪ੍ਰਸ਼ੰਸਕਾਂ ਨੂੰ ਸੂਚਿਤ ਕੀਤਾ ਹੈ ਕਿ ਉਹ ਥੋੜ੍ਹੇ ਸਮੇਂ ਪਿੱਛੋਂ ਵਾਪਸੀ ਕਰੇਗੀ। ਆਪਣੇ ਵੀਡੀਓ ਵਿੱਚ ਰਿਚਾ ਨੇ ਕਿਹਾ ਕਿ ਚੋਣਾਂ ਦੇ ਸਮੇਂ ਸੋਸ਼ਲ ਮੀਡੀਆ ਕਾਫੀ ਜ਼ਹਿਰੀਲਾ ਹੁੰਦਾ ਹੈ। ਰਿਚਾ ਉਨ੍ਹਾਂ ਚੋਣਵੀਆਂ ਹਸਤੀਆਂ ਵਿੱਚੋਂ ਇੱਕ ਹੈ, ਜੋ ਸਮਾਜਕ ਮੁੱਦਿਆਂ 'ਤੇ ਆਪਣੀ ਰਾਏ ਬੇਬਾਕੀ ਨਾਲ ਰੱਖਦੀਆਂ ਹਨ। ਮੰਨਿਆ ਜਾ ਰਿਹਾ ਹੈ ਕਿ ਸੋਸ਼ਲ ਮੀਡੀਆ 'ਤੇ ਕੰਗਨਾ ਰਣੌਤ ਦੀ ਭੈਣ ਰੰਗੋਲੀ ਚੰਦੇਲ ਦੇ ਨਾਲ ਤਣਾਅ ਤੋਂ ਬਚਣ ਦੇ ਲਈ ਰਿਚਾ ਨੇ ਸੋਸ਼ਲ ਮੀਡੀਆ ਤੋਂ ਦੂਰੀ ਬਣਾਈ ਹੈ। ਰੰਗੋਲੀ ਆਪਣੀ ਭੈਣ ਨੂੰ ਲੈ ਕੇ ਹੋਣ ਵਾਲੀਆਂ ਟਿੱਪਣੀਆਂ 'ਤੇ ਕਈ ਕਲਾਕਾਰਾਂ 'ਤੇ ਤਿੱਖੇ ਹਮਲੇ ਕਰ ਚੁੱਕੀ ਹੈ।

ਰਿਚਾ ਸਪੱਸ਼ਟ ਕਰ ਚੁੱਕੀ ਹੈ ਕਿ ਉਹ ਜਨਤਕ ਤੌਰ 'ਤੇ ਕਿਸੇ ਖਿਲਾਫ ਕੁਝ ਨਹੀਂ ਬੋਲੇਗੀ। ਕੰਗਨਾ ਨੇ ਆਲੀਆ ਭੱਟ ਦੀ ਐਕਟਿੰਗ ਦੀ ਵੀ ਆਲੋਚਨਾ ਕੀਤੀ ਸੀ, ਪਰ ਉਸ ਨੇ ਉਸ 'ਤੇ ਸਹਿਜਤਾ ਨਾਲ ਜਵਾਬ ਦਿੱਤਾ। ਹਾਲ ਹੀ ਵਿੱਚ ਕਾਮੇਡੀਅਨ ਮਲਿਕਾ ਦੁਆ ਨੇ ਵੀ ਆਪਣਾ ਟਵਿੱਟਰ ਅਕਾਊਂਟ ਡੀਐਕਟੀਵੇਟ ਕਰ ਦਿੱਤਾ ਸੀ।

# ਡਾਇਨਾ ਨਹੀਂ ਟਰੋਲਸ ਦੀ ਪ੍ਰਵਾਹ ਕਰਦੀ

ਡਾਇਨਾ ਪੇਂਟੀ ਦੇ ਇੰਸਟਾਗ੍ਰਾਮ 'ਤੇ ਲੱਖਾਂ ਫਾਲੋਅਰਸ ਹਨ, ਜੋ ਉਸ ਦੀ ਹਰ ਪੋਸਟ ਨੂੰ ਖੂਬ ਪਸੰਦ ਕਰਦੇ ਹਨ ਤੇ ਉਸ ਦੀ ਹਰ ਫੋਟੋ ਉਤੇ ਲੱਖਾਂ ਲਾਈਕਸ ਤੇ ਕੁਮੈਂਟਸ ਵੀ ਆਉਂਦੇ ਹਨ, ਪਰ ਉਹ ਸੋਸ਼ਲ ਮੀਡੀਆ 'ਤੇ ਅਕਸਰ ਆਪਣੇ ਸਰਨੇਮ ਨੂੰ ਲੈ ਕੇ ਵੀ ਟ੍ਰੋਲ ਹੁੰਦੀ ਰਹੀ ਹੈ, ਪਰ ਇਸ ਨਾਲ ਉਸ ਨੂੰ ਕੋਈ ਫਰਕ ਨਹੀਂ ਪੈਂਦਾ। ਉਹ ਕਹਿ ਚੁੱਕੀ ਹੈ, "ਕੁਝ ਲੋਕ ਸਿਰਫ ਤੁਹਾਡਾ ਮਜ਼ਾਕ ਉਡਾਉਣ ਜਾਂ ਤੁਹਾਨੂੰ ਨੀਵਾਂ ਦਿਖਾਉਣ ਲਈ ਟ੍ਰੋਲ ਕਰਦੇ ਹਨ। ਗੱਲ ਜਦੋਂ ਵਧ ਜਾਂਦੀ ਹੈ ਤਾਂ ਮੈਂ ਅਜਿਹੇ ਲੋਕਾਂ ਨੂੰ ਬਲਾਕ ਕਰਨਾ ਪਸੰਦ ਕਰਦੀ ਹਾਂ।" ਪਰਦੇ 'ਤੇ ਉਸ ਨੂੰ ਇੰਟੀਮੇਟ ਸੀਨ ਕਰਨਾ ਤੇ ਬਿਕਨੀ ਪਹਿਨਣਾ ਪਸੰਦ ਨਹੀਂ। ਉਹ ਕਹਿੰਦੀ ਹੈ, "ਮੇਰੀਆਂ ਕੁਝ ਲਿਮਿਟਸ ਹਨ, ਮੈਂ ਹੱਦ ਤੱਕ ਰਹਿਣਾ ਚਾਹੁੰਦੀ ਹਾਂ। ਮੈਨੂੰ ਕੰਫਰਟੇਬਲ ਡ੍ਰੈੱਸ ਹੀ ਪਸੰਦ ਹੈ। ਕੈਜ਼ੁਅਲ ਆਊਟਫਿਟ ਪਹਿਨਦੀ ਹਾਂ। ਬਿਕਨੀ ਮੇਰੇ ਕੰਫਰਟ ਜ਼ੋਨ ਤੋਂ ਬਾਹਰ ਹੈ।" ਖਾਣ-ਪੀਣ ਵਿੱਚ ਉਸ ਨੂੰ ਚਾਕਲੇਟ ਤੋਂ ਇਲਾਵਾ ਕੋਰੀਅਨ ਤੇ ਥਾਈ ਫੂਡ ਨਾਲ ਲਾਈਮ ਜੂਸ ਪਸੰਦ ਹੈ। ਡਾਇਨਾ ਕਹਿੰਦੀ ਹੈ, "ਮੈਂ ਖਾਣ ਲਈ ਹੀ ਜਿਊਂਦੀ ਹਾਂ, ਕਦੇ ਮੌਕਾ ਮਿਲਿਆ ਤਾਂ ਇੱਕ ਰੈਸਟੋਰੈਂਟ ਜ਼ਰੂਰ ਖੋਲ੍ਹਾਂਗੀ।"



ਪਿੱਛੇ ਜਿਹੇ ਡਾਇਨਾ ਨੇ ਕਾਨਸ ਫਿਲਮ ਫੈਸਟੀਵਲ ਦੇ ਰੈਡ ਕਾਰਪੈਟ 'ਤੇ ਡੈਬਿਊ ਕੀਤਾ ਹੈ। ਉਥੇ ਪਹਿਲੀ ਵਾਰ ਆਪਣੀ ਫੈਸ਼ਨ ਸੈਂਸ ਤੇ ਖੂਬਸੂਰਤੀ ਦਾ ਝੰਡਾ ਲਹਿਰਾਉਣ ਬਾਰੇ ਉਹ ਕਾਫੀ ਰੋਮਾਂਚਿਤ ਹੈ। ਗੋਲਡਨ ਰੰਗ ਦੀ ਬਹੁਤ ਹੀ ਗਲੈਮਰਸ ਡਰੈਸ 'ਚ ਉਸ ਨੇ ਉਥੇ ਸਾਰਿਆਂ ਦਾ ਧਿਆਨ ਖਿੱਚਿਆ। ਕਾਨਸ ਵਿੱਚ ਪਹਿਲੀ ਵਾਰ ਹਿੱਸਾ ਲੈਣ ਬਾਰੇ ਉਸ ਨੇ ਕਿਹਾ, "ਭਾਰਤ ਨੇ ਕੁਝ ਹੀ ਸਾਲਾਂ ਵਿੱਚ ਮੰਨੇ-ਪ੍ਰਮੰਨੇ ਕਾਨਸ ਫਿਲਮ ਉਤਸਵ ਵਿੱਚ ਬਹੁਤ ਮਾਨਤਾ ਤੇ ਪ੍ਰਸ਼ੰਸਾ ਪ੍ਰਾਪਤ ਕੀਤੀ ਹੈ ਅਤੇ ਮੈਂ ਵੀ ਇਸ ਸਾਲ ਇਸ ਦਾ ਹਿੱਸਾ ਬਣਨ 'ਤੇ ਬਹੁਤ ਉਤਸ਼ਾਹਤ ਹਾਂ।" ਦਿਨੇਸ਼ ਵਿਜ਼ਨ ਦੀ ਅਗਲੀ ਇੱਛਾਵਾਦੀ ਫਿਲਮ 'ਸ਼ਿੱਦਤ-ਜਰਨੀ ਬਿਯਾਂਡ ਲਵ' ਲਈ ਡਾਇਨਾ ਨੂੰ ਸਾਈਨ ਕੀਤਾ ਗਿਆ ਹੈ। ਇਸ ਵਿੱਚ ਉਹ ਸਨੀ ਕੌਸ਼ਲ, ਰਾਧਿਕਾ ਮਦਾਨ ਤੇ ਮੋਹਿਤ ਰੈਨਾ ਵਰਗੇ ਸਿਤਾਰਿਆਂ ਨਾਲ ਨਜ਼ਰ ਆਏਗੀ। ਫਿਲਮ ਵਿੱਚ ਮੋਹਿਤ ਦੇ ਆਪੋਜ਼ਿਟ ਡਾਇਨਾ ਹੋਵੇਗੀ ਤਾਂ ਸਨੀ ਦੇ ਆਪੋਜ਼ਿਟ ਰਾਧਿਕਾ ਨਜ਼ਰ ਆਏਗੀ।






Tri-City Professional Realty Inc., Brokerage
Number 1 Tri-City agent in Canada on basis of sales volume 2015

ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ 31 ਸਾਲਾ ਤਜਰਬੇ ਵਾਲੇ

- Free Evaluation of your Property
- Special Packages for First Time Buyer
- Arrangement of Low Mortgage rate Lawyer
- Arrangement of Home Inspection

ਅਵਤਾਰ ਸਿੰਘ ਟਿਵਾਣਾ
ਫੋਨ: 416 802 5866
Tel: 905.793.5777



31 Melanie Dr. Unit #4 Brampton, ON L6T 5H8
Avtar Singh Tiwana
Sales Rep.

FOR SALE — Photo Not Available — $129,900
**Darcel/Brandon Gate**
ਬਹੁਤ ਹੀ ਵਧੀਆ ਲੋਕੇਸ਼ਨ ਤੇ, ਵੈਸਟ ਵੁਡ ਮਾਲ ਵਿੱਚ ਕਾਂਡੋ ਯੂਨਿਟ ਸੇਲ ਲਈ, ਅੱਜ ਹੀ ਆਪਣਾ ਕਾਰੋਬਾਰ ਸ਼ੁਰੂ ਕਰੋ ਤੇ ਰੈਂਟ ਬਚਾਓ।

FOR SALE — $969,900
**Sandalwood/ Sunny Meadow**
5 ਬੈਡਰੂਮ, 4 ਵਾਸ਼ਰੂਮ ਦਾ ਡਬਲ ਸਟੋਰੀ ਦੇ ਡਿਟੈਚਡ ਘਰ ਨੂੰ 2 ਬੈਡਰੂਮ ਫੀਨਿਸ਼ਡ ਬੈਸਮੈਂਟ। ਸੇਪਰੇਟ ਲਿਵਿੰਗ ਤੇ ਡਾਇਨਿੰਗ ਰੂਮ, ਸਟੇਨਲੈਸ ਸਟੀਲ ਅਪਲਾਇੰਸਸ, ਸਕੂਲ, ਬਸਾਂ ਆਦਿ ਦੇ ਨੇੜੇ।

FOR SALE — $799,900
**Chinguacousy/Sandalwood**
5 ਬੈਡਰੂਮ + 3 ਵਾਸ਼ਰੂਮ ਦਾ ਬਹੁਤ ਹੀ ਸੋਹਣਾ ਸੈਮੀ ਡੀਟੈਚਡ, ਡਬਲ ਸਟੋਰੀ ਘਰ, ਹਾਰਡਵੁਡ ਫਲੋਰ, ਡਬਲ ਡੋਰ ਗਰਾਜ, ਸਕੂਲ, ਬੱਸ ਸਟਾਪ, ਜਿਮ ਆਦਿ ਸਹੂਲਤਾਂ ਦੇ ਨੇੜੇ।

FOR SALE — $3,249,000
**Niagara Falls Ontario**
ਕਾਰੋਬਾਰ ਲਈ ਬਹੁਤ ਹੀ ਵਧੀਆ ਲੋਕੇਸ਼ਨ ਤੇ, ਬੀਜ਼ੀ ਪਲਾਜ਼ਾਂ ਅਤੇ ਹਾਈ ਟਰੈਫਕ ਫਲੋ, ਰੈਨੋਵੇਟਡ ਮੋਟਲ। ਨਾਈਗਰਾ ਫਾਲ ਦੇ ਨੇੜੇ, 49 ਰੂਮ ਤੇ ਹਰ ਰੂਮ ਵਿਚ ਟੀਵੀ, ਇੰਟਰਨੈਟ, ਫਰੀਜ਼, ਮਾਈਕਰੋਵੇਵ ਅਤੇ ਵਾਸ਼ਰੂਮ ਆਦਿ ਸਹੂਲਤਾਂ।

# TCMPLUS

10 YEARS' FAMOUS TRADITIONAL CHINESE MEDICINE CLINIC

Herbal and Acupuncture.
Treat your roots, Real Result "NO FAKE".

**WE TREAT:**

- ✔ Diabetes
- ✔ Low Energy
- ✔ Depression
- ✔ Anxiety
- ✔ Gout
- ✔ Disc Pain
- ✔ Prostatitis
- ✔ High Blood Pressure
- ✔ Cron's Disease
- ✔ Colitis
- ✔ Stress
- ✔ Acid Reflux
- ✔ Digestive
- ✔ Sleep Disorder

1st Month Discount

FREE CONSULTATION: 905-415-6999
30 Wertheim court, Unit 11, Richmond Hill

ਮੰਨ ਪਸੰਦ ਦੀ ਕਿਚਨ ਤੇ ਵਾਸ਼ਰੂਮ ਬਣਵਾਓ

# PEARSON
KITCHEN CABINET

Free Estimate
We Specialize in granite, quartz & marble countertops

Special Discount for Contractors | Buy Direct From The Factory

100% Satisfaction On Time

KITCHEN CABINET
WASHROOM

ਵਾਜਿਬ ਦਾਮ ਤੇ ਸਮੇਂ ਸਿਰ ਕੰਮ

- Kitchen Cabinets..................(Maple, Oak, MDF)
- All Types of Counter Tops...(Marble, Granite, Quartz, etc.)
- All Types of Tiles..................(Porch Line, Matt) all sizes available.
- Hardwood & Laminate
- Installation of Shower / Standing Shower / Vanities & Tubs.
- We Install Pot Lights
- Paint Job with Kitchen/Washroom Installation
- All Types of Range Hoods....(Heavy Duty, etc)
- Custom Office Counters & Bar Installation

Vikramjit Sangha: 416-200-0931

271 - Glidden Rd. Unit#5, Brampton (Kennedy&Glidden)

# Dr. Randhawa Dentistry

*Your own dentist who really cares for you*

**We Provide the following Services:**

- Dental Crowns, Veneers & Bridges
- Dental Fillings & Gum Treatment
- Root Canal (RCT), Dentures, Extraction
- Kids Dentistry
- Wisdom Tooth Surgery
- Invisalign (Invisible Braces)
- Digital X-Rays System
- Teeth Cleaning & Whitening
- Cosmetic Dental Treatment

Dr. Samreet Kaur Randhawa
General Family Dentist


New Patients welcome
Deal Directly with all Insurance Companies

- ਸੀਨੀਅਰ ਡਿਸਕਾਊਂਟ
- ਅਸੀਂ ਤੁਹਾਡੀ ਭਾਸ਼ਾ ਬੋਲਦੇ ਹਾਂ
- ਐਮਰਜੈਂਸੀ ਅਤੇ ਵਾਕ ਇਨ ਸੇਵਾਵਾਂ

INVISALIGN & BRACES INCLUDING CLEAR BRACES
Invisible Braces ਜਿਹੜੀਆਂ ਕਿ ਦੂਰੋਂ ਨਜਰ ਨਹੀਂ ਆਉਂਦੀਆਂ
Show Your Smile More With Invisible Braces!

**NEW LOCATION**
10 SQUIRE ELLIS DR, UNIT 5-6
BRAMPTON, ON L6P 4K6
(MAJOR INTERSECTION: GORE RD/MAYFIELD)
Tel :905-794-5111

**FIRST LOCATION**
DENTISTRY @ BONNIE BRAES
50 CHESTERWOOD CRES, UNIT 2
BRAMPTON, ON L6Y 0Z4
(OPP. CHRUCHVILLE PUBLIC SCHOOL, JAMES POTTER / BONNIE BRAES INTERSECTION)
Tel : 905-230-9044




# ASIAN FOOD CENTRE



SERVING FROM 10 LOCATIONS
IN ALL THE GTA AREA:

1. 621 Wanless drive unit 122 Brampton ON L7A 0A9 ............ 905-495-3336
2. 80 Pertosa Drive Brampton ON L5X-5E9 ............ 905-460-0009
3. 2120 North park drive Brampton ON L6S 0C9 ............ 905-793-1338
4. 284 Orenda Road #13 Brampton ON L6T 5S3 ............ 905-450-9167
5. 10 Westmore Drive Etobicoke ON M9V-3Z7 ............ 416-740-3262
6. 1075 Ceremonial Drive Mississauga ON L5R-2Z4............ 905-502-1600
7. 308 Eddystone Ave North York ON M3N-1H7 ............ 416-740-3360
8. 10510 Torbram Road, Brampton ............ 905-790-0030
9. 10 Pannahill Dr, Brampton ............ 905 913-8017
10. 21 Lacoste Blvd, Brampton, ON L6P 2K2 ............ 905 794-8109



